20

# Punjab Vidhan Sabha Debates

*13th March, 1986*

**Vol. II-No. 9**

OFFICIAL REPORT

Chief Reporter
Punjab Vidhan Sabha
Chandigarh

## CONTENTS

Thursday, the 13th March, 1986


| | |
|---|---|
| Starred Questions and Answers | (9) 1 |
| Unstarred Questions and Answers | (9)33 |
| Walk-Out | (9)50 |
| Legislative Business— | |
| The Code of Criminal Procedure (Amendment) Bill, 1986 (Withdrawn) | (9)50 |
| RESOLUTIONS : | |
| (i) Re. Taking of steps for the enforcement of a Crop Insurance Scheme | (9)52 |


Punjab Vidhan Sabha Secretariat, Chandigarh.

**Price : Rs.**

*Original with;*
Punjab Vidhan Sabha
*Digitized by;*
Panjab Digital Library

(ii) Re. Taking of effective steps to implement the programme of Adult Education. (9)65

(iii) Re. Taking of steps to prepare a Master Plan to tackle the problem of floods and water-logging in the State (9)73

APPENDIX (i)

*Original with;*
Punjab Vidhan Sabha
*Digitized by;*
Panjab Digital Library

*ERRATA*

To

PUNJAB VIDHAN SABHA DEBATES,
Vol. II No. 9 Dated 13-3-1986.

| *Read* | *For* | *Page* | *Line* |
|---|---|---|---|
| Concessional | Concessiona | (9)3 | 3rd from below |
| Sangrur | Sang | (9)7 | 1 |
| Punjab | unjab | (9)9 | 4th from below |
| ਬਕਾਇਆ ਵਸੂਲਣ ਲਈ ਕਾਰਵਾਈ ਜਾਰੀ ਹੈ। | ਉਹੀ | (9)38 | 16 |
| ਦਾ | ਜਾ | (9)46 | 7 |
| ਇਸ | ਇਮ | (9)51 | 11th from below |
| ਸਰਕਾਰ | ਰਸਕਾਰ | (9)57 | 16 |
| ਡਿਊਟੀਜ਼ | ਡਿਊਟਜ਼ੀ | (9)69 | 8 |
| water logging in the | water loging ihe | (9)73 | 12 |
| water logging | water loggiag | (9)74 | 22 |
| and | aad | (9)74 | 23 |
| ਗੁਰਬ੍ਰਿੰਦਰ | ਗੁਰਬਿੰਦਰ | (9)78 | 4 |
| as ordered | order | (9)78 | 1st from below |
| ਮਸਲੇ | ਮਸਲ | (9)82 | 11th from below |
| ਪਾਣੀ | ਪਾਲੀ | (9)89 | 5 |
| 13th March, 1986 | 13th March, 1987 | (9)90 | Heading |
| ਮਾੜੀ | ਮਾਤੀ | (9)90 | 10 |
| ਵਿਚ | ਫਿਚ | (9)92 | 2 |
| ਐਕਸਪੰਕਸ਼ਨ | ਐਕਸਪੇਕਸ਼ਨ | (9)92 | 2 |

*Original with;*
Punjab Vidhan Sabha
*Digitized by;*
Panjab Digital Library

Original with;
Punjab Vidhan Sabha
Digitized by;
Punjab Digital Library

# PUNJAB VIDHAN SABHA

Thursday, the 13th March, 1986

*The Vidhan Sabha met in the Punjab Vidhan Sabha Hall, Vidhan* ***Bhavan****, Chandigarh, at 9.00 A.M. of the Clock. Mr. Speaker (Sardar* ***Ravi*** *Inder Singh) in the Chair.*

---

## STARRED QUESTIONS AND ANSWERS

### Purchase of a Plot by the Punjab School Education Board

***255, Shri Harnam Dass Johar, Advocate :** Will the Minister for Education be pleased to state—

(a) whether it is a fact that the Punjab School Education Board has purchased a plot of land at S.A.S. Nagar; if so, when;

(b) the estimated amount to be spent on the construction of building on the said plot;

(c) the amount paid by the Board as the rent for buildings in which its offices are located, during the years 1983-84, 1984-85 and 1985-86 (up-to-date) ;

(d) the reasons for not constructing the building on the plot mentioned in part (a) above so far ?

**ਸਰਦਾਰ ਸੁਖਜਿੰਦਰ ਸਿੰਘ :** (ੲ) ਪੰਜਾਬ ਸਕੂਲ ਸਿੱਖਿਆ ਬੋਰਡ ਨੇ 8.10 ਏਕੜ ਭੋਂ ਦਾ ਇਕ ਪਲਾਟ ਫੇਜ਼ 8 ਐਸ.ਏ.ਐਸ. ਨਗਰ ਵਿਖੇ ਡਾਇਰੈਕਟਰ ਮਕਾਨ ਅਤੇ ਸ਼ਹਿਰੀ ਵਿਕਾਸ ਵਿਭਾਗ; ਪੰਜਾਬ ਵੱਲੋਂ ਅਲਾਟ ਹੋਣ ਤੇ ਖਰੀਦ ਕੀਤਾ ਹੈ । ਅਜਿਹਾ ਅਗਸਤ, 1983 ਵਿਚ ਕੀਤਾ ਗਿਆ ।

(ਬੀ) ਹਾਲੇ ਤੱਕ ਕੋਈ ਅਨੁਮਾਨ ਨਹੀਂ ਬਣਾਏ ਗਏ ।

(ਸੀ) ਦਿੱਤੇ ਗਏ ਕਿਰਾਏ ਦਾ ਸਾਲ ਵਾਰ ਵੇਰਵਾ ਹੇਠਾਂ ਦਿੱਤੇ ਅਨੁਸਾਰ ਹੈ--

| | | |
|---|---|---|
| 1983-84 | ਰੁ: | 13,76,944.56 |
| 1984-85 | ਰੁ: | 15,95,569.37 |
| 1985-86 | ਰੁ: | 15,82,707.39 (ਅੱਜ ਦੀ ਮਿਤੀ ਤੱਕ) |

(ਡੀ) ਹਵਾਲਾ ਅਧੀਨ ਭੂਮੀ ਦਾ ਵਿਕਾਸ ਲੋਕ ਨਿਰਮਾਣ ਵਿਭਾਗ (ਭਵਨ ਤੇ ਮਾਰਗ) ਅਤੇ ਲੋਕ ਨਿਰਮਾਣ ਵਿਭਾਗ (ਜਨ ਸਿਹਤ) ਵਲੋਂ ਅਜੇ ਤਕ ਮੁਕੰਮਲ ਨਹੀਂ ਕੀਤਾ ਗਿਆ । ਇਮਾਰਤ ਦੇ ਕੰਟਰੋਲ ਡਿਜ਼ਾਈਨ ਅਤੇ ਮਕਾਨ ਤੇ ਸ਼ਹਿਰੀ ਵਿਕਾਸ ਵਿਭਾਗ ਵੱਲੋਂ ਪ੍ਰਵਾਨ ਨਹੀਂ ਕੀਤੇ ਗਏ । ਸੋ ਇਮਾਰਤ ਉਸਾਰੀ ਦਾ ਕੰਮ ਨਹੀਂ ਆਰੰਭਿਆ ਜਾ ਸਕਿਆ ।

Original with;
Punjab Vidhan Sabha
Digitized by;
Panjab Digital Library

ਸ੍ਰੀ ਹਰਨਾਮ ਦਾਸ ਜੌਹਰ, ਐਡਵੋਕੇਟ : ਸਪੀਕਰ ਸਾਹਿਬ, ਹੁਣ ਤਕ 46 ਲੱਖ ਰੁਪਏ ਦੇ ਕਰੀਬ ਕਿਰਾਏ ਦਾ ਦਿੱਤਾ ਗਿਆ ਹੈ 3 ਸਾਲਾਂ ਵਿਚ ਇਸ ਬਿਲਡਿੰਗ ਵਾਸਤੇ । ਪਰ ਹਾਲੇ ਤਕ ਅਨੁਮਾਨ ਨਹੀਂ ਲਗਾਇਆ ਗਿਆ ਕਿ ਜਿਹੜੀ ਬਿਲਡਿੰਗ ਬਣਾਈ ਜਾਵੇਗੀ ਉਸ ਤੇ ਕੀ ਖਰਚ ਆਉਣਾ ਹੈ। ਨਾਲ ਹੀ ਉਨ੍ਹਾਂ ਨੇ ਇਹ ਵੀ ਨਹੀਂ ਦੱਸਿਆ ਕਿ ਇਹ ਕਦੋਂ ਤਕ ਬਣੇਗੀ । ਮੈਂ ਤੁਹਾਡੇ ਰਾਹੀਂ ਪੁੱਛਣਾ ਚਾਹਾਂਗਾ ਕਿ ਇਹ ਬਿਲਡਿੰਗ ਕਦੋਂ ਤਕ ਬਣ ਜਾਵੇਗੀ ਔਰ ਉਸ ਤੇ ਕਿੰਨਾ ਖਰਚ ਆਏਗਾ ? ਇਨ੍ਹਾਂ ਨੇ ਕਿਹਾ ਹੈ ਕਿ ਨਕਸ਼ਾ ਪਾਸ ਨਹੀਂ ਹੋਇਆ । ਪਰ ਜਿਹੜਾ ਨਕਸ਼ਾ ਬਣਾਇਆ ਹੈ ਉਸ ਤੋਂ ਇਹ ਤਾਂ ਐਸਟੀਮੇਟ ਬਣਾਇਆ ਹੋਵੇਗਾ ਕਿ ਕਿੰਨਾ ਖਰਚਾ ਹੋਵੇਗਾ ?

ਮੰਤਰੀ : ਸਪੀਕਰ ਸਾਹਿਬ, ਇਹ ਮਾਮਲਾ ਬੜਾ ਹੀ ਗੰਭੀਰ ਹੈ। ਸਾਈਟ ਸਿਲੈਕਟ ਕਰਨ ਵਾਸਤੇ ਵਾਦ-ਵਿਵਾਦ ਚਲਦਾ ਰਿਹਾ ਹੈ । ਕਾਫੀ ਵਿਚਾਰ ਕਰਨ ਤੋਂ ਬਾਅਦ ਅਲਟੀਮੇਟਲੀ ਜਗ੍ਹਾ ਲੈਣ ਦਾ ਫੈਸਲਾ ਹੋ ਗਿਆ। ਹੁਣ ਉਸ ਨੂੰ ਮੁਕੰਮਲ ਕਰਨ ਵਾਸਤੇ ਕਾਫੀ ਪੈਸੇ ਦੀ ਲੋੜ ਹੈ ਔਰ ਕਾਫੀ ਪਲੈਨਿੰਗ ਦੀ ਲੋੜ ਹੈ ਕਿਉਂਕਿ ਸਿਖਿਆ ਬੋਰਡ ਦਾ ਵਿਕਾਸ ਔਰ ਹੋਰ ਕਈ ਪਰਾਬਲਮਜ਼ ਇਕੱਠੀਆਂ ਹੋ ਰਹੀਆਂ ਹਨ । ਜਿਥੋਂ ਤਕ ਕਿਰਾਏ ਦਾ ਸਬੰਧ ਹੈ, ਇਹ ਗਲ ਠੀਕ ਹੈ ਕਿ ਕਾਫੀ ਹਿਊਜ਼ ਅਮਾਉਂਟ ਦੇਣੀ ਪੈਂਦੀ ਹੈ । ਇਸ ਕਰਕੇ ਸਰਕਾਰ ਜਲਦੀ ਪ੍ਰਬੰਧ ਕਰ ਰਹੀ ਹੈ। ਮੁਕੰਮਲ ਇਨਫਰਮੇਸ਼ਨ ਇਸ ਤੋਂ ਜ਼ਿਆਦਾ ਨਹੀਂ ਦੇ ਸਕਦਾ। ਹਾਲਾਤ ਐਸੇ ਹਨ।

ਸ੍ਰੀ ਹਰਨਾਮ ਦਾਸ ਜੌਹਰ, ਐਡਵੋਕੇਟ : ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਸ ਦਾ ਕਾਰਨ ਇਹ ਤਾਂ ਨਹੀਂ ਕਿ ਇਸ ਬਿਲਡਿੰਗ ਦਾ ਮਾਲਕ ਇਨਫਲੂਐਂਸ਼ਲ ਪਰਸਨ ਹੈ ਜਿਸ ਕਰਕੇ ਸ਼ੰਕਾ ਪੈਦਾ ਹੋ ਰਹੀ ਹੈ ਔਰ ਇਹ ਕੰਮ ਅੱਗੇ ਵੱਧ ਨਹੀਂ ਰਿਹਾ ਔਰ ਆਪਣੀ ਬਿਲਡਿੰਗ ਨਹੀਂ ਬਣਾਈ ਜਾ ਰਹੀ ।

ਮੰਤਰੀ : ਮੇਰੀ ਨਾਲਜ ਵਿਚ ਨਹੀਂ ਹੈ ।

ਸ੍ਰੀ ਓਮ ਪ੍ਰਕਾਸ਼ ਗੁਪਤਾ (ਬੈਠੇ ਬੈਠੇ) : ਇਸ ਦਾ ਮਾਲਕ ਕੌਣ ਹੈ ?

ਮੰਤਰੀ : ਇਹ ਵਖਰਾ ਸਵਾਲ ਕਰ ਲੈਣ, ਮੈਂ ਦੱਸ ਦੇਵਾਂਗਾ । ਇਸ ਦੀਆਂ ਇਕ ਜਗ੍ਹਾ 14 ਬਿਲਡਿੰਗਾਂ ਹਨ ਅਤੇ ਇਕ ਜਗ੍ਹਾ 9 ਬਿਲਡਿੰਗਾਂ ਹਨ। ਪਰ ਮੈਂ ਹੁਣ ਇਮਾਨਦਾਰੀ ਨਾਲ ਕਹਿੰਦਾ ਹਾਂ ਕਿ ਮੈਨੂੰ ਪਤਾ ਨਹੀਂ । ਇਹ ਵਖਰਾ ਸਵਾਲ ਕਰ ਲੈਣ ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਕਾਫੀ ਵੇਰਵਾ ਦਿੱਤਾ ਹੈ। ਇਹ ਪਿਛਲੀ ਸਰਕਾਰ ਦੀ ਨਾਅਹਲੀਅਤ ਹੈ ਕਿ ਨਵੀਂ ਬਿਲਡਿੰਗ ਬਣਾਉਣ ਲਈ ਕੋਈ ਸਟੈਪਸ ਨਹੀਂ ਲਏ । ਮੈਂ ਇਸ ਸਰਕਾਰ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਹਾਲੇ ਐਪਰੂਵਲ ਨਹੀਂ ਹੋਈ, ਇਸ ਨੂੰ ਬਣਾਉਣ ਲਈ, ਸ਼ੀਘਰ ਉਸਾਰੀ ਕਰਨ ਲਈ ਕੀ ਸਟੈਪਸ ਹੁਣ ਤਕ ਲਏ ਗਏ ਹਨ ਅਤੇ ਹੁਣ ਕਦੋਂ ਤਕ ਇਹ ਕੰਮ ਕਰ ਦੇਣਗੇ ?

ਮੰਤਰੀ : ਅਸੀਂ ਤਾਂ ਬਹੁਤ ਕੋਸ਼ਿਸ਼ ਕਰ ਰਹੇ ਹਾਂ । ਆਸ ਹੈ ਕਿ ਇਸ ਨੂੰ ਛੇਤੀ ਸ਼ੁਰੂ ਕਰਾਂਗੇ।

ਡਾਕਟਰ ਕੇਵਲ ਕ੍ਰਿਸ਼ਨ : ਮੈਂ ਇਹ ਜਾਣਨਾ ਚਾਹਵਾਂਗਾ ਕਿ ਬਿਲਡਿੰਗ ਕਿਰਾਏ ਤੇ ਕਿੰਨੇ ਤੇ ਲਈ ਗਈ ਸੀ ?

ਮੰਤਰੀ : ਇਹ ਦੁਬਾਰਾ ਪੁੱਛ ਲੈਣ, ਮੈਂ ਦੱਸ ਦੇਵਾਂਗਾ । ਇਹ ਇਨਫਰਮੇਸ਼ਨ ਹੈ ਨਹੀਂ।

Original with;
Punjab Vidhan Sabha
Digitized by;
Panjab Digital Library

ਨਿਸ਼ਾਨ ਵਾਲਾ ਪ੍ਰਸ਼ਨ ਨੰ: 256

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਹੋਇਆ।)

---

**Districts Declared Backward for Purpose of Industry**

*121. **Shri Sewa Ram Arora, :** Will the Minister for Finance be pleased to state:—

(a) the names of the districts declared backward for purposes of industry;

(b) the details of facilities being provided to the said districts and the details of industries being set up to develop these areas ?

**ਸਰਦਾਰ ਬਲਵੰਤ ਸਿੰਘ :** (ੳ) ਸਟੇਟਮੈਂਟ 'ੳ' ਵਿਚ ਰਾਜ ਦੇ ਪਛੜੇ ਇਲਾਕਿਆਂ ਦੀ ਸੂਚੀ ਸਦਨ ਦੀ ਟੇਬਲ ਤੇ ਰੱਖੀ ਜਾਂਦੀ ਹੈ। ਫਿਰ ਇਹ ਵਰਣਨਯੋਗ ਹੈ ਕਿ ਅੰਮ੍ਰਿਤਸਰ ਜ਼ਿਲ੍ਹੇ ਨੂੰ ਪੂੰਜੀ ਉਪਾਦਨ ਅਤੇ ਰਿਆਇਤੀ ਵਿੱਤ ਦਿਵਾਉਣ ਦੇ ਨਜ਼ਰੀਏ ਨਾਲ ਜੋ ਕਿ ਕੈਟੇਗਰੀ 'ਸੀ' ਜ਼ਿਲ੍ਹਿਆਂ ਨੂੰ ਦਿੱਤਾ ਜਾਂਦਾ ਹੈ, ਸਪੈਸ਼ਲ ਦਰਜਾ ਦਿੱਤਾ ਗਿਆ ਹੈ।

(ਅ) ਪਛੜਿਆਂ ਇਲਾਕਿਆਂ ਵਿਚ ਭਾਰਤ ਸਰਕਾਰ ਜਾਂ ਰਾਜ ਸਰਕਾਰ ਵਲੋਂ ਦਿਤੀਆਂ ਜਾ ਰਹੀਆਂ ਵਿਸ਼ੇਸ਼ ਸਹੂਲਤਾਂ ਦਾ ਵੇਰਵਾ ਸਟੇਟਮੈਂਟ 'ਅ' ਤੇ ਸਦਨ ਦੀ ਟੇਬਲ ਤੇ ਰੱਖਿਆ ਜਾਂਦਾ ਹੈ।

ਵੱਡੀਆ ਤੇ ਦਰਮਿਆਨੀਆਂ ਉਦਯੋਗਿਕ ਇਕਾਈਆਂ ਜੋ ਕਿ ਇਹਨਾਂ ਇਲਾਕਿਆਂ ਵਿਚ ਲਗਾਈਆਂ ਜਾ ਰਹੀਆਂ ਹਨ, ਦੀ ਸੂਚੀ, ਸਟੇਟਮੈਂਟ 'ੲ' ਤੇ ਸਦਨ ਦੀ ਟੇਬਲ ਤੇ ਰੱਖੀ ਜਾਂਦੀ ਹੈ

**STATEMENT 'A'**

The detail of backward areas declared by Central/State Government.

**Centrally declared Backward Areas :—**

(a) 'B' Category Districts.

1. District Hoshiarpur (Except block Hoshiarpur-II and Balachaur).
2. District Sangrur (Except Ahmedgarh Block).
3. Bhatinda (Except Bhatinda Urban).
4. Faridkot tehsil of District Faridkot.

(b) 'C' Category districts.

1 District of Ferozepur and Gurdaspur.

2. Amritsar, district with as special status for Capital subsidy and concessiona finances equivalent to category 'C' District eligible for State Incentive.

State declared backward areas including sub-mountaneous, bet and border areas.

Original with;
Punjab Vidhan Sabha
Digitized by;
Panjab Digital Library

[Finance Minister]

**Sub-Mountaneous Areas**

| Name of District | Name of Block | No. of Villages |
| --- | --- | --- |
| Ropar | Ropar | 145 |
| | Majri | 119 |
| | Kharar | 39 |
| | Anandpur Sahib | 128 |
| | Nurpur Bedi | 106 |
| Patiala | Dera-Bassi | 121 |
| **Bet Areas :—** | | |
| Ropar | Ropar | 18 |
| | Chamkour Sahib | 54 |
| Kapurthala | Nadala | 42 |
| | Kapurthala | 26 |
| | Sultanpur Lodhi | 57 |
| Patiala | Samana | 15 |
| | Bhuner Heri | 97 |
| | Ghanaur | 59 |
| | Rajpura | 25 |
| Ludhiana | Sidhwan Bet | 40 |
| | Machhiwara | 59 |
| | Mangat | 67 |
| Jalandhar | Aur | 23 |
| | Nawanshahar | 52 |
| | Nakodar | 24 |
| | Phillaur | 21 |
| | Nurmahal | 18 |
| | Shahkot | 61 |
| **Border Areas :—** | | |
| Amritsar | Whole District | |
| Gurdaspur | —Do— | |
| Ferozepur | —Do— | |
| **Other Backward Areas :** | | |
| Patiala | Bhuner Heri | 57 |
| | Samana | 123 |
| Kapurthala | Sultanpur Lodhi | 72 |
| | Kapurthala | 160 |
| Ropar | Chamkaur Sahib | 7 |
| | Ropar | 4 |
| Ludhiana | Machhiwara | 20 |
| | Sidhwan Bet | 13 |
| | Mangat | 57 |
| Jalandhar | Shahkot | 44 |
| | Nakodar | 7 |
| Faridkot | Moga and Muktsar tehsils | |

Original with;
Punjab Vidhan Sabha
Digitized by;
Panjab Digital Library

## STATEMENT 'B'

Details of facilities/incentives being provided in the Backward Areas.

1. Capital subsidy.

   (a) Central Government 15% subsidy with maximum of Rs. 15 lakh in 'B' category Areas.

   (b) Central Government 10% subsidy with maximum of Rs. 10 lakh in 'C' category Areas.

   (c) State Capital subsidy in border districts 5% with maximum of Rs. 5 lakh in addition to Central Government subsidy of 10%.

   (d) 15% State subsidy with maximum of Rs. 15 lakh in the State declared backward areas.

2. Concessional finances.
3. Income Tax concession under section 80 HH.
4. Land subsidy.
5. Interest subsidy to engineer entrepreneurs.
6. Subsidy on Feasibility Reports.
7. Seed Margin Money.
8. RIP/PA-P subsidy.
9. Re-imbursement of octroi and terminal tax.
10. Interest free loan.
11. Subsidy on Handicraft.

Original with;
Punjab Vidhan Sabha
Digitized by;
Panjab Digital Library

[Finance Minister]

STATEMENT 'C'

**Details of letter of intent granted for setting up of large and/ Medium Units in the backward areas of Punjab State**

| Serial No. | Licence No. & Date | Name of Unit/Organisation | Location | Item of Manufacturing | Capacity |
|---|---|---|---|---|---|
| 1 | 2 | 3 | 4 | 5 | 6 |
| | CATEGORY 'B | | | | |
| 1 | LI-74(80), dt. 8-4-80 .. | M/s Malwa Coop. Milk Production, Union | Sangrur | Milk Product | 966 tonnes |
| 2 | LI-99(81), dt. 17-3-81 | M/s Vinod Paper Mills | Malerkotla | Writing & Printing Papers | 10000 Tonnes |
| 3 | 312(81), dt. 23-5-81 .. | PSIDC | Sangrur | Sawing Machine Needles | 15 Million Nos. |
| 4 | 516(81), dt. 7-8-81 .. | Punjab Harman Steel (P) Ltd. | Sangrur | Cotton Seed Oil | 1300 MT. |
| 5 | 103(82), dt. 6-3-82 .. | PSIDC | Sangrur | Writing & Printing Papers | 33000 Tonnes |
| 6 | 732(81), dt. 11-12-81 .. | Sh. Balwant Singh 1035/27-B, Chandigarh | Malerkotla | (i) Patty Acid | 6000 Tonnes |
| | | | | (ii) Glycerine | 300 „ |
| 7 | 745(81), dt. 14-12-81 .. | Sh. Kulwinder Pal Singh, 2/27, East Punjabi Bagh, New Delhi | Sangrur | Complete Bicycles | 12 Lacs |
| 8 | 321(82), dt. 6-5-82 .. | R.C. Oswal, Spinning Fields College Road, Ludhiana | Sangrur | Mopeds | 1 lacs |
| 9 | 496(82), dt. 14-7-82 .. | Steel Strips Ltd., Malerkotla | Malerkotla Strips | Gold Rolled Carbon Steels | 21,750 Tonnes |
| 10 | 587(82), dt. 9-8-82 .. | M/s Raunaq & Co. | Sangrur | Writing & Printing Paper | 10,000 |
| 11 | 748(82), dt. 8-10-82 .. | PSIDC | Sangrur | High Fructose Syrup | 30,000 Tonnes |
| 12 | 724(82), dt. 29-9-82 .. | R.M.I., Rajpura | Malerkotla | OIS Cans | 87,020 Tonnes |

Original with;
Punjab Vidhan Sabha
Digitized by;
Panjab Digital Library

| | | | | | |
|---|---|---|---|---|---|
| 13 | 843(82), dt. 16-11-82 | .. PSIDC | Sang | Hydro Turbine & Generators | 20 Sets |
| 14 | 261(83), dt. 13-4-83 | .. PSIDC | Sangrur | (i) Tungston wire | 100 Million Units |
| | | | | (ii) Molybdenin wires | 5 Tonnes |
| 15 | 286(83), dt. 22-4-83 | .. PSIDC | Sangrur | Vitamin 'C' | 500 Tonnes |
| 16 | 288(83), dt. 23-4-83 | .. PSIDC | Sangrur | Nylon Filament Yarn | 6,000 Tonnes |
| 17 | 31(84)), dt. 19-1-84 | .. Vardhman Needles Ltd. | Malerkotla | Hosiery & Knitting Machine Needles | 18 Millions |
| 18 | 431(84), dt. 18-6-84 | .. Organic Chemicals | Sangrur | Refined Oil and Cotton Seed Oils | 60000 Tonnes |
| 19 | 25(85), dt. 25-1-85 | .. PSIDC | Sangrur | Carborators | 25 lacs |
| 20 | 403(85), dt. 23-3-85 | .. Century Iron & Steel | Malerkotla | M.S. Ingots | 36000 Tonnes |
| 21 | 422(80), dt. 29-8-80 | .. PSIDC | Hoshiarpur | Cylinderical Roller Bearing | 5·24 million Nos. |
| 22 | 519(80), dt. 30-9-80 | .. PSIDC | Garhshankar | (i) Dry Care Cables<br>(ii) Jelly Filled cables | 5 lacs |
| 23 | 546(80), dt. 30-9-80 | .. PSIDC | Hoshiarpur | (i) Copper foils<br>(ii) Copper Clad glass<br>(iii) Copper clad paper | 600 Tonnes<br>1400<br>1000 |
| 24 | 697(80), dt. 29-11-80 | .. PSIDC | Hoshiarpur | (i) Flouresent Tube lights<br>(ii) G.L.S. Lamps | 10 MT.<br>55 million tonnes |
| 25 | 155 (81), 31-3-81 | .. Mahavir Singh New Jawahar Nagar, Jalandhar | Hoshiarpur | Alloy Steel Castings | 23000 tonnes |
| 26 | 572(81), dt. 19-9-81 | .. PSIDC | Hoshiarpur | (i) Standard Type Writer<br>(ii) Portable Type Writer<br>(iii) Electronic Type Wrter | 1500 Nos.<br>1500 Nos.<br>5000 Nos. |
| 27 | 636(81), dt. 22-10-81 | .. Amrit Vanaspati Co. | Saila Khurad, (Hoshiarpur) | (i) Single Super Phosphate<br>(ii) Sulphuric Acid | 66000 tonnes<br>33000 ,, |

Original with;
Punjab Vidhan Sabha
Digitized by;
Panjab Digital Library

[Finance Minister]

| Serial No. | Licence No. & Date | Name of Units/Organisation | Location | Item of Manufacturing | Capacity |
|---|---|---|---|---|---|
| 1 | 2 | 3 | 4 | 5 | 6 |
| 28 | 164(82), dt. 6-3-82 | PSIDC | Hoshiarpur | Writing & Printing Paper | 33000 Tonnes |
| 29 | 251(82), dt. 12-4-82 | PSIDC | Hoshiarpur | Automobile gears | 1000 TPM |
| 30 | 607(82), 19-8-82 | M/s Hoshiarpur Distt. Milk Producers Union | Hoshiarpur | Milk Products | 5800 MT |
| 31 | 71(83), dt. 8-2-83 | PSIDC | Hoshiarpur | Clutch Facing & Break Lining | 1500 Nos. |
| 32 | 237(83), dt. 7-4-83 | PSIDC | Hoshiarpur | Ethyalmetyle Acetate etc. | 5500 Tonnes |
| 33 | 548(83), dt. 18-8-83 | PSIDC | Hoshiarpur | Circular Knitting Machines | 440 Nos. |
| 34 | 220(84), dt. 23-3-84 | PSIDC | Hoshiarpur | Spark Plug & Heater Plug | 40 lacs/2.5 lacs |
| 35 | 175(84), dt. 8-3-84 | Mahavir Spinning Mills | Hoshiarpur | Worsted Yarn | 6000 SP. |
| 36 | 468 (84), dt. 30-6-84 | PSIDC | Hoshiarpur | Figures and Wired glass | 5 Million |
| 37 | 515(84), dt. 13-7-84 | M/s Bharati Oversees Trading Co., Hoshiarpur | Hoshiarpur | Emergency Portable Generating Sets | 50000 Tonnes |
| 38 | 903(84), dt. 3-12-84 | PSIDC | Hoshiarpur | Wheel Rims | 6 lacs |
| 39 | 504(82) dt. 16-7-82 | PSIDC | Mansa | Sugar | 1250 tonnes |
| 40 | 780(80), dt. 19-12-80 | PSIDC | Hoshiarpur | (i) G.L.S. Lamps<br>(ii) Rims, Frames | 55 Million Nos.<br>500 Million Nos. |
| 41 | 72(80), dt. 8-4-80 | Diary Development Corporation, | Verka | (i) Whole Milk Powder<br>(ii) Table Butter<br>(iii) Ghee<br>(iv) Baby Food Powder | 500 Tons<br>500 ,,<br>1000 ,,<br>1000 ,, |

Original with;
Punjab Vidhan Sabha
Digitized by;
Panjab Digital Library

| | | | | | | |
|---|---|---|---|---|---|---|
| 42 | 262(80), dt. 19-6-80 | .. | Sh. N.K. Khanna, AmmOolya Building, Bombay | Teh. Batala | Writing and Printing Paper | 96000 Tons |
| 43 | 319(80), dt. 17-7-80 | .. | Sh. Gurdev Singh, Hari Mal Street, Amritsar | Amritsar | Writing and Printing Paper | 10,000 Tons |
| 44 | 442(80), dt. 27-7-80 | .. | Mehta Pharmaceuticals, Pvt. Ltd., Amritsar | Amritsar | Vitamin-C | 72 Tons |
| 45 | 163(80), dt. 22-5-80 | .. | Sh. Tarsem Lal Trehan, 920/N, Khazan Gate, Amritsar | Amritsar | Worsted Woollen Yarn | 800 Spindles |
| 46 | 62(81), dt 27-7-81 | .. | M/s Mehta Pharmaceuticals (P), Amritsar | Amritsar | Alpha and Veeta | 21500 K.G. |
| 47 | 439(81) dt. 9-7-81 | .. | The Punjab State Cooperative Milk Producers Federtion, Gurdaspur | Gurdaspur | Milk Products | 7850 M.T. |
| 48 | 514(81), dt. 31-3-81 | .. | Punjab State Indl. Dev. Corpn. Ltd., Chandigarh | Tarn Taran | Open and Spinning Machinery | 100 Nos. P.A. |
| 49 | 578(81), dt. 31-3-81 | .. | The Amritsar Swadeshi Woollen Mill, Amritsar | Amritsar | Non-Worsted Yarn | 2400 Spindles |
| 50 | 280(82), dt. 17-4-82 | .. | M/s Bawa Shoes (P) Ltd., Goindwal Sahib, District Amritsar | Goindwal | (i) Finished leather<br>(ii) Shoe upper | 2.25 lac Nos.<br>10,000,00 Nos. |
| 51 | 252(82), dt. 12-4-82 | .. | Punjab State Indl. Dev. Corpn., Chandigarh | Gurdaspur | (i) Selicyline Acid<br>(ii) Aspirin | 500 TPA<br>50 TPA |
| 52 | 477(82), dt. 12-7-82 | .. | M/s Fazilka Cooperative Sugar Mills, Fazilka | Fazilka | Sugar | 1250 T.C.D. |
| 53 | 772(82), dt. 20-10-82 | . | unjab State Indl. Dev. Corpn., Chandigarh | Gurdaspur | (i) Furfural .. | 6000 tons |
| 54 | 801(82), dt. 3-11-82 | . | M/s Oriental Carpet Manufacturing India Ltd., Amritsar | Amritsar | Worsted/Woollen mixed fabrics | 130 looms |

Original with;
Punjab Vidhan Sabha
Digitized by;
Panjab Digital Library

[Finance Minister]

| Serial No. | Licence No. & Date | Name of units/Organisation | Location | Item of Manufacturing | Capacity |
|---|---|---|---|---|---|
| 1 | 2 | 3 | 4 | 5 | 6 |
| 55 | 201(83), dt. 22-3-83 .. | M/s Partap Steel Rolling Mills, Amritsar | Amritsar | Steel Ingots | 36000 MT. |
| 56 | 250(83), dt. 8-4-83 .. | M/s Oriental Manufacturing India, Ltd., Amritsar | Amritsar | Worsted Spindles | 4800 Worsted spindles |
| 57 | 434(83), dt. 23-6-83 .. | M/s Majha Cooperative Sugar Mills, Amritsar | Tarn Taran | Sugar | 1250 M.T. |
| 58 | 692(83), dt. 29-10-83 .. | M/s Batala Cooperative Sugar Mills, Batala | Batala | Sugar | 1500 Tons |
| | **State Backward Areas** | | | | |
| 59 | 8381(80), dt. 21-8-80 .. | Punjab State Indl. Dev. Corpn., Chandigarh | Ropar | Multi-Channel Pump | 60,000 Nos. |
| 60 | 889(81), dt. 1-1-82 .. | M/s Ajay Satia Railway Road, Muktsar | Muktsar | Writing and Printing Paper | 4950 tons |
| 61 | 359(83), dt. 25-5-83 .. | Universal Cans and Containers, Moga | Moga | OTS Cans and Containers | 9000 Tons |
| 62 | 666(83), dt. 19-10-83 .. | M/s Satluj Cooperaive Sugar Mills, V. Gaggarwal, Teh. Nakodar | V. Gaggarwal, Teh. Nakodar (Jalandhar) | Sugar | 1250 TCI |

**Details of Industrial Licence issued for setting up to large and Medium Units in the backward areas of the State**

CATEGORY 'C'

| Sr. No. | IL No. & Date | Name of the unit | Location | Item of manufacture | Capacity |
|---|---|---|---|---|---|
| 1 | CIL-348(80), dt. 24-11-80 .. | Sh. N.K. Khanna, 22-A bhey Building 198-C, Balkrishana Road, New Delhi | Batala | Writing & Printing Paper .. | 9000 MT. PA |

Original with;
Punjab Vidhan Sabha
Digitized by;
Panjab Digital Library

| | | | | | |
|---|---|---|---|---|---|
| 2 | CIL-360(80), dt. 4-12-80 .. | Sh. Gurrinder Singh Kairon, V. Jaintipur, Distt. Gurdaspur | Jaintipur | Writing & Printing Paper | 10,000 MT. PA. |
| 3 | PN/Delic/14/936, dt. 20-2-81 | M/s Wool Spinners, Amritsar | Amritsar | Worsted Yarn | 1200 spindles |
| 4 | CIL-341(82), dt. 28-2-82 .. | Punjab State Cooperative Milk Federation | Gurdaspur | Milk Products | 7750 M.T. |
| 5 | CIL-33(83), dt. 3-2-83 .. | M/s Partap Steel Rolling Mills | Amritsar | Oxygen Gas | 2·00 MCM |
| 6 | CIL-409(83), dt. 28-12-83 .. | M/s Partap Steel Rolling Mills | Amritsar | Steel Ingots | 36000 MT. |
| 7 | CIL-201(84), dt. 29-5-84 .. | M/s Bewa Shoes (P), Ltd., Goindwal Sahib | Goindwal Sahib | (i) Finished leather | 2·5 lacs Nos. |
| | | | | (ii) Shoes upper | 10·00 lac Nos. |
| 8 | CIL-8(85), dt. 18-1-85 | M/s Hindustan Vegetable Oil Corpn. Ltd., Amritsar | Amritsar | Vanaspati | 200 Tons |
| 9 | CIL-23(84), dt. 25-1-85 .. | M/s Fazilka Cooperative Sugar Mills, Fazilka | Fazilka | Sugar | 1250 TCB. |
| | CATEGORY 'B' | | | | |
| 10 | CIL-5(27)/85, dt. 16-5-81 .. | M/s Jain Steel Rolling Mills Malerkotla | Malerkotla | Hot Rolled Balls | 14250 Tons |
| 11 | CIL-178(81), dt. 10-7-81 .. | M/s Malwa Cooperative Milk Producers Union, Sangrur | Sangrur | Milk Products | 3700 tons |
| 12 | CIL-212(81), dt. 7-8-81 .. | M/s Vinod Kumar Rajgaria, B-42, Maharani Bagh, Amritsar | Amritsar | (i) Polypropylene sheets<br>(ii) HDPE corrugated sheets | 900 Tons<br>900 ,, |
| 13 | CIL-227(81), dt. 12-8-81 .. | M/s Vinod Paper Mills, Malerkotla | Malerkotla | Writing and Printing Papers | 10,000 Tons |
| 14 | CIL-2(84), dt. 3-1-84 .. | M/s Steel Strips Ltd., Malerkotla | Malerkotla | Cold Rolled Carbon Steel Strips | 21750 IT |
| 15 | CIL-37(84), dt. 15-2-84 .. | M/s Organic Chemoils Ltd., Malerkotla | Malerkotla | (i) Fatty Acid<br>(ii) Glycerin | 6000 M.T.<br>380 M.T. |

Original with;
Punjab Vidhan Sabha
Digitized by;
Panjab Digital Library

[Finance Minister]

**Details of Industrial Licences issue for Setting up of Large and Medium Units in the Backward Areas of the State**

| Serial No. | Licence No. & Date | Name of the Unit | Location | Item of Manufacture | Capacity |
|---|---|---|---|---|---|
| 1 | 2 | 3 | 4 | 5 | 6 |
| 16 | CIL-106(84) dt. 23-3-84 .. | The Hoshiarpur District Co-operative Union, Hoshiarpur | Hoshiarpur | Milk Products | 5400 M.T. |
| 17 | CIL-109(84), dt. 28-3-84 .. | M/s Telephone Cables, Punjab Ltd., .V. Kullewal, Teh. Garhshankar, Distt. Hoshiarpur | V. Kullewal, Teh. Garhshankar, Distt. Hoshiarpur | (i) Dry Core Cables<br>(ii) Jelley filled" | 5 lac CKM.<br>5 lac CKM. |
| 18 | CIL-77(85), dr. 20-2-85 .. | M/s Mehra Liochem (Punjab), Hoshiarpur | Hoshiarpur | Ethyle Methyl/Acetate, etc. | 500 M.T |

Original with;
Punjab Vidhan Sabha
Digitized by;
Panjab Digital Library

**ਸ਼੍ਰੀ ਸੇਵਾ ਰਾਮ ਅਰੋੜਾ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਇਹ ਪੁੱਛਣਾ ਚਾਹਵਾਂਗਾ ਕਿ ਅਨੈਕਸ਼ਚਰ (ਸੀ) ਵਿਚ ਨੰਬਰ 6 ਤੇ ਇਕ ਲਾਇਸੈਂਸ ਦਿੱਤਾ ਗਿਆ ਹੈ ਉਸ ਦਾ ਨਾਂ ਹੈ ਸ਼੍ਰੀ ਬਲਵੰਤ ਸਿੰਘ। ਇਸ ਨੂੰ ਫੈਟੀ ਏਸਿਡ 6000 ਟਨ ਦਾ ਅਤੇ ਗਲੈਸਰੀਨ 300 ਟਨ ਦਾ ਲਾਇਸੈਂਸ ਦਿੱਤਾ ਗਿਆ ਹੈ। ਕੀ ਇਹ ਸ਼੍ਰੀ ਬਲਵੰਤ ਸਿੰਘ ਇਨ੍ਹਾਂ ਦਾ ਆਪਣਾ ਨਾਂ ਹੈ ਜਾਂ ਹੋਰ ਕੋਈ ਸ਼ਖਸ਼ ਹੈ ?

**ਮੰਤਰੀ** : ਤੁਸੀਂ ਜ਼ਿਆਦਾ ਜਾਣਦੇ ਹੋ । ਲੇਕਿਨ ਮੈਂ ਨਹੀਂ ਹਾਂ ।

**ਸ਼੍ਰੀ ਸੇਵਾ ਰਾਮ ਅਰੋੜਾ** : ਪਰ ਪਤਾ ਇਨ੍ਹਾਂ ਦਾ ਹੈ ।

---

**Passenger Tax**

***259. Shri Brij Bhushan Mehra :** Will the Minister for Finance be pleased to state whether the Government proposes to levy passenger tax on capacity basis instead of the present system ?

[As the Finance Minister was searching his reply he did not rise. Sardar Natha Singh Dalam (Minister of State for Public Relations) requested the Finance Minister to reply the question]

**ਡਾਕਟਰ ਕੇਵਲ ਕ੍ਰਿਸ਼ਨ** : ਇਹ ਤਿਆਰ ਨਹੀਂ ਹਨ ।

This is very sorry state of affairs.

**Mr. Speaker :** I don't think. There is no such question.

(ਇਸ ਵੇਲੇ ਵਿੱਤ ਮੰਤਰੀ ਸਾਹਿਬ ਨੇ ਰਾਜ ਮੰਤਰੀ, ਲੋਕ ਸੰਪਰਕ ਨੂੰ ਜਵਾਬ ਪੜ੍ਹਨ ਲਈ ਇਸ਼ਾਰਾ ਕੀਤਾ ।

**ਡਾਕਟਰ ਕੇਵਲ ਕ੍ਰਿਸ਼ਨ** : ਉਹ ਕਨਫਿਊਜ਼ਨ ਪਰਵੇਲ ਕਰ ਰਹੇ ਹਨ। No body is prepared to reply.

(ਇਸ ਵੇਲੇ ਵਿੱਤ ਮੰਤਰੀ ਸਾਹਿਬ ਨੇ ਰਿਟਨ ਰਿਪਲਾਈ ਨਹੀਂ ਪੜ੍ਹਿਆ) ।

**ਸਰਦਾਰ ਬਲਵੰਤ ਸਿੰਘ** (ਵਿੱਤ ਮੰਤਰੀ) ; ਗੌਰਮਿੰਟ ਇਸ ਉਤੇ ਵਿਚਾਰ ਕਰ ਰਹੀ ਹੈ । ਇਸ ਸਿਲਸਿਲੇ ਵਿਚ ਇਕ ਕਮੇਟੀ ਵੀ ਬਣਾਈ ਗਈ ਹੈ ਕਿਉਂਕਿ ਪੈਸੰਜਰ ਟੈਕਸ ਦੀ ਬਹੁਤ ਜ਼ਿਆਦਾ ਚੋਰੀ ਹੁੰਦੀ ਹੈ । ਇਸ ਕਰਕੇ ਕਮੇਟੀ ਬਣਾਈ ਹੈ । ਪੈਸੰਜਰ ਟੈਕਸ ਸੀਟ ਕਪੈਸਿਟੀ ਤੇ ਲਾਇਆ ਜਾਵੇ ਜਾਂ ਨਹੀਂ ਇਹ ਅੰਡਰ ਕੰਸਿਡਿਰੇਸ਼ਨ ਹੈ ।

**ਸ਼੍ਰੀ ਬ੍ਰਿਜ ਭੂਸ਼ਨ ਮਹਿਰਾ** : ਸਪੀਕਰ ਸਾਹਿਬ, ਇਨ੍ਹਾਂ ਦੇ ਡਿਪਾਰਟਮੈਂਟ ਵਿਚ ਇਹ ਸਾਰਾ ਕੰਮ ਤਿਆਰ ਪਿਆ ਸੀ। ਇਥੋਂ ਤਕ ਕਿ ਪਾਰਲੀਮੈਂਟ ਵਿਚ ਕੰਪਲੀਟ ਹੋਕੇ ਚਲਾ ਗਿਆ ਸੀ । ਕੀ ਇਹ ਟਾਈਮ ਨਿਰਧਾਰਤ ਕਰਨਗੇ ਕਿ ਕਦੋਂ ਤਕ ਇਹ ਹੋ ਜਾਏਗਾ ?

**ਮੰਤਰੀ** : ਇਹ ਠੀਕ ਹੈ ਕਿ ਇਹ ਕੰਮ ਤਿਆਰ ਸੀ ਔਰ ਡਿਪਾਰਟਮੈਂਟ ਨੇ ਇਹ ਸਕੀਮ ਬਣਾਈ ਸੀ । ਪਰ ਕਿਉਂਕਿ ਇਹ ਸਕੀਮ ਟੋਟਲ ਬਿਓਰੋਕਰੈਟਕ ਐਂਗਲ ਤੇ ਬਣਾਈ ਗਈ ਸੀ, ਅਸੀਂ ਚਾਹੁੰਦੇ ਸੀ ਕਿ ਇਸ ਵਿਚ ਪਬਲਿਕ ਨੁਮਾਇੰਦੇ ਦੇ ਵੀ ਵਿਚਾਰ ਲਏ ਜਾਣ। ਇਸ ਕਰਕੇ ਇਕ ਕਮੇਟੀ ਬਣਾਈ ਹੈ ਜਿਸ ਵਿਚ ਟਰਾਂਸਪੋਰਟ ਦੇ ਵੀ ਨੁਮਾਇੰਦੇ ਹਨ, ਸਰਦਾਰ ਦਿਲਬਾਗ ਸਿੰਘ ਕਾਂਗਰਸ (ਆਈ) ਦੇ ਮੈਂਬਰ ਵੀ ਇਸ ਦੇ ਮੈਂਬਰ ਹਨ। ਕਮੇਟੀ ਇਸ ਤੇ ਵਿਚਾਰ ਕਰ ਰਹੀ ਹੈ ।

Original with;
Punjab Vidhan Sabha
Digitized by;
Panjab Digital Library

**ਡਾਕਟਰ ਕੇਵਲ ਕ੍ਰਿਸ਼ਨ** : ਸਪੀਕਰ ਸਾਹਿਬ, ਇਨ੍ਹਾਂ ਨੇ ਫਰਮਾਇਆ ਹੈ ਕਿ ਕਮੇਟੀ ਬਣਾਈ ਗਈ ਹੈ। ਕੀ ਇਹ ਦੱਸਣ ਦੀ ਖੇਚਲ ਕਰਨਗੇ ਕਿ ਇਸ ਦੇ ਅਫਸਰ ਔਰ ਮੈਂਬਰ ਕਿਹੜੇ ਕਿਹੜੇ ਹਨ ?

**ਮੰਤਰੀ**: ਇਸ ਲਈ ਨੋਟਿਸ ਦੇ ਦਿੱਤਾ ਜਾਵੇ। ਮੈਂ ਦੱਸ ਦਿਆਂਗਾ। ਇਕ ਮੈਂਬਰ ਦਾ ਨਾਂ ਤਾਂ ਮੈਂ ਦੱਸ ਹੀ ਦਿੱਤਾ ਹੈ। ਫਰਦਰ ਨੋਟਿਸ ਦੀ ਲੋੜ ਹੈ।

**ਸ੍ਰੀ ਬ੍ਰਿਜ ਭੂਸ਼ਨ ਮਹਿਰਾ** : ਸਪੀਕਰ ਸਾਹਿਬ, ਸਪਲੀਮੈਂਟਰੀ ਬੜਾ ਰੈਲਵੈਂਟ ਹੈ। ਇਨ੍ਹਾਂ ਨੇ ਜਵਾਬ ਨਹੀਂ ਦਿਤਾ। ਜਿਹੜਾ ਪੈਸੰਜਰ ਟੈਕਸ ਆ ਰਿਹਾ ਹੈ ਇਹ ਕਿੰਨਾ ਆ ਰਿਹਾ ਹੈ ਅਤੇ ਕਿਤਨਾ ਪ੍ਰਾਈਵੇਟ ਟਰਾਂਸਪੋਰਟਰਜ਼ ਕੋਲੋਂ ਆ ਰਿਹਾ ਹੈ? ਕੀ ਤੁਸੀਂ ਟੈਕਸ ਵਰਕਆਊਟ ਕਪੈਸਿਟੀ ਬੇਸਿਜ਼ ਤੇ ਕਰਦੇ ਹੋ ?

**ਮੰਤਰੀ** : ਸਪੀਕਰ ਸਾਹਿਬ, ਮੈਂਬਰ ਸਾਹਿਬ ਸਵਾਲ ਨੂੰ ਦੋਬਾਰਾ ਰੀਪੀਟ ਕਰ ਦੇਣ।

**ਸ੍ਰੀ ਬ੍ਰਿਜ ਭੂਸ਼ਨ ਮਹਿਰਾ** : ਕੀ ਮਨਿਸਟਰ ਸਾਹਿਬ, ਦੱਸਣਗੇ ਕਿ 1985-86 ਵਿਚ ਕਿਤਨਾ ਪੈਸੰਜਰ ਟੈਕਸ ਪੰਜਾਬ ਰੋਡਵੇਜ਼ ਤੋਂ ਆਇਆ ਅਤੇ ਕੀ ਇਹ ਪੈਸੰਜਰ ਟੈਕਸ ਕਪੈਸਿਟੀ ਬੇਸਿਜ਼ ਤੇ ਆਉਂਦਾ ਹੈ ਜਾਂ ਨਹੀਂ ?

**ਮੰਤਰੀ** : ਮੈਂ ਰਿਕੁਐਸਟ ਕਰਾਂਗਾ ਕਿ ਮੈਨੂੰ ਦੋਬਾਰਾ ਇਨਫਰਮੇਸ਼ਨ ਦੀ ਜ਼ਰੂਰਤ ਹੈ। ਜੇਕਰ 80 ਪ੍ਰਤੀਸ਼ਤ ਕਪੈਸਿਟੀ ਉਪਰ ਪੈਸੰਜਰ ਟੈਕਸ ਲਗਾ ਦਿਤਾ ਜਾਵੇ, ਭਾਵੇਂ 100 ਪ੍ਰਤੀਸ਼ਤ ਹੋਵੇ, ਜਾਂ 60 ਪ੍ਰਤੀਸ਼ਤ ਹੋਵੇ ਜਾਂ 80 ਪ੍ਰਤੀਸ਼ਤ ਹੋਵੇ, ਸਪੀਕਰ ਸਾਹਿਬ, 80 ਪ੍ਰਤੀਸ਼ਤ ਤੇ ਪੈਸੰਜਰ ਟੈਕਸ ਲਗਾਉਣ ਨਾਲ ਢਾਈ ਗੁਣਾ ਹੋ ਜਾਂਦਾ ਹੈ। ਇਸ ਲਈ ਇਹ ਚੀਜ਼ ਕੰਸਿਡਰ ਕੀਤੀ ਗਈ ਹੈ।

**ਸ੍ਰੀ ਬ੍ਰਿਜ ਭੂਸ਼ਨ ਮਹਿਰਾ**। ਜਿਹੜੇ 1985-86 ਵਿਚ ਪੈਸੰਜਰ ਟੈਕਸ ਦੇ ਅੰਕੜੇ ਹਨ ਉਸ ਨਾਲ ਵਰਕਆਊਟ ਕਰਕੇ ਕਿਤਨੀ ਕਪੈਸਿਟੀ ਹੈ, ਇਸ ਬਾਰੇ, ਸਪੀਕਰ ਸਾਹਿਬ, ਸੀ.ਐਮ. ਸਾਹਿਬ ਨੇ ਵੀ ਦੱਸਿਆ ਸੀ। ਬੱਸਾਂ ਵਿਚ ਸਵਾਰੀਆਂ ਬੜੀਆਂ ਕਨਜੱਸਟਿਡ ਹੁੰਦੀਆਂ ਹਨ। ਸਵਾਰੀਆਂ ਬੱਸ ਅੰਦਰ ਵੀ ਭਰੀਆਂ ਹੁੰਦੀਆਂ ਹਨ ਅਤੇ ਉਪਰ ਵੀ ਭਰੀਆਂ ਹੁੰਦੀਆਂ ਹਨ। ਕੀ ਇਹ ਰੇਸ਼ੋ ਦੇ ਮੁਤਾਬਿਕ ਹੁੰਦਾ ਹੈ ?

**ਮੰਤਰੀ** : ਸਪੀਕਰ ਸਾਹਿਬ, ਐਪਰੋਕਸੀਮੇਟਲੀ 35 ਪ੍ਰਤੀਸ਼ਤ ਹੈ।

**ਸਰਦਾਰ ਦਿਲਬਾਗ ਸਿੰਘ** : ਸਪੀਕਰ ਸਾਹਿਬ, ਇਕ ਪੈਸੰਜਰ ਟੈਕਸ ਦੇ ਬਾਰੇ ਕਮੇਟੀ ਬਣਾਈ ਗਈ ਸੀ। ਉਸ ਵਿਚ ਮੇਰਾ ਵੀ ਨਾਂ ਸ਼ਾਮਿਲ ਸੀ। ਉਸ ਕਮੇਟੀ ਨੇ ਇਕ ਮਹੀਨੇ ਵਿਚ ਰਿਪੋਰਟ ਦੇਣੀ ਸੀ। ਉਸ ਦੀ ਅਜੇ ਤਕ ਇਕ ਮੀਟਿੰਗ ਵੀ ਨਹੀਂ ਹੋਈ। ਕੀ ਮੰਤਰੀ ਜੀ ਇਸ ਬਾਰੇ ਸੀਰੀਐਸ ਹਨ ਜਾਂ ਨਹੀਂ ?

**ਮੰਤਰੀ** : ਸਪੀਕਰ ਸਾਹਿਬ, ਗੌਰਮਿੰਟ ਇਸ ਬਾਰੇ ਸਿਨਸੀਅਰ ਹੈ ਅਤੇ ਜਲਦੀ ਫੈਸਲਾ ਕਰਾਂਗੇ।

**ਸਰਦਾਰ ਕੁਲਦੀਪ ਸਿੰਘ ਵਡਾਲਾ**: ਸਪੀਕਰ ਸਾਹਿਬ, ਟੈਕਸ ਲਗਾਉਣ ਜਾਂ ਵਧਾਉਣ ਨਾਲ ਪੈਸੰਜਰਜ਼ ਨੂੰ ਰਾਹਤ ਨਹੀਂ ਮਿਲ ਸਕਦੀ। ਨਕੋਦਰ ਵਿਚ ਬੱਸ ਦਾ ਐਕਸੀਡੈਂਟ ਹੋਇਆ ਸੀ ਅਤੇ ਮਰਨ ਵਾਲੇ ਮੁਸਾਫਰਾਂ ਨੂੰ ਸਿਰਫ ਦੋ ਦੋ ਹਜ਼ਾਰ ਰੁਪਿਆ ਦਿਤਾ ਗਿਆ ਹੈ। ਹਰਿਆਣੇ ਅਤੇ ਹਿਮਾਚਲ

Original with;
Punjab Vidhan Sabha
Digitized by;
Panjab Digital Library

ਵਿਚ ਮਰਨ ਵਾਲੇ ਬੱਸ ਦੇ ਮੁਸਾਫਰਾਂ ਨੂੰ ਪੰਜਾਹ ਪੰਜਾਹ ਹਜ਼ਾਰ ਰੁਪਿਆ ਦਿਤਾ ਜਾਂਦਾ ਹੈ। ਕੀ ਮੰਤਰੀ ਜੀ ਇਸ ਤੇ ਵਿਚਾਰ ਕਰਨਗੇ?

**ਮੰਤਰੀ:** ਇਹ ਬੜਾ ਮੈਂਬਰ ਸਾਹਿਬ ਨੇ ਅੱਛਾ ਸਵਾਲ ਕੀਤਾ ਹੈ। ਬੱਸ ਦਾ ਜਦੋਂ ਐਕਸੀਡੈਂਟ ਹੁੰਦਾ ਹੈ ਤਾਂ ਪੈਸੰਜਰਜ਼ ਦਾ ਨੁਕਸਾਨ ਹੁੰਦਾ ਹੈ। ਇਸ ਬਾਰੇ ਸਪੀਕਰ ਸਾਹਿਬ, ਗੌਰਮਿੰਟ ਕੰਸੀਡਰ ਕਰ ਰਹੀ ਹੈ ਕਿ ਇਨਸ਼ੋਰੈਂਸ ਸਕੀਮ ਚਾਲੂ ਕੀਤੀ ਜਾਏ।

ਸਪੀਕਰ ਸਾਹਿਬ, ਇਕ ਸਵਾਲ ਮੇਰੇ ਕੋਲੋਂ ਮੈਂਬਰ ਸਾਹਿਬ ਨੇ ਪੁੱਛਿਆ ਸੀ ਔਰ ਮੈਂ ਉਸ ਨੂੰ ਕੁਰੈਕਟ ਕਰਨਾ ਚਾਹੁੰਦਾ ਹਾਂ। ਇਕ ਫੈਕਟਰੀ ਬਾਰੇ ਗੱਲ ਹੋਈ ਸੀ ਕਿ ਉਸ ਦਾ ਲਸੰਸ ਕਿਸ ਦੇ ਨਾਂ ਤੇ ਹੈ।

This is my own licence and the factory is working.

---

**Grant for Panchayat Ghar of Village Kariha, Block Banga, District Jalandhar**

*146. **Sardar Dilbagh Singh** : Will the Minister for Agriculture and Forests be pleased to state—

(a) the amount of Grant sanctioned for the construction of Panchayat Ghar in Village Kariha Block Banga, District Jalandhar, together with the years in which it was disbursed;

(b) whether the Government proposes to hold an enquiry in the matter if the entire amount of grant mentioned in part (a) above has actually been spent on the construction of the said panchayat Ghar or not ?

**ਕੈਪਟਨ ਅਮਰਿੰਦਰ ਸਿੰਘ** : (ੳ) 10,000/- ਰੁ: ਦੀ ਗਰਾਂਟ ਸਾਲ 1979-80 ਵਿਚ ਮਨਜ਼ੂਰ ਕੀਤੀ ਗਈ ਅਤੇ 1980-81 ਵਿਚ ਪੰਚਾਇਤ ਨੂੰ ਪਿੰਡ ਕਰੀਹਾ, ਬਲਾਕ ਬੰਗਾਂ, ਜ਼ਿਲਾ ਜਲੰਧਰ ਵਿਖੇ ਪੰਚਾਇਤ ਘਰ ਬਣਾਉਣ ਲਈ ਦਿਤੀ ਗਈ।

(ਅ) ਸਰਕਾਰ ਵਲੋਂ ਪੜਤਾਲ ਕਰਵਾਉਣ ਦਾ ਕੋਈ ਸੁਝਾਉ ਨਹੀਂ ਕਿਉਂ ਜੋ ਸਾਰੀ ਦਿਤੀ ਗਈ ਗਰਾਂਟ ਪੰਚਾਇਤ ਘਰ ਦੀ ਚਾਰਦੀਵਾਰੀ ਬਣਾਉਣ ਅਤੇ ਨੀਹਾਂ ਭਰਨ ਲਈ ਖਰਚ ਕੀਤੀ ਗਈ ਹੈ।

**ਸਰਦਾਰ ਦਿਲਬਾਗ ਸਿੰਘ** : ਮਨਿਸਟਰ ਸਾਹਿਬ ਨੇ ਜਵਾਬ ਦਿਤਾ ਹੈ ਕਿ ਸਾਲ 1979-80 ਵਿਚ 10,000 ਰੁਪਏ ਦੀ ਗਰਾਂਟ ਮਨਜ਼ੂਰ ਕੀਤੀ ਗਈ ਸੀ ਅਤੇ ਉਨ੍ਹਾਂ ਨੂੰ ਦਿਤੀ ਗਈ ਸੀ ਅਤੇ ਉਨ੍ਹਾਂ ਨੇ ਚਾਰਦੀਵਾਰੀ ਬਣਾਉਣ ਅਤੇ ਨੀਹਾਂ ਭਰਨ ਲਈ ਖਰਚ ਕੀਤੀ ਹੈ। ਮੈਂ ਕਹਿੰਦਾ ਹਾਂ ਕਿ ਉਹ ਰਕਮ ਖਰਚ ਨਹੀਂ ਕੀਤੀ ਗਈ। ਕੀ ਮੰਤਰੀ ਜੀ ਇਸ ਦੀ ਇਨਕੁਆਰੀ ਕਰਾਉਣ ਲਈ ਤਿਆਰ ਹਨ? ਕੀ ਉਨ੍ਹਾਂ ਨੇ ਯੂਟੇਲਾਈਜੇਸ਼ਨ ਦਾ ਸਰਟੀਫੀਕੇਟ ਪੇਸ਼ ਕੀਤਾ ਹੈ ਅਤੇ ਉਹ ਮੰਤਰੀ ਜੀ ਕੀ ਹਾਊਸ ਵਿਚ ਪੇਸ਼ ਕਰ ਸਕਦੇ ਹਨ?

**ਮੰਤਰੀ:** ਸਪੀਕਰ ਸਾਹਿਬ, ਸਾਡੀ ਰਿਪੋਰਟ ਦੇ ਮੁਤਾਬਿਕ ਪੈਸਾ ਦਿਤਾ ਗਿਆ ਸੀ। 1980-81 ਵਿਚ 10,000 ਰੁਪਏ ਪੰਚਾਇਤ ਨੂੰ ਪਿੰਡ ਕਰੀਹਾ, ਬਲਾਕ ਬੰਗਾ, ਜ਼ਿਲ੍ਹਾ ਜਲੰਧਰ ਨੂੰ ਪੰਚਾਇਤ ਘਰ ਲਈ ਦਿਤੇ ਗਏ ਸਨ ਅਤੇ ਕੁਲ ਉਥੇ 12876 ਰੁਪਿਆ ਖਰਚ ਹੋਇਆ। ਇਹ ਪੈਸਾ 1981 ਤੋਂ

Original with;
Punjab Vidhan Sabha
Digitized by;
Panjab Digital Library

[ਖੇਤੀ ਬਾੜੀ ਮੰਤਰੀ]

1983 ਤਕ ਤਿੰਨ ਸਾਲ ਵਿਚ ਪਹੁੰਚਿਆ। ਸਪੀਕਰ ਸਾਹਿਬ, ਉਥੇ ਇਕ ਪਿੰਡ ਵਾਲਿਆਂ ਨੇ ਕਲੇਮ ਕੀਤਾ ਅਤੇ ਸਿਵਲ ਸੂਟ ਚਲਿਆ ਸੀ ਔਰ ਸਾਡੀ ਰਿਪੋਰਟ ਮੁਤਾਬਿਕ ਸਾਰਾ ਪੈਸਾ ਖਰਚ ਹੋਇਆ ਹੈ।

**ਸਰਦਾਰ ਦਿਲਬਾਗ ਸਿੰਘ:** ਜਿਹੜੀ ਰਿਪੋਰਟ ਮਨਿਸਟਰ ਸਾਹਿਬ ਦੇ ਰਹੇ ਹਨ, ਕੀ ਉਸ ਦੀ ਇਨਕੁਆਇਰੀ ਕਰਾਉਣ ਲਈ ਮਨਿਸਟਰ ਸਾਹਿਬ, ਤਿਆਰ ਹਨ ?

**ਮੰਤਰੀ:** ਸਪੀਕਰ ਸਾਹਿਬ, ਜੇਕਰ ਮੈਂਬਰ ਸਾਹਿਬ ਨੋਟਿਸ ਵਿਚ ਲਿਆਉਣਗੇ ਤਾਂ ਇਨਕੁਆਇਰੀ ਕਰਾਂਗੇ ।

---

## Rationalisation of Teachers taught ratio

***80. Sardar Dalip Singh Pandhi :** Will the Minister for Education be pleased to state whether the Government propose to rationalise the number of teachers in accordance with the teacher taught ratio, if so, the time by which that is likely to be done ?

**ਸਰਦਾਰ ਸੁਖਜਿੰਦਰ ਸਿੰਘ :** ਹਾਂ ਜੀ । ਸਕੂਲਾਂ ਵਿਚ ਵਿਦਿਆਰਥੀਆਂ ਦੀ ਗਿਣਤੀ ਅਤੇ ਦੂਜੇ ਸਬੰਧਤ ਤੱਥਾਂ ਨੂੰ ਮੁੱਖ ਰੱਖਦਿਆ ਹੋਇਆਂ ਇਸ ਪ੍ਰੋਗਰਾਮ ਨੂੰ ਪੜਾਵਾਰ ਅਰੰਭ ਕਰਨ ਲਈ ਹਰ ਇਕ ਪ੍ਰਾਇਮਰੀ ਸਕੂਲ ਵਿਚ ਟੀਚਰਾਂ ਦੀ ਗਿਣਤੀ ਨੂੰ ਰੈਸ਼ਨੇਲਾਈਜ਼ ਕਰਨ ਲਈ ਲੋੜੀਂ-ਦੀਆਂ ਹਦਾਇਤਾਂ ਜਾਰੀ ਕਰ ਦਿਤੀਆਂ ਗਈਆਂ ਹਨ ।

**ਸਰਦਾਰ ਦਲੀਪ ਸਿੰਘ ਪਾਂਧੀ:** ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਲੋੜੀਂਦੀਆਂ ਹਦਾਇਤਾਂ ਜਾਰੀ ਕਰ ਦਿਤੀਆਂ ਹਨ। ਕੀ ਮੰਤਰੀ ਜੀ ਉਸ ਦੀ ਕਾਪੀ ਸਦਨ ਦੀ ਮੇਜ਼ ਤੇ ਰਖਣਗੇ ?

**ਮੰਤਰੀ:** ਸਪੀਕਰ ਸਾਹਿਬ, ਸਾਨੂੰ ਇੰਸਟਰਕਸ਼ਨਾਂ ਦੀ ਕਾਪੀ ਟੇਬਲ ਤੇ ਰਖਣ ਲਈ ਕੋਈ ਇਤਰਾਜ਼ ਨਹੀਂ ਜੇਕਰ ਇਹ ਮੰਗ ਲੈਣਗੇ ।

**ਸ਼੍ਰੀ ਸਪੀਕਰ :** ਮੰਤਰੀ ਜੀ ਰੇਸ਼ੋ ਦੱਸ ਦਿਓ ?

**ਮੰਤਰੀ :** ਸਪੀਕਰ ਸਾਹਿਬ, 10 ਤੋਂ 30 ਬੱਚਿਆਂ ਨਾਲ ਇਕ ਟੀਚਰ, 31 ਤੋਂ 80 ਨਾਲ ਦੋ ਟੀਚਰ, 81 ਤੋਂ 125 ਨਾਲ ਤਿੰਨ ਟੀਚਰ, 126 ਤੋਂ 170 ਨਾਲ ਚਾਰ ਟੀਚਰ, 171 ਤੋਂ 215 ਨਾਲ 5 ਟੀਚਰ ਅਤੇ 216 ਤੋਂ 260 ਨਾਲ ਛੇ ਟੀਚਰ ਬੱਚਿਆਂ ਨਾਲ ਹੋਣਗੇ ।

**ਸ਼੍ਰੀ ਸਪੀਕਰ:** ਸਾਡੇ ਪੰਜਾਬ ਦੀ ਰੇਸ਼ੋ ਕੀ ਹੈ ?

**ਮੰਤਰੀ :** ਸਪੀਕਰ ਸਾਹਿਬ, ਇਹ ਰੇਸ਼ੋ ਘੱਟ ਹੈ ।

**ਸ਼੍ਰੀ ਸੇਵਾ ਰਾਮ ਅਰੋੜਾ :** ਜਿਹੜੀਆਂ ਵਕੈਂਸੀਜ਼ ਇਸ ਵੇਲੇ ਖਾਲੀ ਪਈਆਂ ਹਨ ਕੀ ਮੰਤਰੀ ਜੀ ਉਨ੍ਹਾਂ ਖਾਲੀ ਅਸਾਮੀਆਂ ਨੂੰ ਭਰਨਗੇ?

**ਮੰਤਰੀ :** ਜ਼ਰੂਰ ਭਰਾਂਗੇ ।

**ਸਰਦਾਰ ਦਲੀਪ ਸਿੰਘ ਪਾਂਧੀ :** ਸਪੀਕਰ ਸਾਹਿਬ, ਪੰਜਾਬ ਵਿਚ ਬਹੁਤ ਸਾਰੇ ਟੀਚਰਾਂ ਦੀਆਂ ਪੋਸਟਾਂ ਖਾਲੀ ਪਈਆਂ ਹਨ । ਜੇ. ਬੀ. ਟੀ. ਟ੍ਰੇਂਡ ਵਿਹਲੇ ਫਿਰਦੇ ਹਨ। ਸਰਕਾਰ ਨੇ ਪਹਿਲਾਂ ਸ਼ਡਿਊਲਡ

Original with;
Punjab Vidhan Sabha
Digitized by;
Panjab Digital Library

ਕਾਸਟਸ ਲਈ ਇਕ ਸਕੀਮ ਵੀ ਬਣਾਈ ਸੀ ਜਿਸ ਨੂੰ ਬੰਦ ਕਰ ਦਿਤਾ ਗਿਆ ਸੀ। ਜਿਹੜੇ ਟ੍ਰੇਂਡ ਟੀਚਰ ਅਨਇੰਪਲਾਇਡ ਫਿਰਦੇ ਹਨ ਕੀ ਉਨ੍ਹਾਂ ਲਈ ਮੰਤਰੀ ਜੀ ਕੋਈ ਯੋਗ ਪ੍ਰਬੰਧ ਕਰਨਗੇ? ਜੋ ਪੋਸਟਾਂ ਖਾਲੀ ਪਈਆਂ ਹਨ, ਉਨ੍ਹਾਂ ਨੂੰ ਕਦੋਂ ਤਕ ਭਰ ਦਿਉਗੇ?

**ਮੰਤਰੀ:** ਸਪੀਕਰ ਸਾਹਿਬ, ਰੇਸ਼ੋ ਬਾਰੇ ਪਹਿਲਾਂ ਪੁੱਛਿਆ ਗਿਆ ਸੀ। ਇਹ ਰੇਸ਼ੋ ਪੰਜਾਬ ਵਿਚ 1.3 ਦੀ ਹੈ। ਬਾਕੀ ਪਾਂਧੀ ਸਾਹਿਬ ਨੇ ਜੋ ਸਵਾਲ ਕੀਤਾ ਸੀ, ਉਸ ਬਾਰੇ ਜਵਾਬ ਇਹ ਹੈ ਕਿ ਸਟਾਫ ਸਾਡੇ ਕੋਲ ਸਰਪਲਸ ਹੈ। ਡਿਸਟ੍ਰਿਕਟ ਵਿਚੋਂ ਦੂਜੇ ਡਿਸਟ੍ਰਿਕਟ ਵਿਚ ਭੇਜਣ ਲਈ ਆਪਸ਼ਨ ਲੈਣੀ ਪੈਂਦੀ ਹੈ। ਫਿਰ ਵੀ ਜੇਕਰ ਜ਼ਰੂਰਤ ਹੋਈ ਤਾਂ ਜ਼ਰੂਰ ਭਰਾਂਗੇ।

**ਸਰਦਾਰ ਕਿਰਪਾਲ ਸਿੰਘ:** ਸਪੀਕਰ ਸਾਹਿਬ, ਨਾਰਮਲੀ ਗੌਰਮਿੰਟ ਪ੍ਰਾਈਵੇਟ ਸਕੂਲਾਂ ਅਤੇ ਕਾਲਜਾਂ ਨੂੰ ਏਡ ਦਿੰਦੀ ਹੈ। ਪ੍ਰਾਈਵੇਟ ਸਕੂਲਾਂ ਅਤੇ ਕਾਲਜਾਂ ਨੂੰ ਸਰਕਾਰ ਵਲੋਂ 95 ਪ੍ਰਤੀਸ਼ਤ ਗਰਾਂਟ ਦਿਤੀ ਜਾਂਦੀ ਹੈ। ਕਈ ਪ੍ਰਾਈਵੇਟ ਸਕੂਲਾਂ ਦਾ ਗੁਜ਼ਾਰਾ ਨਹੀਂ ਹੁੰਦਾ। ਇਸ ਲਈ ਕੀ ਮੰਤਰੀ ਜੀ ਸਭ ਨੂੰ ਗ੍ਰਾਂਟ ਦਿਵਾਉਣਗੇ ?

**ਮੰਤਰੀ:** ਸਪੀਕਰ ਸਾਹਿਬ, ਇਹ ਤਾਂ ਮੁਸ਼ਕਲ ਹੈ। ਜੇਕਰ ਕਿਸੇ ਖਾਸ ਸਕੂਲ ਦੀ ਪਰਾਬਲਮ ਹੈ, ਉਹ ਕੰਸਿਡਰ ਕਰ ਲਵਾਂਗੇ।

**ਪਰੋਫੈਸਰ ਦਰਬਾਰੀ ਲਾਲ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਤਰ੍ਹਾਂ ਦੀ ਰੇਸ਼ੋ ਕਾਲਜਿਜ਼ ਵਿੱਚ, ਖਾਸ ਕਰਕੇ ਉਨ੍ਹਾਂ ਕਾਲਜਿਜ ਵਿੱਚ ਜਿਹੜੇ ਕਸਬਿਆਂ ਵਿੱਚ ਹਨ, ਉਨ੍ਹਾਂ ਵਿੱਚ ਮੈਨਟੇਨਡ ਨਹੀਂ ਹੈ। ਵੈਸੇ ਵੀ ਲੋਕ ਜ਼ਿਆਦਾ ਸ਼ਹਿਰਾਂ ਵਿਚ ਹੀ ਕੰਸੈਂਟਰੇਟ ਕਰਦੇ ਹਨ ਅਤੇ ਉਥੇ ਤਾਂ ਕਈ ਕਾਲਜਿਜ਼ ਵਿੱਚ ਪੰਜ ਪੰਜ ਹਜ਼ਾਰ ਦੀ ਸਟਰੈਂਥ ਹੁੰਦੀ ਹੈ। ਸਰਕਾਰ ਏਨੀ ਗਰਾਂਟ ਵੀ ਨਹੀਂ ਦੇ ਸਕਦੀ ਅਤੇ ਅੱਗੋਂ ਟੀਚਰਾਂ ਨੂੰ ਤਨਖਾਹਾਂ ਨਹੀਂ ਮਿਲਦੀਆਂ। ਕੀ ਸਰਕਾਰ ਕਸਬਿਆਂ ਦੇ ਕਾਲਜਿਜ਼ ਵਿੱਚ ਵੀ ਇਸ ਤਰ੍ਹਾਂ ਦੀ ਰੇਸ਼ੋ ਪ੍ਰੋਵਾਈਡ ਕਰੇਗੀ ਤਾਂ ਕਿ ਮੁੰਡੇ ਕਸਬਿਆਂ ਵਿੱਚ ਵੀ ਦਾਖਲਾ ਲੈ ਸਕਣ ?

**ਮੰਤਰੀ:** ਸਪੀਕਰ ਸਾਹਿਬ, ਇਸ ਤੇ ਥੋੜ੍ਹੇ ਦਿਨ ਹੋਏ, ਅਸੀਂ ਵਿਚਾਰ ਕੀਤਾ ਸੀ ਕਿ ਰੇਸ਼ੋ ਫਿਕਸ ਕਰ ਦੇਈਏ। ਪਰ ਇਸ ਲਈ ਕੁਝ ਮੁਸ਼ਕਲਾਂ ਆਉਂਦੀਆਂ ਹਨ। ਕਿਉਂਕਿ ਜਿਹੜੇ ਦਿਹਾਤੀ ਕਾਲਜਿਜ਼ ਹਨ, ਉਨ੍ਹਾਂ ਵਿੱਚ ਏਨੀਆਂ ਫੈਸਿਲਿਟੀਜ਼ ਅਵੇਲੇਬਲ ਨਹੀਂ ਹਨ। ਇਸ ਤਰ੍ਹਾਂ ਬੱਚਿਆਂ ਨੂੰ ਉਥੇ ਦਾਖਲ ਕਰਕੇ ਅਸੀਂ ਉਨ੍ਹਾਂ ਨੂੰ ਕਈ ਸਹੂਲਤਾਂ ਤੋਂ ਡਿਪਰਾਈਵ ਕਰ ਦੇਵਾਂਗੇ ਜਿਹੜੀਆਂ ਉਹ ਸ਼ਹਿਰਾਂ ਵਿੱਚ ਪਾ ਲੈਂਦੇ ਹਨ। ਇਸ ਵਿੱਚ ਕਈ ਮੁਸ਼ਕਲਾਂ ਆਉਂਦੀਆਂ ਹਨ।

**ਸ੍ਰੀ ਨੁਸਰਤ ਅਲੀ ਖਾਨ:** ਸਪੀਕਰ ਸਾਹਿਬ, ਮੈਂ ਜਨਾਬ ਦੇ ਜ਼ਰੀਏ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਮਲੇਰਕੋਟਲਾ ਵਿੱਚ 2 ਪ੍ਰਾਈਵੇਟ ਸਕੂਲ ਹਨ ਇਕ ਇਸਲਾਮੀਆ ਹਾਈ ਸਕੂਲ ਔਰ ਦੂਸਰਾ ਕੰਬੋਜ ਮੁਸਲਿਮ ਹਾਈ ਸਕੂਲ ਹੈ। ਉਨ੍ਹਾਂ ਵਿੱਚ 1967 ਤੋਂ ਜਿਹੜੀ ਗਰਾਂਟ ਦਿੱਤੀ ਜਾ ਰਹੀ ਹੈ, ਉਸ ਤੋਂ ਬਾਅਦ ਉਸ ਵਿੱਚ ਕੋਈ ਇਜ਼ਾਫਾ ਨਹੀਂ ਕੀਤਾ ਗਿਆ। ਉਨ੍ਹਾਂ ਸਕੂਲਾਂ ਵਿੱਚ ਬੱਚਿਆਂ ਦੀ ਤਾਦਾਦ ਵੀ ਜ਼ਿਆਦਾ ਹੋ ਗਈ ਹੈ ਅਤੇ ਕਈ ਟੀਚਰਜ਼ ਵੀ ਰਖੇ ਗਏ ਹਨ। ਕੀ ਮੰਤਰੀ ਜੀ ਇਸ ਵੱਲ ਤਵੱਜੋ ਦੇ ਕੇ ਗਰਾਂਟ ਵਧਾਉਣਗੇ ?

**ਸ੍ਰੀ ਸਪੀਕਰ:** ਨੁਸਰਤ ਅਲੀ ਖਾਨ ਸਾਹਿਬ, ਇਸ ਗੱਲ ਦਾ ਇਸ ਸਵਾਲ ਨਾਲ ਕੋਈ ਸਬੰਧ ਨਹੀਂ ਹੈ। ਮੁਆਫ ਕਰਨਾ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਮਹਿਤਾਬ ਸਿੰਘ**: ਸਪੀਕਰ ਸਾਹਿਬ, ਕਈ ਬਾਰਡਰ ਏਰੀਆ ਹਨ, ਬੇਟ ਏਰੀਆ ਹਨ ਅਤੇ ਕਈ ਪਛੜੇ ਹੋਏ ਇਲਾਕੇ ਹਨ ਜਿਨ੍ਹਾਂ ਵਿੱਚ ਕਿ ਬਹੁਤ ਵੱਡੀ ਆਬਾਦੀ ਵਾਲੇ ਪਿੰਡ ਵੀ ਹਨ ਜਿਨ੍ਹਾਂ ਵਿੱਚ 100—150 ਘਰ ਹਨ, ਉਥੇ ਨਾ ਪ੍ਰਾਇਮਰੀ ਸਕੂਲ ਹਨ ਅਤੇ ਨਾ ਕੋਈ ਬਰਾਂਚ ਹੀ ਹੈ, ਜਿਸ ਕਰਕੇ ਬੱਚਿਆਂ ਨੂੰ ਸਕੂਲ ਕਾਫੀ ਦੂਰ ਜਾਣਾ ਪੈਂਦਾ ਹੈ ਅਤੇ ਰਸਤੇ ਵਿੱਚ ਕਈ ਬੇਈਆਂ, ਨਦੀਆਂ ਅਤੇ ਨਾਲੇ ਪਾਰ ਕਰਕੇ ਪੰਜ ਛੇ ਸਾਲ ਦੇ ਬੱਚਿਆਂ ਨੂੰ ਜਾਣਾ ਪੈਂਦਾ ਹੈ। ਕੀ ਇਹ ਇਨ੍ਹਾਂ ਪਿੰਡਾਂ ਵਿੱਚ ਵੀ ਪ੍ਰਾਇਮਰੀ ਸਕੂਲ ਖੋਲ੍ਹ ਦੇਣਗੇ?

**ਮੰਤਰੀ**: ਸਪੀਕਰ ਸਾਹਿਬ, ਸਰਕਾਰ ਦੀ ਤਾਂ ਇਹ ਪਾਲਿਸੀ ਹੈ ਕਿ ਹਰ ਥਾਂ ਪ੍ਰਾਇਮਰੀ ਸਕੂਲ ਹੋਵੇ। ਜੇ ਕੋਈ ਐਸੀ ਜਗ੍ਹਾ ਹੈ ਜਿਥੇ ਪ੍ਰਾਇਮਰੀ ਸਕੂਲ ਨਾ ਹੋਵੇ, ਤਾਂ ਇਹ ਮੈਨੂੰ ਦੱਸ ਦੇਣ।

---

## Atomic Power Plant

***268. Prof. Darbari Lal :** Will the Chief Minister be pleased to state whether there is any proposal under the consideration of Government to instal Atomic Power Plant in the State for meeting the ever increasing demand for energy, if so, the approximate time by which the Plant is likely to be installed ?

**ਸਰਦਾਰ ਸੁਰਜੀਤ ਸਿੰਘ ਬਰਨਾਲਾ**: ਰਾਜ ਸਰਕਾਰ ਨੇ ਪੰਜਾਬ ਵਿਚ ਅਟਾਮਿਕ ਪਲਾਂਟ ਸਥਾਪਤ ਕਰਨ ਲਈ ਭਾਰਤ ਸਰਕਾਰ ਨੂੰ ਬੇਨਤੀ ਕੀਤੀ ਹੈ। ਕੇਂਦਰੀ ਸਰਕਾਰ ਨਾਲ ਇਸ ਮਾਮਲੇ ਦਾ ਪਿੱਛਾ ਕੀਤਾ ਜਾ ਰਿਹਾ ਹੈ, ਪਰੰਤੂ ਅਜੇ ਕੋਈ ਫੈਸਲਾ ਨਹੀਂ ਹੋਇਆ।

**ਪ੍ਰੋਫੈਸਰ ਦਰਬਾਰੀ ਲਾਲ**: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਅਟਾਮਿਕ ਪਾਵਰ ਪਲਾਂਟ ਤੇ ਕਿੰਨੀ ਅਮਾਊਂਟ ਇਨਵਾਲਵਡ ਹੈ ਅਤੇ ਇਹ ਕਦੋਂ ਤੱਕ ਲੱਗ ਜਾਵੇਗਾ ?

**ਮੁੱਖ ਮੰਤਰੀ**: ਸਪੀਕਰ ਸਾਹਿਬ, ਅਮਾਊਂਟ ਦਾ ਤਾਂ ਉਦੋਂ ਹੀ ਪਤਾ ਲਗੇਗਾ ਜਦੋਂ ਸੈਂਟਰਲ ਗੌਰਮਿੰਟ ਇਹ ਲਗਾਉਣ ਲਈ ਐਗਰੀ ਹੋ ਜਾਵੇਗੀ। ਅਸੀਂ ਵੈਸੇ 2000 ਮੈਗਾਵਾਟ ਵਾਸਤੇ ਪ੍ਰੈਸ ਕਰ ਰਹੇ ਹਾਂ ਕਿ ਇਸ ਕਪੈਸਿਟੀ ਦਾ ਅਟਾਮਿਕ ਪਾਵਰ ਪਲਾਂਟ ਲਗਾਇਆ ਜਾਵੇ। ਬਾਕੀ ਕਾਸਟ ਤੇ ਡਿਪੈਂਡ ਕਰਦੀ ਹੈ ਕਿ ਇਹ ਪਾਵਰ ਪਲਾਂਟ ਕਦੋਂ ਲਗਦਾ ਹੈ।

**ਪ੍ਰੋਫੈਸਰ ਦਰਬਾਰੀ ਲਾਲ**: ਸਪੀਕਰ ਸਾਹਿਬ, ਇਹ ਗੱਲ ਸੈਂਟਰਲ ਗੌਰਮਿੰਟ ਨਾਲ ਕਿਥੋਂ ਤੱਕ ਪਹੁੰਚੀ ਹੈ ਕਿਉਂਕਿ ਪੰਜਾਬ ਵਿੱਚ ਬਿਜਲੀ ਦੀ ਘਾਟ ਹੈ ਅਤੇ ਅਗਰ ਇਸਦੀ ਅਪਰੂਵਲ ਮਿਲ ਜਾਂਦੀ ਹੈ ਤਾਂ ਕੀ ਇਹ ਉਸ ਨੂੰ ਅੰਮ੍ਰਿਤਸਰ ਵਿੱਚ ਇਨਸਟਾਲ ਕਰਵਾਉਣਗੇ ?

**ਮੁੱਖ ਮੰਤਰੀ**: ਸਪੀਕਰ ਸਾਹਿਬ, ਪੰਜਾਬ ਸਰਕਾਰ ਦੀ ਰਿਕੁਐਸਟ ਤੇ ਇਕ ਗੌਰਮਿੰਟ ਆਫ ਇੰਡੀਆ ਦੀ ਸਾਈਟ ਸਿਲੈਕਸ਼ਨ ਕਮੇਟੀ ਵੀ ਆਈ ਅਤੇ ਉਸਨੇ 8 ਦੇ ਕਰੀਬ ਸਾਈਟਸ ਦੇਖੀਆਂ। 2 ਸਾਈਟਸ ਇਕ ਚਮਕੌਰ ਸਾਹਿਬ ਅਤੇ ਇਕ ਪਾਤੜਾਂ ਦੇ ਕਰੀਬ ਇਸ ਨੂੰ ਲਗਾਉਣਾ ਉਨ੍ਹਾਂ ਨੇ ਮੁਨਾਸਿਬ ਸਮਝਿਆ। ਇਹ ਜਗ੍ਹਾਂ ਅੱਛੀਆਂ ਹਨ। ਉਹ ਕਹਿੰਦੇ ਸੀ ਕਿ ਇਸਦੇ ਕੋਲ 400 ਕਿਊਸਿਕਸ ਪਾਣੀ ਵਗਣਾ ਚਾਹੀਦਾ ਹੈ ਅਤੇ 1660 ਹੈਕਟੇਅਰ ਜ਼ਮੀਨ ਚਾਹੀਦੀ ਹੈ। ਪੰਜਾਬ ਸਰਕਾਰ ਨੇ ਲਿਖਿਆ ਹੈ ਕਿ ਸਾਨੂੰ ਇਹ ਦੋਵੇਂ ਚੀਜ਼ਾਂ ਮਨਜ਼ੂਰ ਹਨ। ਕੋਈ ਵੀ ਸਾਈਟ ਸਿਲੈਕਟ ਕਰ ਲਈ ਜਾਵੇ। ਹਾਲੇ ਇਹ ਮਾਮਲਾ ਇਥੋਂ ਤੱਕ ਪਹੁੰਚਿਆ ਹੈ।

Original with;
Punjab Vidhan Sabha
Digitized by;
Panjab Digital Library

**ਸਰਦਾਰ ਕਿਰਪਾਲ ਸਿੰਘ** : ਸਪੀਕਰ ਸਾਹਿਬ, ਕੀ ਸਰਕਾਰ ਨੂੰ ਇਹ ਆਸ ਹੈ ਕਿ ਜਿਹੜਾ ਪਲਾਂਟ ਕਾਂਗਰਸ ਦੇ 30 ਸਾਲ ਦੇ ਤਰਲਿਆਂ ਨਾਲ ਨਹੀਂ ਮਿਲਿਆ, ਉਹ ਇਨ੍ਹਾਂ ਨੂੰ ਮਿਲ ਜਾਵੇਗਾ?

**ਅਪੋਜ਼ੀਸ਼ਨ ਵਲੋਂ ਆਵਾਜ਼ਾਂ** : ਇਹ ਤਾਂ ਮੂਵ ਹੀ ਕਾਂਗਰਸ ਦੀ ਸਰਕਾਰ ਨੇ ਕੀਤਾ ਹੈ।

**ਮੁੱਖ ਮੰਤਰੀ** : ਸਪੀਕਰ ਸਾਹਿਬ, ਪੰਜਾਬ ਵਿਚ ਬਿਜਲੀ ਦੀ ਬੜੀ ਥੁੜ ਹੈ। ਇਸ ਲਈ ਅਸੀਂ ਇਸ ਗੱਲ ਤੇ ਬਹੁਤ ਪਰੈਸ਼ਰ ਪਾ ਰਹੇ ਹਾਂ। ਕਿਉਂਕਿ ਹੁਣ ਹਾਈਡਰੋ ਇਕਲੈਟਰੋਨਿਕ ਜਿੰਨੇ ਲਗ ਸਕਦੇ ਸੀ, ਲਗ ਗਏ ਅਤੇ ਹੁਣ ਤਾਂ ਅਸੀਂ ਮਿੰਨੀ ਹਾਈਡਰੋ ਤੇ ਆ ਗਏ ਹਾਂ। ਥਰਮਲ ਪਲਾਂਟਸ ਲਈ ਕੋਲਾ ਵੀ ਬੜੀ ਦੂਰੋਂ ਲਿਆਉਣਾ ਪੈਂਦਾ ਹੈ ਅਤੇ ਬੜੀ ਮੁਸ਼ਕਲ ਪੈਂਦੀ ਹੈ। ਇਸ ਲਈ ਹੁਣ ਇਹੋ ਇਕ ਚੀਜ਼ ਰਹਿ ਗਈ ਹੈ ਜਿਹੜੀ ਸਾਨੂੰ ਮਿਲਣੀ ਚਾਹੀਦੀ ਹੈ। ਮੈਨੂੰ ਆਸ ਹੈ ਕਿ ਸ਼ਾਇਦ ਅਸੀਂ ਕਾਮਯਾਬ ਹੋ ਜਾਈਏ।

**ਸਰਦਾਰ ਕੁਲਦੀਪ ਸਿੰਘ ਵਡਾਲਾ** : ਸਪੀਕਰ ਸਾਹਿਬ, ਯੂਰਪ ਵਿੱਚ ਇਹ ਗੱਲ ਡਿਵੈਲਪ ਹੋ ਗਈ ਹੈ ਕਿ ਅਟਾਮਿਕ ਪਾਵਰ ਪਲਾਂਟ ਨਹੀਂ ਬਣਾਉਣੇ ਚਾਹੀਦੇ ਹਨ ਕਿਉਂਕਿ ਇਹ ਹਿਊਮਨ ਲਾਈਫ ਲਈ ਰਿਸਕੀ ਹਨ। ਕੀ ਮੁੱਖ ਮੰਤਰੀ ਜੀ ਦੱਸਣਗੇ ਕਿ ਇਸ ਨਾਲ ਕੋਈ ਕਿਸੇ ਤਰ੍ਹਾਂ ਦਾ ਨੁਕਸਾਨ ਤਾਂ ਨਹੀਂ ਹੋਵੇਗਾ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਜਦੋਂ ਅਸੀਂ ਵੀ ਯੂਰਪ ਜਿੰਨੀ ਬਿਜਲੀ ਪੈਦਾ ਕਰ ਲਵਾਂਗੇ ਤਾਂ ਇਸ ਕਿਸਮ ਦੀਆਂ ਗੱਲਾਂ ਸੋਚਾਂਗੇ। ਅੱਜ ਤਾਂ ਹਾਲੇ ਬਿਜਲੀ ਦੀ ਕਮੀ ਨੂੰ ਪੂਰਾ ਕਰਨ ਦੀ ਗੱਲ ਹੀ ਸੋਚੀ ਜਾ ਸਕਦੀ ਹੈ।

**ਸ੍ਰੀ ਸਪੀਕਰ** : ਵਡਾਲਾ ਸਾਹਿਬ, ਤੁਸੀਂ ਇਹ ਨਹੀਂ ਕਿਹਾ ਕਿ ਹਾਊਸ ਦੀ ਇਕ ਕਮੇਟੀ ਬਣਾ ਦਿੱਤੀ ਜਾਵੇ ਜਿਹੜੀ ਯੂਰਪ ਜਾ ਕੇ ਸਰਵੇ ਕਰਕੇ ਆਵੇ।

**Starred Question No. 249***

**Mr. Speaker** : Extension has been asked for in respect of Starred Question No. 249.

**Unauthorised construction of houses on Mehlanwali Nandgarh—Bassi Hassat Khan Road**

***231. Pandit Sarwan Ram Mansowalia** : Will the Chief Minister be pleased to state whether it is a fact that unauthorised construction of houses has been made on Mehlanwali Nandgarh-Bassi Hassat Khan Road in district Hoshiarpur, if so, the details thereof ?

**ਸਰਦਾਰ ਲੱਖਾ ਸਿੰਘ ਦਾਲਮ** (ਰਾਜ ਮੰਤਰੀ, ਲੋਕ ਸੰਪਰਕ): ਨਹੀਂ ਜੀ। ਮਹਿਲਾਂ ਵਾਲੀ ਨੰਦਗੜ੍ਹ ਬੱਸੀ ਹਸਤ ਖ਼ਾਨ ਸੜਕ ਤੇ ਕੋਈ ਵੀ ਅਨਅਧਿਕਾਰਤ ਮਕਾਨ ਨਹੀਂ ਬਣੇ ਹੋਏ ਹਨ।

**ਸ੍ਰੀ ਓਮ ਪ੍ਰਕਾਸ਼ ਗੁਪਤਾ** : ਸਪੀਕਰ ਸਾਹਿਬ, 2-8-84 ਨੂੰ ਰਾਮ ਮੂਰਤੀ ਕਾਲੀਆ ਓਲਡ ਪੋਸਟ ਆਫਿਸ, ਮਹਿਲਾਂਵਾਲੀ ਨੇ ਡਿਪਟੀ ਕਮਿਸ਼ਨਰ ਨੂੰ ਲਿਖ ਕੇ ਸ਼ਕਾਇਤ ਕੀਤੀ ਸੀ ਜਿਸਦੀ

*For Starred Question No. 249 and reply threrto, please see Appendix to this Debate.

Original with;
Punjab Vidhan Sabha
Digitized by;
Panjab Digital Library

[ਸ੍ਰੀ ਓਮ ਪ੍ਰਕਾਸ਼ ਗੁਪਤਾ]

ਬਾਕਾਇਦਾ ਇਨਕੁਆਇਰੀ ਕਰਵਾਈ ਗਈ ਸੀ ਅਤੇ ਤਹਿਸੀਲਦਾਰ ਨੇ ਲਿਖ ਕੇ ਦਿੱਤਾ ਸੀ ਕਿ ਉਥੇ ਨਾਜਾਇਜ਼ ਮਕਾਨ ਬਣਾਏ ਹੋਏ ਹਨ ਜਿਸਦੀ ਕਿ ਮੇਰੇ ਕੋਲ ਫੋਟੋਸਟੇਟ ਕਾਪੀ ਵੀ ਹੈ । ਵਜ਼ੀਰ ਸਾਹਿਬ ਆਪਣੀ ਫਾਈਲ ਵਿੱਚ ਵੀ ਇਸ ਫੈਸਲੇ ਦੀ ਕਾਪੀ ਦੇਖ ਲੈਣ ਕਿ ਇਸ ਇਨਕੁਆਇਰੀ ਤੇ ਕੋਈ ਰਿਪੋਰਟ ਲਗੀ ਹੈ ਜਾਂ ਕਿ ਨਹੀਂ । ਇਸਦਾ ਕੋਈ ਫੈਸਲਾ ਨਹੀਂ ਹੋਇਆ, ਕੀ ਇਹ ਇਸ ਤੇ ਨਵੀਂ ਇਨਕੁਆਇਰੀ ਕਰਵਾਉਣਗੇ ?

**ਰਾਜ ਮੰਤਰੀ, ਲੋਕ ਸੰਪਰਕ :** ਸਪੀਕਰ ਸਾਹਿਬ, ਐਸੀ ਰਿਪੋਰਟ ਤਾਂ ਸਰਕਾਰ ਪਾਸ ਅਜੇ ਕੋਈ ਪਹੁੰਚੀ ਨਹੀਂ। ਕਾਰਜਕਾਰੀ ਇੰਜੀਨੀਅਰ, ਹੁਸ਼ਿਆਰਪੁਰ ਨੇ 7-3-86 ਨੂੰ ਮੌਕੇ ਤੇ ਜਾ ਕੇ ਦੇਖਿਆ ਹੈ ਕਿ ਜਿਹੜੀ ਪੀ.ਡਬਲਿਊ. ਡੀ. (ਬੀ.ਐਂਡ ਆਰ.) ਨੂੰ ਜਗ੍ਹਾ ਦਿੱਤੀ ਗਈ ਸੀ, ਉਥੇ ਕੋਈ ਅਨ-ਆਥੋਰਾਈਜ਼ਡ ਕੰਸਟ੍ਰਕਸ਼ਨ ਨਹੀਂ ਹੋਈ ਹੈ ।

**ਸ੍ਰੀ ਓਮ ਪ੍ਰਕਾਸ਼ ਗੁਪਤਾ :** ਸਪੀਕਰ ਸਾਹਿਬ, ਮੈਂ ਬੇਨਤੀ ਕੀਤੀ ਹੈ ਕਿ ਇਹ ਚਿੱਠੀ ਡੀ.ਸੀ. ਆਫਿਸ ਵਿੱਚ ਹੈ, ਮੌਕੇ ਤੇ ਜਾ ਕੇ ਇਨਕੁਆਇਰੀ ਕਰ ਲੈਣ । ਮੁਮਕਿਨ ਹੈ ਕਿ ਇਨ੍ਹਾਂ ਨੇ ਜਗ੍ਹਾ ਹੋਰ ਘੋਖੀ ਹੋਵੇ ।

**ਰਾਜ ਮੰਤਰੀ :** ਸਪੀਕਰ ਸਾਹਿਬ, ਜਿਹੜੀ ਇਨ੍ਹਾਂ ਨੇ ਇਤਲਾਹ ਦਿੱਤੀ ਹੈ ਉਥੇ ਕੋਈ ਅਨ-ਆਥੋਰਾਈਜ਼ਡ ਕੰਸਟ੍ਰਕਸ਼ਨ ਨਹੀਂ ਹੈ । ਜੇ ਇਹ ਕੋਈ ਨਵੀਂ ਗੱਲ ਸਾਡੇ ਧਿਆਨ ਵਿੱਚ ਲਿਆਉਗੇ ਤਾਂ ਸਰਕਾਰ ਇਸ ਤੇ ਇਨਕੁਆਇਰੀ ਕਰਵਾਉਣ ਲਈ ਤਿਆਰ ਹੈ।

---

**Tribunals for hearing cases of Land Acquired by Improvement Trusts**

*245. **Sardar Kirpal Singh** : Will the Chief Minister be pleased to state—

(a) the places where the Government has appointed Tribunals headed by Session Judges for hearing appeals in respect of cases against acquired lands by the Improvement Trusts;

(b) the number of such Tribunal actually functioning ;

(c) the number of cases pending with each Tribunal as on 1st January, 1986 and since when ;

(d) whether the Government is contemplating the appointment of such Tribunals at places where those are not already functioning ?

**ਸਰਦਾਰ ਸੁਰਜੀਤ ਸਿਘ ਬਰਨਾਲਾ :** (ੳ) ਲੋੜੀਂਦੀ ਸੂਚਨਾ ਅਨੁਲੱਗ 'ਏ' ਅਨੁਸਾਰ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

(ਅ) ਪੰਜ ।

(ੲ) ਲੋੜੀਂਦੀ ਸੂਚਨਾ ਅਨੁਲਗ 'ਬੀ' ਅਨੁਸਾਰ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

(ਸ) ਹਾਂ ਜੀ।

Original with;
Punjab Vidhan Sabha
Digitized by;
Panjab Digital Library

## ANNEXURE 'A'

The details of places where the Government has appointed Tribunals for the various Improvement Trusts are as under:—

| Serial No. | Name of the District Headquarter | Name of the Improvement Trust |
|---|---|---|
| 1 | Kapurthala | Kapurthala & Phagwara |
| 2 | Patiala | Patiala |
| 3 | Faridkot | Moga |
| 4 | Ludhiana | Ludhiana & Khanna |
| 5 | Bhatinda | Bhatinda |
| 6 | Hoshiarpur | Hoshiarpur |
| 7 | Gurdaspur | Batala & Pathankot |
| 8 | Jalandhar | Jalandhar |
| 9 | Amritsar | Amritsar |
| 10 | Ropar | Ropar |

## ANNEXURE 'B'

The details of number of cases pending with each Tribunal as on 1st January, 1986 and since when :

| Serial No. | Name of the Tribunal for the Trust | No. of cases | Pending since when |
|---|---|---|---|
| 1 | Pathankot | 2 | 1985 |
| 2 | Amritsar | 705<br>38<br>123 | 1975<br>1978<br>1985 |
| 3 | Hoshiarpur | 2<br>10 | 1982<br>1985 |
| 4 | Khanna | 17<br>29 | 1979<br>1985 |
| 5 | Ropar | 35 | 1985 |
| 6 | Moga | 3 | 1980 |
| 7 | Jalandhar | 3<br>18<br>10<br>32<br>39<br>4 | 1974<br>1977<br>1978<br>1980<br>1981<br>1982 |

Original with;
Punjab Vidhan Sabha
Digitized by;
Panjab Digital Library

[Chief Minister]

| Serial No. | Name of the Tribunal for the Trust | No. of cases | Pending since when |
|---|---|---|---|
| 8 | Kapurthala | 9 | 1977 |
| 9 | Phagwara | 18 | 1977 |
| | | 8 | 1978-79 |
| | | 9 | 1979-80 |
| 10 | Bhatinda | 26 | 1977 |
| | | 17 | 1985 |
| 11 | Ludhiana | 41 | 1975 |
| | | 78 | 1976 |
| | | 227 | 1977 |
| | | 26 | 1978 |
| | | 41 | 1979 |
| | | 69 | 1980 |
| | | 21 | 1981 |
| | | 248 | 1982 |
| | | 1 | 1984 |
| | | 30 | 1985 |
| 12 | Patiala | 100 | 1980 |
| 13 | Batala | 2 | 1978 |
| | | 19 | 1984 |
| | | 9 | 1985 |

**ਸਰਦਾਰ ਕਿਰਪਾਲ ਸਿੰਘ** : ਸਪੀਕਰ ਸਾਹਿਬ, ਮੈਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਅੰਮ੍ਰਿਤਸਰ ਦੀ ਟ੍ਰਿਬਿਊਨਲ ਕਦੋਂ ਤੋਂ ਡਿਫੰਕਟ ਹੈ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਅੰਮ੍ਰਿਤਸਰ ਦੀ ਟ੍ਰਿਬਿਊਨਲ ਡਿਫੰਕਟ ਤਾਂ ਨਹੀਂ ਹੈ। ਉਥੇ ਕਈ ਪੈਂਡਿੰਗ ਕੇਸਿਜ਼ ਜਮ੍ਹਾਂ ਹੋ ਗਏ ਹਨ। ਅਸੀਂ ਇਹ ਕੋਸ਼ਿਸ਼ ਕਰ ਰਹੇ ਹਾਂ ਕਿ ਇਹ ਜਲਦੀ ਨਿਪਟਾਏ ਜਾਣ ।

**ਸਰਦਾਰ ਕਿਰਪਾਲ ਸਿੰਘ** : ਸਪੀਕਰ ਸਾਹਿਬ, ਇਹ ਜਿੰਨਾਂ ਚਿਰ ਟ੍ਰਿਬਿਊਨਲ ਵਜੂਦ ਵਿੱਚ ਨਹੀਂ ਆਇਆ, ਉਨਾਂ ਚਿਰ ਦੇ ਮੁਆਵਜ਼ੇ ਤੇ ਲੋਕਾਂ ਦਾ ਹੱਕ ਹੈ ਕਿਉਂਕਿ ਲੋਕਾਂ ਨੂੰ ਸਰਕਾਰ ਦੀ ਬੇਧਿਆਨੀ ਕਰਕੇ ਨੁਕਸਾਨ ਉਠਾਉਣਾ ਪਿਆ ਹੈ । ਕੀ ਇਹ ਲੋਕਾਂ ਨੂੰ ਮੁਆਵਜ਼ਾ ਦੇਣ ਦਾ ਵੀ ਫੈਸਲਾ ਕਰਨਗੇ ?

**ਮੁੱਖ ਮੰਤਰੀ** : ਜਦੋਂ ਕਿਸੇ ਦੀ ਜ਼ਮੀਨ ਐਕੁਆਇਰ ਹੋ ਜਾਂਦੀ ਹੈ ਤਾਂ ਉਸਦੇ ਪੈਸੇ ਤੇ ਇੰਟਰੈਸਟ ਪੈਂਦਾ ਰਹਿੰਦਾ ਹੈ । ਹੋਰ ਕਿਸੇ ਮੁਆਵਜ਼ੇ ਦੀ ਤਾਂ ਕੋਈ ਪ੍ਰੋਵੀਜ਼ਨ ਨਹੀਂ ਹੁੰਦੀ।

ਨਿਸ਼ਾਨ ਵਾਲਾ ਪ੍ਰਸ਼ਨ ਨੰ: 278

(ਸਬੰਧਤ ਮਾਨਯੋਗ ਮੈਂਬਰ ਸਦਨ ਵਿਚ ਹਾਜ਼ਰ ਨਹੀਂ ਸੀ।)

**ਸ਼੍ਰੀ ਰਾਧਾ ਕ੍ਰਿਸ਼ਨ** : ਸਪੀਕਰ ਸਾਹਿਬ, ਇਹ ਸਵਾਲ ਤਾਂ ਬੜਾ ਇੰਪਾਰਟੈਂਟ ਹੈ। ਜੇ ਤੁਸੀਂ ਇਜਾਜ਼ਤ ਦਿਓ ਤਾਂ ਬੜੀ ਮਿਹਰਬਾਨੀ ਹੋਵੇਗੀ ।

Original with;
Punjab Vidhan Sabha
Digitized by;
Panjab Digital Library

ਸ੍ਰੀ ਸਪੀਕਰ : ਸੋਰੀ, ਚੌਧਰੀ ਸਾਹਿਬ, ਇਸ ਸਬੰਧੀ ਮੇਰੇ ਕੋਲ ਰਿਟਨ ਅਥਾਰਿਟੀ ਕੋਈ ਨਹੀਂ ਹੈ ਅਤੇ ਨਾ ਹੀ ਤੁਹਾਡੇ ਕੋਲ ਹੈ । Next Question please.

---

## Award of Scholarship to Students

***269. Shri Harnam Dass Johar, Advocate :** Will the Minister for Education be pleased to state whether the Government proposes to grant scholarships to students on merit irrespective of the income of their parents, if not, the reasons there of ?

**ਸਰਦਾਰ ਸੁਖਜਿੰਦਰ ਸਿੰਘ :** ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ ।

**ਸ੍ਰੀ ਹਰਨਾਮ ਦਾਸ ਜੌਹਰ ਐਡਵੋਕੇਟ :** ਸਪੀਕਰ ਸਾਹਿਬ, ਸਕਾਲਰਸ਼ਿਪ ਮਿਹਨਤ ਕਰਨ ਵਾਲੇ ਬੱਚਿਆਂ ਨੂੰ ਉਨ੍ਹਾਂ ਦੀ ਲਿਆਕਤ ਕਰਕੇ ਦਿੱਤਾ ਜਾਂਦਾ ਹੈ । ਇਸ ਲਈ ਉਨ੍ਹਾਂ ਦੇ ਗਾਰਡੀਅਨ ਜਾਂ ਪੇਅਰੇਂਟਸ ਨਾਲ ਜੋੜਨਾ ਠੀਕ ਨਹੀਂ ਹੈ ਕਿ ਉਨ੍ਹਾਂ ਦੀ ਇਨਕਮ ਕਿੰਨੀ ਹੈ। ਮੰਤਰੀ ਸਾਹਿਬ ਨੇ ਦੱਸਿਆ ਹੈ ਕਿ ਮਾਮਲੇ ਤੇ ਵਿਚਾਰ ਕਰ ਰਹੇ ਹਨ। ਇਹ ਬਹੁਤ ਇੰਪਾਰਟੈਂਟ ਮੈਟਰ ਹੈ। ਬੱਚਿਆਂ ਨੂੰ ਇਸ ਨਾਲ ਐਨਕਰੇਜਮੈਂਟ ਮਿਲਦੀ ਹੈ । ਕੀ ਮੰਤਰੀ ਜੀ ਦੱਸ ਸਕਣਗੇ ਕਿ ਕਦੋਂ ਤੱਕ ਇਹ ਫੈਸਲਾ ਕਰ ਦਿੱਤਾ ਜਾਵੇਗਾ ?

**ਮੰਤਰੀ :** ਸਪੀਕਰ ਸਾਹਿਬ, ਇਹ ਜਿਹੜਾ ਸਕਾਲਰਸ਼ਿਪ ਹੈ, ਇਹ ਲਾਇਕ ਤੇ ਗਰੀਬ ਬੱਚਿਆਂ ਨੂੰ ਮਿਲਦਾ ਹੈ । ਸਕੂਲ ਤੇ ਕਾਲਜ ਦੇ ਬੱਚਿਆਂ ਵਾਸਤੇ ਪਹਿਲਾਂ ਇਸ ਦੀ ਲਿਮਿਟ ਮੁਕੱਰਰ ਸੀ। ਹੁਣ ਸਕੂਲਾਂ ਵਾਸਤੇ ਇਹ ਲਿਮਿਟ ਅਬਾਲਿਸ਼ ਹੋ ਚੁਕੀ ਹੈ। ਉਨ੍ਹਾਂ ਦੇ ਪੇਅਰੇਂਟਸ ਦੀ ਆਮਦਨ ਦੀ ਹੁਣ ਕੋਈ ਲਿਮਿਟ ਨਹੀਂ ਹੈ । ਕਾਲਜ ਦੇ ਬੱਚਿਆਂ ਵਾਸਤੇ 15 ਹਜ਼ਾਰ ਰੁਪਏ ਦੀ ਲਿਮਿਟ ਮੌਜੂਦ ਹੈ। ਅਸੀਂ ਸਿਫਾਰਿਸ਼ ਕੀਤੀ ਹੈ ਕਿ ਇਹ ਲਿਮਿਟ ਵੀ ਅਬਾਲਿਸ਼ ਕਰ ਦਿੱਤੀ ਜਾਵੇ ਤਾਂ ਕਿ ਉਹ ਇਸ ਤੋਂ ਵਾਂਝੇ ਨਾ ਰਹਿ ਜਾਣ ।

**ਸਰਦਾਰ ਕੁਲਦੀਪ ਸਿੰਘ ਵਡਾਲਾ :** ਜਿਸ ਤਰ੍ਹਾਂ ਬੈਕਵਰਡ ਕਲਾਸ ਅਤੇ ਸ਼ੈਡਿਊਲਡ ਕਾਸਟ ਦੇ ਬੱਚਿਆਂ ਨੂੰ ਫਰੀ ਐਜੂਕੇਸ਼ਨ ਦਿੱਤੀ ਜਾਂਦੀ ਹੈ, ਇਸੇ ਤਰ੍ਹਾਂ ਦੂਸਰੇ ਬੱਚਿਆਂ ਨੂੰ ਵੀ ਵਿਦਆਊਟ ਕਾਸਟ ਐਂਡ ਕਰੀਡ ਇਹ ਸਹੂਲਤਾਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ ।

(ਕੋਈ ਉਤਰ ਨਹੀਂ ਆਇਆ)

**ਸਰਦਾਰ ਦਲੀਪ ਸਿੰਘ ਪਾਂਧੀ :** ਸਪੀਕਰ ਸਾਹਿਬ, ਸਰਕਾਰ ਦੀ ਇਹ ਜਾਇੰਟ ਰਿਸਪਾਂਸੀਬਿਲਟੀ ਹੈ । ਸਕਾਲਰਸ਼ਿਪ ਵਾਸਤੇ ਓਨਰਸ਼ਿਪ ਦੀ ਲਿਮਿਟ ਨਹੀਂ ਵਧੀ । ਜਿੰਨੀ ਦੇਰ ਇਹ ਨਹੀਂ ਵਧਦੀ, ਕੀ ਉਨੀ ਦੇਰ ਤੱਕ ਕਮੇਂਡੇਟਰੀ ਸ਼ਕਲ ਵਿਚ ਇਹ ਕੋਈ ਇੰਤਜ਼ਾਮ ਕਰਨਗੇ ਤਾਂ ਕਿ ਬੱਚਿਆਂ ਦੀ ਹੌਸਲਾ-ਅਫ਼ਜ਼ਾਈ ਹੋ ਸਕੇ ?

**ਮੰਤਰੀ :** ਅਸੀਂ ਐਫ.ਐਮ. ਨਾਲ ਗੱਲ ਕੀਤੀ ਹੈ ਕਿ ਇਸ ਬਾਰੇ ਜਲਦੀ ਕੋਈ ਫੈਸਲਾ ਕਰ ਲਿਆ ਜਾਵੇ ।

---

Original with;
Punjab Vidhan Sabha
Digitized by;
Panjab Digital Library

**Buses with Punjab Roadways/Pepsu Road Transport Corporation**

***257. Sardar Gurcharan Singh Nihalsinghwala** : Will the Chief Minister be pleased to state :—

(a) the total number of buses with Punjab Roadways and the Pepsu Road Transport Corporation respectively, at present ;

(b) the total number of buses which are on road with certificate of fitness as also the number of buses which are out of order ?

**ਸਰਦਾਰ ਨੱਥਾ ਸਿੰਘ ਦਾਲਮ**(ਰਾਜ ਮੰਤਰੀ, ਲੋਕ ਸੰਪਰਕ): (ੳ) ਪੰਜਾਬ ਰੋਡਵੇਜ਼ ਦੀਆ ਕੁਲ ਬੱਸਾਂ 2411 ਹਨ ਅਤੇ ਪੈਪਸੂ ਰੋਡ ਟਰਾਂਸਪੋਰਟ ਦੀਆਂ ਬੱਸਾਂ 1055 ਹਨ।

(ਅ) ਸੜਕ ਉਤੇ ਬੱਸਾਂ ਦੀ ਗਿਣਤੀ 3147 ਹੈ ਅਤੇ ਖਰਾਬ ਬੱਸਾਂ ਦੀ 319 ।

**ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘਵਾਲਾ** : ਸਪੀਕਰ ਸਾਹਿਬ, ਪਾਰਟ 'ਬੀ' ਵਿਚ ਇਨ੍ਹਾਂ ਨੇ ਦੱਸਿਆ ਹੈ ਕਿ ਕੁਲ 3147 ਬੱਸਾਂ ਆਨ ਰੋਡ ਹਨ। ਕੀ ਇਨ੍ਹਾਂ ਸਾਰੀਆਂ 3147 ਬੱਸਾਂ ਪਾਸ ਫਿਟਨੈਸ ਸਰਟੀਫਿਕੇਟ ਹੈ ?

**ਰਾਜ ਮੰਤਰੀ, ਲੋਕ ਸੰਪਰਕ** : ਸਾਰੀਆਂ ਬੱਸਾਂ ਪਾਸ ਫਿਟਨੈਸ ਸਰਟੀਫਿਕੇਟ ਨਹੀਂ ਹਨ। ਪੰਜਾਬ ਰੋਡਵੇਜ਼ ਦੀਆਂ 2411 ਬੱਸਾਂ ਵਿਚੋਂ 2232 ਬੱਸਾਂ ਪਾਸ ਫਿਟਨੈਸ ਸਰਟੀਫਿਕੇਟ ਹਨ ਅਤੇ 179 ਬੱਸਾਂ ਖਰਾਬ ਹਨ। ਇਸੇ ਤਰ੍ਹਾਂ ਪੈਪਸੂ ਰੋਡ ਟ੍ਰਾਂਸਪੋਰਟ ਕਾਰਪੋਰੇਸ਼ਨ ਦੀਆਂ 1055 ਬੱਸਾਂ ਵਿਚੋਂ 915 ਬੱਸਾਂ ਪਾਸ ਸਰਟੀਫਿਕੇਟ ਹਨ ਅਤੇ 140 ਬੱਸਾਂ ਖਰਾਬ ਹਨ ।

**ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘਵਾਲਾ** : ਸਪੀਕਰ ਸਾਹਿਬ, ਰੋਜ਼ ਐਕਸੀਡੈਂਟ ਹੁੰਦੇ ਰਹਿੰਦੇ ਹਨ। ਕੀ ਇਹ ਇਨ੍ਹਾਂ ਦੀ ਜ਼ਿਮੇਂਵਾਰੀ ਨਹੀਂ ਅਤੇ ਕੀ ਇਹ ਜੁਰਮ ਨਹੀਂ ਕਿ ਇਹ ਆਪਣੀਆਂ ਬੱਸਾਂ ਵਿਦਆਊਟ ਫਿਟਨੈਸ ਸਰਟੀਫਿਕੇਟ ਚਲਾ ਰਹੇ ਹਨ ?

**ਰਾਜ ਮੰਤਰੀ** : ਜਿਨ੍ਹਾਂ ਬੱਸਾਂ ਦਾ ਇਨ੍ਹਾਂ ਨੇ ਜ਼ਿਕਰ ਕੀਤਾ ਹੈ ਵਿਦਆਊਟ ਫਿਟਨੈਸ ਸਰਟੀਫਿਕੇਟ ਵਾਲੀਆਂ, ਉਹ ਨਹੀਂ ਚਲਾਈਆਂ ਜਾ ਰਹੀਆਂ।

**ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘਵਾਲਾ** : ਸਪੀਕਰ ਸਾਹਿਬ, ਇਹ ਕਨਫਿਊਜ਼ਨ ਵਿਚ ਹਨ। ਮੈਂ ਫਿਰ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ 3147 ਬੱਸਾਂ ਕੋਲ ਫਿਟਨੈਸ ਸਰਟੀਫਿਕੇਟ ਹਨ ?

**ਰਾਜ ਮੰਤਰੀ** : ਸਪੀਕਰ ਸਾਹਿਬ, ਮੈਂ ਬੜਾ ਸਪੱਸ਼ਟ ਕਿਹਾ ਹੈ ਕਿ ਜਿਹੜੀਆਂ ਬੱਸਾਂ ਪਾਸ ਫਿਟਨੈਸ ਸਰਟੀਫਿਕੇਟ ਨਹੀਂ ਹਨ ਉਨ੍ਹਾਂ ਨੂੰ ਸੜਕਾਂ ਉਪਰ ਨਹੀਂ ਚਲਾਇਆ ਜਾ ਰਿਹਾ।

**ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘਵਾਲਾ** : ਸਪੀਕਰ ਸਾਹਿਬ, ਮੈਂ ਫਿਰ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ 3147 ਬੱਸਾਂ ਆਨ ਰੋਡ ਹਨ, ਕੀ ਉਨ੍ਹਾਂ ਸਾਰੀਆਂ ਪਾਸ ਫਿਟਨੈਸ ਸਰਟੀਫਿਕੇਟ ਹੈ ?

**ਰਾਜ ਮੰਤਰੀ** : ਸਪੀਕਰ ਸਾਹਿਬ, ਮੈਂ ਬੜਾ ਸਪੱਸ਼ਟ ਕਿਹਾ ਹੈ ਕਿ 3147 ਬੱਸਾਂ ਵਿਚੋਂ ਸਾਰੀਆਂ ਪਾਸ ਸਰਟੀਫਿਕੇਟ ਨਹੀਂ ਹਨ, ਉਨ੍ਹਾਂ ਵਿਚੋਂ 319 ਬੱਸਾਂ ਖਰਾਬ ਹਨ, ਉਨ੍ਹਾਂ ਨੂੰ ਕਦੀ ਵੀ ਫਿਟਨੈਸ ਸਰਟੀਫਿਕੇਟ ਨਹੀਂ ਦਿੱਤਾ ਗਿਆ।

Original with;
Punjab Vidhan Sabha
Digitized by;
Panjab Digital Library

**Sardar Gurcharan Singh Nihalsinghwala** : It is a self contradiction.

**Mr. Speaker** : There is a slight contradiction. I agree with you.

**Minister of State** : Sir ......

**ਸ੍ਰੀ ਸਪੀਕਰ** : ਮੈਂ ਗੁਜ਼ਾਰਿਸ਼ ਕਰਾਂਗਾ ਕਿ ਇਸ ਮਾਮਲੇ ਨੂੰ ਦੁਬਾਰਾ ਜ਼ੇਰੇ-ਗੌਰ ਕਰੋ ਔਰ ਹਾਊਸ ਦੇ ਸਾਹਮਣੇ ਦੁਬਾਰਾ ਲੈ ਕੇ ਆਓ। Next Tuesday we shall take up this question.

---

## Ban on Publication of Help Books

***81. Sardar Dalip Singh Pandhi** : Will the Minister for Education be pleased to state whether the publication of help books is proposed to be banned in the near future for promotion of better education; if so, the details thereof alongwith the approximate time by which that is likely to be done ?

**ਸਰਦਾਰ ਸੁਖਜਿੰਦਰ ਸਿੰਘ** : (ੳ) ਅਤੇ (ਅ) ਹਾਲੇ ਅਜਿਹੀ ਕੋਈ ਤਜਵੀਜ਼ ਵਿਚਾਰ ਅਧੀਨ ਨਹੀਂ ਹੈ।

**ਸਰਦਾਰ ਦਲੀਪ ਸਿੰਘ ਪਾਂਧੀ** : ਸਪੀਕਰ ਸਾਹਿਬ, ਤੁਹਾਨੂੰ ਪਤਾ ਹੈ ਕਿ ਇਨ੍ਹਾਂ ਟੈਕਸਟ ਬੁੱਕਸ ਦੀ ਪ੍ਰਕਾਸ਼ਨ ਪੰਜਾਬ ਸਕੂਲ ਸਿਖਿਆ ਬੋਰਡ ਕੋਲ ਹੈ। ਇਹ ਜਿਹੜੇ ਪ੍ਰਾਈਵੇਟ ਪਬਲਿਸ਼ਰਜ਼ ਹਨ, ਇਹ ਹੈਲਪ ਬੁੱਕਸ ਪਹਿਲਾਂ ਹੀ ਛਾਪ ਕੇ ਵੰਡ ਦਿੰਦੇ ਹਨ। ਇਹ ਕਿਤਾਬਾਂ ਸਕੂਲਾਂ ਵਿਚ ਬਹੁਤ ਜਾਂਦੀਆਂ ਹਨ ਤੇ ਸਾਰਾ ਮਾਮਲਾ ਗੜਬੜ ਹੋ ਜਾਂਦਾ ਹੈ। ਇਨ੍ਹਾਂ ਹੈਲਪ ਬੁੱਕਸ ਵਿਚ ਕੁਝ ਹੋਰ ਲਿਖਿਆ ਹੁੰਦਾ ਹੈ ਅਤੇ ਟੈਕਸਟ ਬੁੱਕਸ ਵਿਚ ਕੁਝ ਹੋਰ। ਇਸ ਕਰਕੇ ਕੋਈ ਕਾਨੂੰਨੀ ਪਾਬੰਦੀ ਲਗਾ ਕੇ ਇਸ ਚੀਜ਼ ਨੂੰ ਬੰਦ ਕਰਵਾਉਣਾ ਚਾਹੀਦਾ ਹੈ। The books other than prescribed should not be published.

**Mr. Speaker** : Thank you. It is a suggestion. ਇਸ ਨਾਲ ਸੁਧਾਰ ਹੋਵੇਗਾ।

**ਮੰਤਰੀ** : ਸਪੀਕਰ ਸਾਹਿਬ, ਤੁਸੀਂ ਵੀ ਪੜ੍ਹੇ ਲਿਖੇ ਹੋ, ਅਸੀਂ ਵੀ ਪੜ੍ਹੇ ਲਿਖੇ ਹਾਂ। ਹੈਲਪ ਬੁੱਕਸ ਤਾਂ ਉਦੋਂ ਤੋਂ ਹੀ ਚਲੀਆਂ ਆਉਂਦੀਆਂ ਹਨ। ਮੈਂ ਸਮਝਦਾ ਹਾਂ ਕਿ ਜੇ ਇਨ੍ਹਾਂ ਸਾਰੀਆਂ ਗੱਲਾਂ ਦੇ ਉਤੇ ਸਟੇਟ ਦਾ ਕੰਟਰੋਲ ਹੋ ਜਾਵੇ ਤਾਂ ਲੋਕਾਂ ਦੇ ਵਿਚ ਤਰੱਕੀ ਨਹੀਂ ਆਵੇਗੀ। ਅਸੀਂ ਕੁਝ ਇੰਸਟਰੱਕਸ਼ਨਜ਼ ਕੀਤੀਆਂ ਹਨ। ਅਸੀਂ ਲਿਖਿਆ ਹੈ ਕਿ ਕੋਈ ਬੱਚਾ ਹੈਲਪ ਬੁੱਕਸ ਲੈ ਕੇ ਕਲਾਸ ਵਿਚ ਨਾ ਆਵੇ। ਜਿਥੇ ਕਿਤੇ ਕੋਈ ਬੱਚਾ ਹੈਲਪ ਬੁੱਕਸ ਦੇ ਨਾਲ ਪਕੜਿਆ ਗਿਆ, ਉਸ ਦੇ ਟੀਚਰ ਨੂੰ ਸਜ਼ਾ ਦਿੱਤੀ ਜਾਵੇਗੀ ਅਤੇ ਜੇ ਕੋਈ ਮੈਟਰ ਹੈ ਤਾਂ ਉਹ ਵਿਦਡਰਾਅ ਕਰ ਲਿਆ ਜਾਵੇਗਾ। ਇਸ ਦੀ ਪਬਲੀਕੇਸ਼ਨ ਉਪਰ ਕਾਨੂੰਨੀ ਪਾਬੰਦੀ ਲਾਉਣੀ ਕਾਨੂੰਨੀ ਤੌਰ ਉਤੇ ਵੀ ਅਤੇ ਇਖਲਾਕੀ ਤੌਰ ਤੇ ਵੀ ਠੀਕ ਨਹੀਂ ਹੈ।

**ਸਰਦਾਰ ਦਲੀਪ ਸਿੰਘ ਪਾਂਧੀ** : ਸਪੀਕਰ ਸਾਹਿਬ, ਅਜੇ ਤੱਕ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਪ੍ਰੈਸਕ੍ਰਾਈਬਡ ਕਿਤਾਬਾਂ ਸਕੂਲਾਂ ਵਿਚ ਨਹੀਂ ਪਹੁੰਚਾ ਸਕਿਆ। ਘਰਾਂ ਵਿਚ ਸਾਰੇ ਬੱਚੇ ਹੈਲਪ ਬੁੱਕਸ ਤੋਂ ਹੀ ਪੜ੍ਹਦੇ ਹਨ। ਜੇ ਸਰਕਾਰ ਪ੍ਰਾਈਵੇਟ ਪਬਲੀਕੇਸ਼ਨ ਤੇ ਪਾਬੰਦੀ ਲਗਾ ਦੇਵੇ ਤਾਂ

Original with;
Punjab Vidhan Sabha
Digitized by;
Panjab Digital Library

[ਸਰਦਾਰ ਦਲੀਪ ਸਿੰਘ ਪਾਂਧੀ]
ਕੀ ਕਾਨੂੰਨੀ ਅੜੱਚਨ ਹੈ ? ਇਹ ਪਾਬੰਦੀ ਐਜੂਕੇਸ਼ਨ ਦੇ ਹੱਕ ਵਿਚ, ਬੱਚਿਆਂ ਦੇ ਹੱਕ ਵਿਚ ਠੀਕ ਰਹੇਗੀ। ਅੱਜ ਕੱਲ੍ਹ ਕੀ ਹੋ ਰਿਹਾ ਹੈ ? ਪ੍ਰਾਈਵੇਟ ਪਬਲਿਸ਼ਰ ਸਕੂਲਾਂ ਵਿਚ ਪਹੁੰਚ ਜਾਂਦੇ ਹਨ ਅਤੇ ਹੈਡ ਮਾਸਟਰ ਨੂੰ ਡਾਇਰੈਕਟ ਅਪਰੋਚ ਕਰਦੇ ਹਨ। ਪਿਛਲੀ ਸਰਕਾਰ ਨੇ ਇਸ ਬਾਰੇ ਅਣਗਹਿਲੀ ਕੀਤੀ ਹੈ। ਹੁਣ ਇਹ ਸਰਕਾਰ ਫੌਰੀ ਤੌਰ ਤੇ ਇਸ ਵੱਲ ਤਵਜੋ ਦੇ ਕੇ ਇਸ ਦਾ ਕੋਈ ਇੰਤਜ਼ਾਮ ਕਰੇ ?

**ਸ੍ਰੀ ਸਪੀਕਰ :** ਮਿਹਰਬਾਨੀ ਪਾਂਧੀ ਜੀ। ਤੁਹਾਡਾ ਸੁਜੈਸ਼ਨ ਅੱਛਾ ਹੈ।

**ਸ੍ਰੀ ਹਰਨਾਮ ਦਾਸ ਜੌਹਰ, ਐਡਵੋਕੇਟ :** ਸਪੀਕਰ ਸਾਹਿਬ, ਇਹ ਆਮ ਵੇਖਣ ਵਿਚ ਆਇਆ ਹੈ ਕਿ ਮਾਸਟਰ ਅਤੇ ਹੈਡ ਮਾਸਟਰ ਆਪਣੇ ਸਕੂਲ ਦੇ ਬੱਚਿਆਂ ਨੂੰ ਮਜਬੂਰ ਕਰਕੇ ਟਿਊਸ਼ਨਾਂ ਪੜ੍ਹਾਉਂਦੇ ਹਨ। ਕੀ ਸਰਕਾਰ ਕੋਈ ਅਜਿਹਾ ਕਾਨੂੰਨ ਬਣਾਏਗੀ ਜਿਸ ਨਾਲ ਕੋਈ ਮਾਸਟਰ ਆਪਣੇ ਹੀ ਸਕੂਲ ਦੇ ਬੱਚਿਆਂ ਨੂੰ ਟਿਊਸ਼ਨ ਨਾ ਪੜ੍ਹਾ ਸਕਣ ?

**ਮੰਤਰੀ :** ਇਸ ਬਾਰੇ ਆਲਰੈਡੀ ਇਨਸਟਰੱਕਸ਼ਨਜ਼ ਮੌਜੂਦ ਹਨ। ਜੇ ਕੋਈ ਵਾਇਲੇਸ਼ਨ ਹੈ ਤਾਂ ਇਹ ਦੱਸ ਦੇਣ, ਪੜਤਾਲ ਕਰਵਾ ਲਵਾਂਗੇ।

---

## Fall in the receipt of Entertainment Tax

***260. Shri Brij Bhushan Mehra :** Will the Minister for Finance be pleased to state whether it is fact that there is fall in the receipt of Entertainment Tax during the period from Ist October, 1985 to 1st February, 1986 as compared to the corresponding period of the last year ; if so, the steps proposed to be taken to avoid such shortfalls ?

**ਸਰਦਾਰ ਨੱਥਾ ਸਿੰਘ ਦਾਲਮ** (ਰਾਜ ਮੰਤਰੀ, ਲੋਕ ਸੰਪਰਕ) : ਨਹੀਂ ਸ੍ਰੀਮਾਨ ਜੀ।

**ਸ੍ਰੀ ਬ੍ਰਿਜ ਭੂਸ਼ਨ ਮਹਿਰਾ :** ਕੀ ਮੰਤਰੀ ਸਾਹਿਬ ਦਸਣਗੇ ਕਿ 1 ਅਕਤੂਬਰ, 1985 ਤੱਕ ਕਿੰਨਾ ਐਨਟਰਟੇਨਮੈਂਟ ਟੈਕਸ ਆਇਆ ਅਤੇ 1984-85 ਵਿਚ ਕਿੰਨਾ ਆਇਆ ਸੀ ?

**ਰਾਜ ਮੰਤਰੀ, ਲੋਕ ਸੰਪਰਕ :** 1-10-84 ਤੋਂ 1-2-85 ਤੱਕ 248.45 ਲੱਖ ਰੁਪਏ ਅਤੇ 1-10-85 ਤੋਂ 1-2-86 ਤੱਕ 287,83 ਲੱਖ ਰੁਪਏ ਬਤੌਰ ਟੈਕਸ ਪੰਜਾਬ ਦੇ ਖਜ਼ਾਨੇ ਵਿਚ ਆਏ। ਇਹ ਪਹਿਲਾਂ ਨਾਲੋਂ 39,38 ਲੱਖ ਰੁਪਏ ਜ਼ਿਆਦਾ ਹੈ।

**ਸ੍ਰੀ ਬ੍ਰਿਜ ਭੂਸ਼ਨ ਮਹਿਰਾ :** ਸਪੀਕਰ ਸਾਹਿਬ, ਮੈਂ ਤੁਹਾਡੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਇਹ ਜਵਾਬ ਜਿਹੜਾ ਕਿ ਮੈਨੂੰ ਪਹਿਲਾਂ ਮਿਲਣਾ ਚਾਹੀਦਾ ਸੀ ਨਹੀਂ ਮਿਲਿਆ (ਵਿਘਨ)

**ਸ੍ਰੀ ਸਪੀਕਰ :** ਮੈਨੂੰ ਅਫਸੋਸ ਹੈ।

**ਸ੍ਰੀ ਬ੍ਰਿਜ ਭੂਸ਼ਨ ਮਹਿਰਾ :** ਸੇਵਾ ਰਾਮ ਜੀ ਨੇ ਵੀ ਪਰਸੋਂ ਕਿਹਾ ਸੀ। ਮੈਨੂੰ ਅੱਜ ਤਕ ਸਵਾਲ ਦਾ ਜਵਾਬ ਨਹੀਂ ਮਿਲਿਆ।

**Mr. Speaker :** Will you take trouble to meet me in my Chamber ? Next question please.

---

## Number of buses owned by Municipal Corporation, Amritsar

***120. Shri Sewa Ram Arora :** Will the Chief Minister be pleased to state :—

(a) the number of buses owned by the Municipal Corporation, Amritsar and the routes on which those are plying at present;

Original with;
Punjab Vidhan Sabha
Digitized by;
Panjab Digital Library

(b) the number of buses out of those referred to in part (a) above which are out of order at present ;

(c) the amount of profit earned or loss incurred by the buses referred to in part (a) above in the years 1983-84 and 1984-85 ?

**ਸਰਦਾਰ ਸੁਰਜੀਤ ਸਿੰਘ ਬਰਨਾਲਾ** : (ੳ) 55 ਬੱਸਾਂ 26 ਰੂਟਾਂ ਤੇ ਚਲਦੀਆਂ ਹਨ । ਰੂਟਾਂ ਦੀ ਲਿਸਟ ਸਦਨ ਦੀ ਮੇਜ਼ ਤੇ ਰਖੀ ਹੈ।

(ਅ) 25 ਬੱਸਾਂ ।

(ੲ) ਹਰ ਸਾਲ ਪਿਆ ਘਾਟਾ ਇਸ ਤਰ੍ਹਾਂ ਹੈ;–

| | |
|---|---|
| 1983-84 | 50.93 ਲੱਖ ਰੁਪਏ |
| 1984-85 | 60.46 ਲੱਖ ਰੁਪਏ |

**List of Routes being operated by the Municipal Corporation, Amritsar**

| Serial No, | Route No. | From to |
|---|---|---|
| 1 | 1 | Amritsar to Jandiala |
| 2 | 1-A | .. Amritsar to Dashmesh Nagar |
| 3 | 1-B | .. Amritsar to Bandala |
| 4 | 2 | .. Amritsar to Raipur |
| 5 | 3 | .. Amritsar to Chavinda Devi |
| 6 | 4 | .. Amritsar to Majitha |
| 7 | 4-A | .. Amritsar to Fatehgarh Churrian (Via Majitha) |
| 8 | 4-B | .. Amritsar to Tarpai |
| 9 | 5 | .. Amritsar to Fatehgarh Churrian (Via Sangatpura) |
| 10 | 5-A | .. Amritsar to Kandowali |
| 11 | 6 | .. Amritsar to Jagdev Kalan |
| 12 | 7 | .. Amritsar to Kukran Wala |
| 13 | 7-A | .. Amritsar to Guru-ka-bagh |
| 14 | 7-B | .. Amritsar to Bagga |
| 15 | 7-C | .. Amritsar to Jhanjoti |
| 16 | 7-D | .. Amritsar to Mehlawala |
| 17 | 8 | .. Amritsar to Chogawan |
| 18 | 9 | .. Amritsar to Bhakna |
| 19 | 10 | .. Amritsar to Chheharta Sahib |

Original with;
Punjab Vidhan Sabha
Digitized by;
Panjab Digital Library

[Chief Minister]

| | | | |
|---|---|---|---|
| 20 | 10-B | .. | Amritsar to Kot Khalsa (Khalsa College) |
| 21 | 11 | .. | Amritsar to Naraingarh |
| 22 | 11-A | .. | Amritsar to Dhand Kesal |
| 23 | 12 | .. | Amritsar to Chabal |
| 24 | 12-A | .. | Amritsar to Panjwarh |
| 25 | 15 | .. | Amritsar to Verpal |
| 26 | 18 | .. | Amritsar to Sultanwind Pind |

**ਸ੍ਰੀ ਸੇਵਾ ਰਾਮ ਅਰੋੜਾ**: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਫਿੱਗਰ ਇਨ੍ਹਾਂ ਨੇ ਦਿੱਤੀ ਹੈ ਕਿ 55 ਬੱਸਾਂ ਵਿਚੋਂ 25 ਬੱਸਾਂ ਆਊਟ ਆਫ ਆਰਡਰ ਹਨ, ਫਿਰ ਕਿਸ ਤਰੀਕੇ ਨਾਲ ਪ੍ਰਾਫਿਟ ਹੋ ਸਕਦਾ ਹੈ ?

**ਮੁੱਖ ਮੰਤਰੀ**: 1980 ਵਿਚ ਬੱਸਾਂ ਟਰਾਂਸਫਰ ਹੋਈਆਂ ਸਨ। ਉਸ ਵੇਲੇ 66 ਬੱਸਾਂ ਟਰਾਂਸਫਰ ਹੋਈਆਂ। ਉਨ੍ਹਾਂ ਵਿਚੋਂ 29 ਬੱਸਾਂ ਟੁੱਟੀਆਂ ਫੁੱਟੀਆਂ ਆਖੀਆਂ ਗਈਆਂ। ਇਹ ਉਸ ਵੇਲੇ ਤੋਂ ਚਲ ਰਹੀਆਂ ਹਨ। ਹੁਣ 14 ਬੱਸਾਂ ਕੰਡੈਮ ਹੋ ਚੁੱਕੀਆਂ ਹਨ ਔਰ ਨਿਲਾਮੀ ਵਾਸਤੇ ਖੜ੍ਹੀਆਂ ਹਨ। 11 ਹੋਬ ਰੋਡ-ਵਰਦੀ ਨਹੀਂ ਹਨ। ਅਸੀਂ ਕੋਸ਼ਿਸ਼ ਕਰ ਰਹੇ ਹਾਂ ਇਸ ਫਲੀਟ ਨੂੰ ਆਗਮੈਂਟ ਕਰਨ ਦੀ ਅਤੇ ਇਸ ਲਈ 1 ਕਰੋੜ ਰੁਪਿਆ ਰਖਿਆ ਹੈ।

**ਸ੍ਰੀ ਸੇਵਾ ਰਾਮ ਅਰੋੜਾ**: ਸਪੀਕਰ ਸਾਹਿਬ, ਮੈਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਕਾਰਪੋਰੇਸ਼ਨ ਨੂੰ ਹੋਰ ਬੱਸਾਂ ਖਰੀਦਣ ਵਾਸਤੇ ਇਜਾਜ਼ਤ ਦੇਣਗੇ ?

**ਮੁੱਖ ਮੰਤਰੀ**: 1 ਕਰੋੜ ਰੁਪਿਆ ਅਸੀਂ ਆਈ.ਡੀ.ਬੀ. ਆਈ. ਤੋਂ ਬਤੌਰ ਲੋਨ ਦੇ ਤੌਰ ਤੇ ਲੈ ਰਹੇ ਹਾਂ। ਸਾਰੀਆਂ ਕਾਰਪੋਰੇਸ਼ਨਾਂ ਵਾਸਤੇ ਇੱਕ ਇੱਕ ਕਰੋੜ ਰੁਪਿਆ ਲੈ ਰਹੇ ਹਾਂ ਤਾਕਿ ਨਵੀਆਂ ਬੱਸਾਂ ਖਰੀਦੀਆਂ ਜਾ ਸਕਣ।

**ਪ੍ਰੋਫੈਸਰ ਦਰਬਾਰੀ ਲਾਲ**: ਸਪੀਕਰ ਸਾਹਿਬ, ਮੈਂ ਜਾਣਨਾ ਚਾਹਾਂਗਾ ਕਿ ਜਦੋਂ ਦੀਆਂ ਸਟੇਟ ਬੱਸਾਂ ਕਾਰਪੋਰੇਸ਼ਨ ਨੂੰ ਦਿੱਤੀਆਂ ਗਈਆਂ ਹਨ ਉਸ ਨਾਲ ਕਾਰਪੋਰੇਸ਼ਨ ਦੀ ਆਮਦਨ ਵਿਚ ਲਗਾਤਾਰ ਘਾਟਾ ਪੈ ਰਿਹਾ ਹੈ ਔਰ ਨੁਕਸਾਨ ਜ਼ਿਆਦਾ ਹੋ ਰਿਹਾ ਹੈ। ਕੀ ਉਹ ਬੱਸਾਂ ਵਾਪਸ ਲੈਕੇ ਇਸ ਦੀ ਬਜਾਏ ਪ੍ਰਾਈਵੇਟ ਪਰਮਿਟਸ ਦੇ ਕੇ ਬੱਸਾਂ ਚਲਾਉਣ ਦੀ ਖੇਚਲ ਕਰਨਗੇ ?

**ਮੁੱਖ ਮੰਤਰੀ**: ਸਰਦਾਰ ਬਲਵੰਤ ਸਿੰਘ, ਫਿਨਾਂਸ ਮਨਿਸਟਰ ਨੇ ਦੱਸਿਆ ਸੀ ਕਿ ਇਸ ਬਾਰੇ ਇੱਕ ਕਮੇਟੀ ਕੰਸਟੀਚਿਊਟ ਕੀਤੀ ਗਈ ਹੈ। ਇਹ ਮਸਲਾ ਵੀ ਉਸ ਵਿਚ ਆਏਗਾ ਕਿ ਆਇਆ ਪ੍ਰਾਈਵੇਟ ਪਰਮਿਟਸ ਦੇ ਸਕਦੇ ਹਾਂ ਜਾਂ ਨਹੀਂ। ਇਸ ਪਾਲਸੀ ਤੇ ਵਿਚਾਰ ਹੋਏਗਾ। ਉਸ ਕਮੇਟੀ ਵਿਚ ਮੈਂਬਰ ਇਸ ਪਾਸੇ ਦੇ ਵੀ ਸ਼ਾਮਿਲ ਕੀਤੇ ਗਏ ਹਨ। ਉਸ ਦੀ ਰਿਪੋਰਟ ਆਉਣ ਤੇ ਦੇਖਿਆ ਜਾਏਗਾ।

**ਸਰਦਾਰ ਕਿਰਪਾਲ ਸਿੰਘ**: ਇਹ ਸਾਰਾ ਕਬਾੜਖਾਨਾ ਕਾਰਪੋਰੇਸ਼ਨ ਤੇ ਠੋਸਿਆ ਗਿਆ, ਕੀ ਇਹ ਉਨ੍ਹਾਂ ਦੀ ਮੰਗ ਸੀ? ਇਹ ਘਾਟੇ ਵਾਲੇ ਸੌਦੇ ਨਾਲ ਉਥੇ ਜੋ ਲੋਕ ਭਲਾਈ ਦੇ ਕੰਮ ਹੋਣੇ ਹਨ ਉਨ੍ਹਾਂ ਨੂੰ ਸ਼ੈਲਟਰ ਮਿਲ ਰਿਹਾ ਹੈ। ਕੀ ਇਸ ਤੇ ਵਿਚਾਰ ਕਰਨਗੇ ?

Original with;
Punjab Vidhan Sabha
Digitized by;
Panjab Digital Library

**ਆਵਾਜ਼ਾਂ :** ਇਹ ਅਕਾਲੀਆਂ ਵੇਲੇ ਹੀ ਹੋਇਆ ਸੀ ?

**ਮੁੱਖ ਮੰਤਰੀ :** ਇਹ 1980 ਵਿਚ ਹੋਇਆ ਅਤੇ ਕਾਰਪੋਰੇਸ਼ਨ ਵਲੋਂ ਹੀ ਹੋਇਆ ਸੀ ਕਿ 25 ਮੀਲ ਦੇ ਅੰਦਰ ਅੰਦਰ ਸਾਡੀਆਂ ਬੱਸਾਂ ਚਲਣ। ਉਸ ਵੇਲੇ ਇਸ ਤਰ੍ਹਾਂ ਕੀਤਾ ਗਿਆ ਸੀ।

**ਸਰਦਾਰ ਕੁਲਦੀਪ ਸਿੰਘ ਵਡਾਲਾ :** ਸਪੀਕਰ ਸਾਹਿਬ, ਜਿਸ ਤਰ੍ਹਾਂ ਹਿੰਦੁਸਤਾਨ ਵਿਚ ਰੇਲਵੇ ਦਾ ਸਿਸਟਮ ਹੈ ਕਿ ਸਵਾਰੀ ਆਪਣੇ ਟਿਕਟ ਦੀ ਖੁਦ ਜ਼ਿਮੇਵਾਰ ਹੈ। ਇਸੇ ਤਰ੍ਹਾਂ ਰੋਡਵੇਜ਼ ਵਾਲੇ ਵੀ ਮੰਗ ਕਰ ਰਹੇ ਹਨ ਕਿ ਇਸ ਤਰ੍ਹਾਂ ਦਾ ਕਾਨੂੰਨ ਬਣਾਇਆ ਜਾਏ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਸ ਤਰ੍ਹਾਂ ਦਾ ਕਾਨੂੰਨ ਬਣਾਉਣ ਵਿਚ ਕੀ ਮੁਸ਼ਕਿਲ ਹੈ ?

**ਮੁੱਖ ਮੰਤਰੀ :** ਇਹ ਨਵੀਂ ਸਕੀਮ ਦੱਸ ਰਹੇ ਹਨ। ਇਸ ਤੇ ਵਿਚਾਰ ਕਰ ਲਵਾਂਗੇ।

## Construction of Bridge over Bist Doab Canal

***147. Sardar Dilbagh Singh :** Will the Chief Minister be pleased to state whether necessary sanction to construct a bridge over the Bist Doab Canal opposite village Muzaffarpur Tehsil Nawanshahar ; district Jalandhar has been granted ; if so, the time by which the said bridge is likely to be completed ?

**ਸਰਦਾਰ ਸੁਰਜੀਤ ਸਿੰਘ ਬਰਨਾਲਾ :** ਨਹੀਂ ਜੀ।

**ਸਰਦਾਰ ਦਿਲਬਾਗ ਸਿੰਘ :** ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਹੈ ਕਿ ਮਾਰਚ, 1983 ਵਿਚ ਇਹ ਸਵਾਲ ਇਸ ਹਾਊਸ ਵਿਚ ਆਇਆ ਸੀ। ਉਸ ਵੇਲੇ ਮਨਿਸਟਰ ਸਾਹਿਬ ਨੇ ਕਿਹਾ ਸੀ ਕਿ ਪੁਲ ਮਨਜ਼ੂਰ ਹੈ ਪਰ ਹੁਣ ਇਹ ਕਹਿੰਦੇ ਹਨ ਨਹੀਂ। ਕੀ ਇਹ ਦੱਸਣ ਦੀ ਖੇਚਲ ਕਰਨਗੇ ਕਿ ਪਿਛਲੀ ਕਾਂਗਰਸ ਸਰਕਾਰ ਵੇਲੇ ਜਿੰਨੇ ਉਨ੍ਹਾਂ ਨੇ ਲੋਕਾਂ ਦੇ ਭਲਾਈ ਵਾਸਤੇ ਕੰਮ ਕੀਤੇ ਸਨ ਕੀ ਇਨ੍ਹਾਂ ਨੇ ਜਵਾਬ ਨਹੀਂ ਵਿਚ ਹੀ ਦੇਣੇ ਹਨ ?

**ਮੁੱਖ ਮੰਤਰੀ :** ਇਹ ਇਨ੍ਹਾਂ ਦਾ ਆਪਣਾ ਕਨਕਲੂਜ਼ਨ ਹੈ। ਪੁਲ ਕਿਥੇ ਬਣਾਉਣਾ ਚਾਹੀਦਾ ਹੈ ਕਿਥੇ ਨਹੀਂ, ਇਸ ਬਾਰੇ ਫੈਸਲਾ ਨਹੀਂ ਕਰ ਸਕੇ। ਪਹਿਲਾਂ ਇਨ੍ਹਾਂ ਦੀ ਖਾਹਿਸ਼ ਸੀ ਕਿ ਉਹ ਪੁਲ ਆਰ.ਡੀ. 98,000 ਬਿਸਤ ਦੁਆਬ ਕੈਨਾਲ ਤੇ ਬਣਾਇਆ ਜਾਏ। 65,000 ਰੁਪਏ ਉਸ ਦੀ ਕਾਸਟ ਸੀ। ਉਸ ਤੇ ਵਿਚਾਰ ਹੁੰਦਾ ਚਲਾ ਗਿਆ। ਫਿਰ 7 ਜੂਨ, 1976 ਨੂੰ ਉਥੇ ਬ੍ਰਿਜ ਚੀਫ ਇੰਜੀਨੀਅਰ ਕੈਨਾਲਜ਼ ਨੇ ਆਰ.ਡੀ. 98,000 ਦਾ ਸੈਂਕਸ਼ਨ ਕੀਤਾ। ਅਪ੍ਰੈਲ, 1977 ਵਿਚ ਸਰਦਾਰ ਦਿਲ-ਬਾਗ ਸਿੰਘ ਐਮ.ਐਲ.ਏ. ਨੇ ਫਿਰ ਇਰੀਗੇਸ਼ਨ ਮਨਿਸਟਰ ਨੂੰ ਐਪਰੋਚ ਕੀਤਾ ਅਤੇ ਰਿਕੁਐਸਟ ਕੀਤੀ ਕਿ ਉਸ ਦੀ ਸਾਈਟ ਚੇਂਜ ਕੀਤੀ ਜਾਏ। 98,000 ਆਰ.ਡੀ. ਤੋਂ ਚੇਂਜ ਕਰਕੇ 1,05,220 ਤੇ ਲੈ ਗਏ। ਪਤਾ ਨਹੀਂ ਇਨ੍ਹਾਂ ਦਾ ਮਨ ਬਦਲ ਗਿਆ ਜਾਂ ਇਨ੍ਹਾਂ ਤੇ ਕੋਈ ਪ੍ਰੈਸ਼ਰ ਪਿਆ। ਗਰਾਮ ਪੰਚਾਇਤ ਮੁਜ਼ਫਰਪੁਰ, ਤਹਿਸੀਲ ਨਵਾਂ ਸ਼ਹਿਰ ਨੇ ਰੈਜ਼ੋਲਿਊਸ਼ਨ ਕਰ ਦਿੱਤਾ ਕਿ 1,05,220 ਨਹੀਂ ਬਲਿਕ 1,06,401 ਤੇ ਹੋਣਾ ਚਾਹੀਦਾ ਹੈ। ਇਸ ਤਰ੍ਹਾਂ ਨਾਲ ਝਗੜਾ ਚਲਦਾ ਰਿਹਾ।

**ਸਰਦਾਰ ਦਿਲਬਾਗ ਸਿੰਘ :** ਚੀਫ ਮਨਿਸਟਰ ਸਾਹਿਬ ਨੇ ਫਰਮਾਇਆ ਕਿ ਸਾਡਾ ਆਪਸ ਵਿਚ ਝਗੜਾ ਚਲਦਾ ਰਿਹਾ। ਮੇਰਾ ਸਵਾਲ ਇਹ ਸੀ ਕਿ ਆਇਆ ਉਥੇ ਸੈਂਕਸ਼ਨਡ ਹੈ ਜਾਂ ਨਹੀਂ।

Original with;
Punjab Vidhan Sabha
Digitized by;
Panjab Digital Library

[ਸਰਦਾਰ ਦਿਲਬਾਗ ਸਿੰਘ]

ਸਾਈਟ ਇੱਕ ਫਰਲਾਂਗ ਇਧਰ ਉੱਧਰ ਹੋ ਸਕਦੀ ਹੈ। ਮੁਜ਼ੱਫਰਪੁਰ ਪਿੰਡ ਵਿਚ ਨਹਿਰ ਨਿਕਲਣ ਕਰਕੇ ਜ਼ਮੀਨ ਦੂਜੇ ਪਾਸੇ ਚਲੀ ਗਈ ਹੈ। ਉਨ੍ਹਾਂ ਨੂੰ ਲੰਘਣ ਲਈ ਸਿੱਧਾ ਰਸਤਾ ਨਹੀਂ ਹੈ। ਹੁਣ ਦੱਸ ਦੇਣ ਭਾਵੇਂ ਮੇਰੀ ਬੇਨਤੀ ਹੈ, ਭਾਵੇਂ ਪਿੰਡ ਵਾਲਿਆਂ ਦੀ ਬੇਨਤੀ ਹੈ ਜਾਂ ਫਿਰ ਇਨ੍ਹਾਂ ਦੀ ਆਪਣੀ ਖਾਹਿਸ਼ ਤੇ ਕੀ ਇਹ ਉਥੇ ਪੁਲ ਬਣਾਉਣ ਨੂੰ ਤਿਆਰ ਹਨ ਜਾਂ ਨਹੀਂ ?

**ਮੁੱਖ ਮੰਤਰੀ**: ਜਦੋਂ ਇਨ੍ਹਾਂ ਦੀ ਪ੍ਰੋਪੋਜ਼ਲ ਆਈ ਸੀ, ਪੰਜ ਸਾਲ ਇਨ੍ਹਾਂ ਦੀ ਸਰਕਾਰ ਚਲਦੀ ਰਹੀ, ਉਸ ਵੇਲੇ ਇਹ ਆਪਣਾ ਮਨ ਨਹੀਂ ਬਣਾ ਸਕੇ ਅਤੇ ਇਹ ਕੰਮ ਨਹੀਂ ਕਰਾ ਸਕੇ। ਜਿਥੇ ਇਹ ਚਾਹੁੰਦੇ ਹਨ ਉਥੇ ਲਈ ਪੰਚਾਇਤ ਵਿਰੋਧ ਕਰਦੀ ਹੈ। ਹੁਣ ਪ੍ਰੋਪੋਜ਼ਲ ਲਿਆਂਦੀ ਹੈ ਕਿ ਪਹਿਲੇ ਪੁਲ ਦੇ 400 ਗਜ਼ ਦੇ ਫਾਸਲੇ ਤੇ ਬਣਨਾ ਚਾਹੀਦਾ ਹੈ ਜਦੋਂ ਕਿ 1500 ਗਜ਼ ਦੇ ਫਾਸਲੇ ਤੇ ਪੁਲ ਬਣ ਸਕਦਾ ਹੈ। ਇਨ੍ਹਾਂ ਦਾ ਮਨ ਨਹੀਂ ਬਣ ਸਕਿਆ ਕਿ ਕਿਥੇ ਬਣਾਉਣਾ ਹੈ।

**ਕਾਮਰੇਡ ਮਹਿਤਾਬ ਸਿੰਘ**: ਜਲਾਲਾਬਾਦ ਵਿਖੇ ਬੜੀ ਸੇਮ ਹੈ। ਉਥੇ ਵੱਡਾ ਪੁਲ ਟੁੱਟਿਆ ਪਿਆ ਹੈ। ਪਿਛੇ ਇਨ੍ਹਾਂ ਦੇ ਵੇਲੇ ਉਥੇ ਬੱਚੇ ਗਿਰ ਕੇ ਮਰ ਗਏ। ਜਦੋਂ ਬਾਰਸ਼ਾਂ ਆਉਂਦੀਆਂ ਹਨ ਤਾਂ ਉਹ ਰਸਤਾ ਬੰਦ ਹੋ ਜਾਂਦਾ ਹੈ। ਕੀ ਇਹ ਜਲਾਲਾਬਾਦ ਤੋਂ ਫਾਜ਼ਿਲਕਾ ਵਿਚਕਾਰ ਜੋ ਬਾਰਾਂਵਾਲਾ ਵਿਖੇ ਪੁਲ ਟੁੱਟਿਆ ਹੋਇਆ ਹੈ, ਉਸ ਨੂੰ ਬਣਾਉਣਗੇ ?

**ਮੁੱਖ ਮੰਤਰੀ**: ਇਹ ਪ੍ਰੋਪੋਜ਼ਲ ਦੇ ਦੇਣ, ਐਗਜ਼ਾਮਿਨ ਕਰਾ ਲਵਾਂਗੇ ਔਰ ਅਗਰ ਜ਼ਰੂਰੀ ਹੋਇਆ ਤਾਂ ਬਣਾ ਦਿਆਂਗੇ।

---

**Withdrawal of cases registered against innocent persons**

*246. **Sardar Kirpal Singh:** Will the Chief Minister be pleased to state whether Government has withdrawn cases from different courts in the State in respect of those persons who were allegedly involved in extremists activities but were found to be innocent in regard to various charges if so, their number districtwise ?

**ਸਰਦਾਰ ਸੁਰਜੀਤ ਸਿੰਘ ਬਰਨਾਲਾ**: ਨਹੀਂ ਜੀ। ਐਪਰ ਰਾਜ ਵਿੱਚ 1-8-1981 ਤੋਂ ਪਿੱਛੋਂ ਸਿਆਸੀ ਅੰਦੋਲਨ ਦੇ ਸਿਲਸਿਲੇ ਵਿਚ ਦਰਜ ਕੀਤੇ ਗਏ ਬਹੁਤ ਸਾਰੇ ਕੇਸ ਸਰਕਾਰ ਦੀ ਨੀਤੀ ਅਨੁਸਾਰ, ਲੋਕ ਹਿੱਤ ਵਿਚ, ਅਦਾਲਤਾਂ ਤੋਂ ਵਾਪਿਸ ਲੈ ਲਏ ਹਨ।

**ਸਰਦਾਰ ਕਿਰਪਾਲ ਸਿੰਘ**: ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜ਼ਿਲ੍ਹਾ-ਵਾਰ ਲਿਸਟ ਦਿੱਤੇ ਜਾਣ ਵਿਚ ਇਨ੍ਹਾਂ ਨੂੰ ਕੀ ਮੁਸ਼ਕਿਲ ਹੈ ?

**ਮੁੱਖ ਮੰਤਰੀ**: ਡਿਸਟ੍ਰਿਕਟ-ਵਾਈਜ਼ ਲਿਸਟ ਇਨ੍ਹਾਂ ਨੂੰ ਸਪਲਾਈ ਕਰ ਦਿੱਤੀ ਜਾਏਗੀ।

**ਸਰਦਾਰ ਕਿਰਪਾਲ ਸਿੰਘ**: ਬੈਂਸ ਕਮੇਟੀ ਦੀ ਰਿਪੋਰਟ ਅਨੁਸਾਰ ਜੋ ਲੋਕ ਬੇਗੁਨਾਹ ਸਾਬਤ ਹੋ ਚੁੱਕੇ ਹਨ ਉਨ੍ਹਾਂ ਦੀ ਰਿਹਾਈ ਕਦੋਂ ਤਕ ਹੋ ਜਾਏਗੀ ?

**ਮੁੱਖ ਮੰਤਰੀ**: ਬੈਂਸ ਕਮੇਟੀ ਦੀ ਰਿਪੋਰਟ ਦੇ ਮੁਤਾਬਿਕ ਵੱਖ ਵੱਖ ਤਰੀਕਾਂ ਤੇ ਜਿਹੜੇ ਫੈਸਲੇ ਕੀਤੇ ਉਸ ਦੇ ਮੁਤਾਬਿਕ 2201 ਬੰਦੇ ਰਿਹਾਅ ਕੀਤੇ ਗਏ ਹਨ।

Original with;
Punjab Vidhan Sabha
Digitized by;
Panjab Digital Library

**ਸਰਦਾਰ ਕਿਰਪਾਲ ਸਿੰਘ :** ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਹਾਲਾਂ ਵੀ ਜੇਲ੍ਹਾਂ ਵਿਚ ਹਨ ਜਾਂ ਇਨ੍ਹਾਂ ਦੇ ਕੇਸਿਜ਼ ਵਿਦਡਰਾ ਨਹੀਂ ਹੋਏ ਬਾਵਜੂਦ ਇਸ ਗੱਲ ਦੇ ਕਿ ਬੈਂਸ ਕਮੇਟੀ ਨੇ ਕਲੀਅਰ ਕੀਤੇ ਹਨ ਜਾਂ ਹੋਰ ਜਿਹੜੀਆਂ ਇੰਡੀਵੀਜੁਅਲ ਇਨਕੁਆਇਰੀਆਂ ਨੇ ਕਲੀਅਰ ਕੀਤੇ ਹਨ, ਉਨ੍ਹਾਂ ਦੀ ਤਾਦਾਦ ਕਿੰਨੀ ਹੈ ਅਤੇ ਉਹ ਕਦੋਂ ਤਕ ਰਿਹਾਅ ਹੋ ਜਾਣਗੇ ?

**ਮੁੱਖ ਮੰਤਰੀ :** ਮੈਂ ਦੱਸਿਆ ਹੈ ਕਿ 2201 ਬੰਦੇ ਬੈਂਸ ਕਮੇਟੀ ਦੀ ਰਿਕੁਮੈਂਡੇਸ਼ਨ ਦੇ ਮੁਤਾ-ਬਿਕ ਰਿਹਾਅ ਕੀਤੇ ਹਨ। ਕੁਝ ਕੇਸਿਜ਼ ਐਸੇ ਹਨ ਜਿਹੜੇ ਹਾਰਡ ਕੋਰ ਕ੍ਰਿਮੀਨਲਜ਼ ਦੇ ਹਨ, ਉਹ ਨਹੀਂ ਛੱਡੇ ਗਏ। ਬਾਕੀ ਕੁਝ ਕੇਸਿਜ਼ ਰਹਿੰਦੇ ਹਨ ਜਿਨ੍ਹਾਂ ਤੇ ਅਜੇ ਵਿਚਾਰ ਹੋ ਰਿਹਾ ਹੈ।

**ਸ੍ਰੀ ਓਮ ਪ੍ਰਕਾਸ਼ ਗੁਪਤਾ :** ਕੀ ਸੀ.ਐਮ. ਸਾਹਿਬ ਦੱਸਣਗੇ ਕਿ ਬੈਂਸ ਕਮੇਟੀ ਨੇ ਜਿੰਨੇ ਕੇਸਿਜ਼ ਦੀ ਰਿਹਾਈ ਵਾਸਤੇ ਰਿਕੁਮੈਂਡੇਸ਼ਨ ਕੀਤੀ ਸੀ ਉਸ ਵਿਚ ਪੁਲਿਸ ਨੇ ਕਿੰਨੇ ਕਿਹਾ ਕਿ ਇਹ ਛੱਡ ਦੇਣੇ ਚਾਹੀਦੇ ਹਨ। ਕਿੰਨਿਆਂ ਕੇਸਾਂ ਵਿਚ ਇਤਰਾਜ਼ ਕੀਤਾ ਸੀ ਪਰ ਸਰਕਾਰ ਨੇ ਉਨ੍ਹਾਂ ਨੂੰ ਕੰਸਿਡਰ ਕੀਤਾ ? ਕੀ ਇਹ ਬੈਂਸ ਕਮੇਟੀ ਦੀ ਰਿਪੋਰਟ ਤੇ ਡਿਸਕਸ਼ਨ ਕਰਨ ਨੂੰ ਤਿਆਰ ਹਨ ?

**ਮੁੱਖ ਮੰਤਰੀ :** ਇਸ ਵਿਚ ਪੁਲਿਸ ਵਾਲੀ ਤਾਂ ਕੋਈ ਐਸੀ ਗੱਲ ਨਹੀਂ ਹੈ। ਇਹ ਸਰਕਾਰ ਦੇ ਲੈਵਲ ਤੇ ਰਿਕੁਮੈਂਡੇਸ਼ਨਜ਼ ਹੁੰਦੀਆਂ ਹਨ। ਕੁਝ ਕੇਸਿਜ਼ ਹਾਰਡ ਕੋਰ ਕ੍ਰਿਮੀਨਲਜ਼ ਦੇ ਹਨ, ਉਹ ਨਹੀਂ ਛੱਡੇ ਗਏ ਅਤੇ ਬਾਕੀ ਛੱਡ ਦਿੱਤੇ ਗਏ ਹਨ।

**ਸਰਦਾਰ ਦਲੀਪ ਸਿੰਘ ਪਾਂਧੀ :** ਕੀ ਚੀਫ ਮਨਿਸਟਰ ਸਾਹਿਬ ਦੱਸਣਗੇ ਕਿ 1984 ਤੋਂ ਅੱਜ ਤੱਕ ਜਿਹੜੇ ਬੇਦੋਸ਼ੇ, ਬੇਕਸੂਰ ਬੰਦੇ ਫੜੇ ਗਏ ਅਤੇ ਜਿਹੜੇ ਬੈਂਸ ਕਮੇਟੀ ਨੇ ਕੁਝ ਦਿੱਕਤਾਂ ਕਰਕੇ ਜਾਂ ਉਸ ਪਰੋਵੀਜ਼ਨ ਵਿਚ ਨਹੀਂ ਆਉਂਦੇ, ਉਹ ਨਹੀਂ ਛੱਡੇ ਗਏ ਹਨ। ਕੀ ਉਨ੍ਹਾਂ ਕੇਸਿਜ਼ ਨੂੰ ਜਿਹੜੇ ਬੇਕਸੂਰ ਹਨ, ਉਹ ਬੰਦੇ ਸੀ.ਐਮ. ਨੂੰ ਵੀ ਮਿਲਦੇ ਰਹਿੰਦੇ ਹਨ, ਕੀ ਉਨ੍ਹਾਂ ਨੂੰ ਛੱਡ ਦੇਣਗੇ ? ਉਹ ਲੋਕ ਇਨ੍ਹਾਂ ਨੂੰ ਮਿਲਦੇ ਰਹਿੰਦੇ ਹਨ, ਉਨ੍ਹਾਂ ਵਿਚ ਬੇਕਸੂਰ ਆਦਮੀ ਹਨ ਜਾਂ ਜਿਹੜੇ ਬਲਿਊ ਸਟਾਰ ਆਪਰੇਸ਼ਨ ਸਮੇਂ ਜਿਹੜੇ ਫੜੇ ਗਏ ਹਨ, ਜਿਹੜੇ ਬੇਕਸੂਰ ਹਨ, ਕੀ ਉਨ੍ਹਾਂ ਦੇ ਕੇਸਾਂ ਤੇ ਦੁਬਾਰਾ ਗੌਰ ਕਰਕੇ ਉਨ੍ਹਾਂ ਨੂੰ ਰਿਹਾ ਕਰ ਦੇਣਗੇ ?

**ਮੁੱਖ ਮੰਤਰੀ :** ਜਿਹੜੇ ਸਿਆਸੀ ਨੇਚਰ ਦੇ ਕੇਸਿਜ਼ ਹਨ, ਪਾਰਟੀਆਂ ਦੇ ਜਾਂ ਧਰਮ ਦੇ ਝਗੜੇ ਹੁੰਦੇ ਹਨ, ਉਨ੍ਹਾਂ ਦੇ ਕੇਸਿਜ਼ ਬੈਂਸ ਕਮੇਟੀ ਪਾਸ ਆਏ, ਭਾਵੇਂ ਉਹ ਹਿੰਦੂ ਸਨ ਜਾਂ ਸਿੱਖਾਂ ਦੇ ਸਨ, ਉਹ ਬੈਂਸ ਕਮੇਟੀ ਦੀ ਸਿਫਾਰਸ਼ ਤੇ ਛੱਡੇ ਗਏ ਹਨ। ਪਰ ਕੁਝ ਲੋਕ ਐਸੇ ਹਨ ਜਿਹੜੇ ਆਪਿਸ ਵਿਚ ਝਗੜਾ ਕਰ ਲੈਂਦੇ ਹਨ ਜਾਂ ਆਪਸੀ ਝਗੜੇ ਦੇ ਕੇਸਿਜ਼ ਹਨ ਅਤੇ ਉਨ੍ਹਾਂ ਨੂੰ ਵੀ ਉਹ ਐਸੀ ਰੰਗਤ ਦੇ ਕੇ ਸਿਆਸੀ ਕੇਸਿਜ਼ ਵਿਚ ਲਿਆਉਣ ਦੀ ਕੋਸ਼ਿਸ਼ ਕਰਦੇ ਹਨ, ਉਹ ਕੇਸਿਜ਼ ਬੈਂਸ ਕਮੇਟੀ ਪਾਸ ਨਹੀਂ ਆ ਸਕੇ।

**ਸਰਦਾਰ ਬਲਵਿੰਦਰ ਸਿੰਘ ਭੂੰਦੜ :** ਮੈਂ ਪੁੱਛਣਾ ਚਾਹੁੰਦਾ ਹਾਂ ਕਿ ਗਵਰਨਰ ਰੂਲ ਦੇ ਦੌਰਾਨ ਕੁਝ ਪੁਲਿਟੀਕਲ ਟਾਈਪ ਦੇ ਕੇਸਿਜ਼ ਝੂਠੇ ਕੇਸਿਜ਼ ਬਣਾਏ ਗਏ ਸਨ ਔਰ ਸਪੈਸ਼ਲ ਕੋਰਟਸ ਨੇ ਉਨ੍ਹਾਂ ਨੂੰ ਬਰੀ ਵੀ ਕਰ ਦਿੱਤਾ ਸੀ ਪਰ ਉਨ੍ਹਾਂ ਦੀਆਂ ਅਪੀਲਾਂ ਸੁਪਰੀਮ ਕੋਰਟ ਵਿਚ ਕੀਤੀਆਂ ਹੋਈਆਂ ਹਨ। ਕੀ ਉਹ ਜਿਹੜੇ ਬੇਦੋਸ਼ੇ ਹਨ, ਉਨ੍ਹਾਂ ਨੂੰ ਐਵੇਂ ਪੇਸ਼ੀਆਂ ਤੇ ਜਾਣਾ ਪੈਂਦਾ ਹੈ, ਉਨ੍ਹਾਂ ਦੀਆਂ ਅਪੀਲਾਂ ਸਰਕਾਰ ਵਾਪਿਸ ਲਵੇਗੀ ?

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ**: ਕੁਝ ਕੇਸਿਜ਼ ਹਨ। ਇਹ ਵੀ ਨੋਟਿਸ ਵਿਚ, ਇਹ ਚੀਜ਼ ਲਿਆਏ ਹਨ। ਇਹ ਦੱਸ ਦੇਣ ਜਿਨ੍ਹਾਂ ਦੀ ਸੁਪਰੀਮ ਕੋਰਟ ਵਿਚ ਅਪੀਲ ਚਲ ਰਹੀ ਹੈ, ਅਸੀਂ ਉਹ ਵਾਪਿਸ ਲਵਾਂਗੇ।

**ਡਾਕਟਰ ਕੇਵਲ ਕ੍ਰਿਸ਼ਨ**: ਮੈਂ ਜਾਨਣਾ ਚਾਹੁੰਦਾ ਹਾਂ ਕਿ ਸੀ.ਐਮ. ਸਾਹਿਬ ਨੇ ਦੱਸਿਆ ਹੈ ਕਿ ਹਾਰਡ ਕੋਰ ਕ੍ਰਿਮੀਨਲਜ਼ ਦੇ ਕੇਸਿਜ਼ ਕੁਝ ਅਜੇ ਅੰਡਰ ਕੰਸਿਡਰੇਸ਼ਨ ਹਨ। ਉਨ੍ਹਾਂ ਦੀ ਗਿਣਤੀ ਕਿੰਨੀ ਹੈ? ਹਾਰਡ ਕੋਰ ਕ੍ਰਿਮੀਨਲ ਦੀ ਕਿਹੜੀ ਕੈਟੇਗਰੀ ਹੈ?

**ਮੁੱਖ ਮੰਤਰੀ**: ਹਾਰਡ ਕੋਰ ਕ੍ਰਿਮੀਨਲਜ਼ ਦੀ ਕੋਈ ਡੈਫੀਨੇਸ਼ਨ ਨਹੀਂ ਲੋੜੀਂਦੀ। ਮੈਂ ਸਮਝਦਾ ਹਾਂ ਕਿ hard core criminal is a hard core criminal ਉਨ੍ਹਾਂ ਦਾ ਸਹੀ ਨੰਬਰ ਮੈਂ ਨਹੀਂ ਦੱਸ ਸਕਦਾ ਕਿਉਂਕਿ ਇਸ ਵੇਲੇ ਮੇਰੇ ਪਾਸ ਇਹ ਇਨਫਰਮੇਸ਼ਨ ਨਹੀਂ ਹੈ। ਇਹ ਵੱਖਰਾ ਸਵਾਲ ਕਰ ਦੇਣ, ਮੈਂ ਇਨ੍ਹਾਂ ਨੂੰ ਦੱਸ ਦਿਆਂਗਾ।

**ਸਰਦਾਰ ਕੁਲਦੀਪ ਸਿੰਘ ਵਡਾਲਾ**: ਇਨ੍ਹਾਂ ਨੇ ਮੰਨਿਆਂ ਹੈ ਅਤੇ ਕਿਹਾ ਹੈ ਕਿ ਬੈਂਸ ਕਮੇਟੀ ਦੀ ਰਿਪੋਰਟ ਦੇ ਮੁਤਾਬਿਕ ਬਹੁਤ ਲੋਕ ਛੱਡੇ ਗਏ ਹਨ। ਜਿਨ੍ਹਾਂ ਤੇ ਬੋਗਸ ਕੇਸਿਜ਼, ਝੂਠੇ ਕੇਸਿਜ਼ ਅਤੇ ਐਨਕਾਊਂਟਰਜ਼ ਦੇ ਕੇਸਿਜ਼ ਜਿਨ੍ਹਾਂ ਅਫਸਰਾਂ ਨੇ ਬਣਾਏ ਹਨ ਕੀ ਉਨ੍ਹਾਂ ਦੇ ਖਿਲਾਫ ਕੋਈ ਐਕਸ਼ਨ ਲੈਣ ਦਾ ਵਿਚਾਰ ਰੱਖਦੇ ਹਨ?

**ਮੁੱਖ ਮੰਤਰੀ**: ਉਸ ਉਤੇ ਵੀ ਵਿਚਾਰ ਕਰ ਲਵਾਂਗੇ, ਜੇ ਕੋਈ ਖਾਸ ਕੇਸ ਦੱਸਣਗੇ ਤਾਂ ਵਿਚਾਰ ਕਰ ਲਵਾਂਗੇ।

**ਸਰਦਾਰ ਭਾਗ ਸਿੰਘ**: ਬੈਂਸ ਕਮੇਟੀ ਦੀ ਰਿਪੋਰਟ ਅਤੇ ਪੁਲਿਸ ਦੇ ਐਟੀਚੂਡ ਵਿਚ ਮੱਤਭੇਦ ਸਨ ਅਤੇ ਇਸ ਦਾ ਚਰਚਾ ਅਖਬਾਰਾਂ ਵਿਚ ਆਇਆ ਹੈ। ਇਸ ਦੇ ਬਾਵਜੂਦ ਕਿ ਪੁਲਿਸ ਨੇ ਕੁਝ ਕੇਸਿਜ਼ ਨੂੰ ਅਪੋਜ਼ ਕੀਤਾ ਕਿ ਇਹ ਵਿਦਡਰਾ ਨਹੀਂ ਹੋਣੇ ਚਾਹੀਦੇ ਪਰ ਸਰਕਾਰ ਨੇ ਪਰੈਸ਼ਰ ਪਾ ਕੇ ਉਹ ਕੇਸਿਜ਼ ਵਾਪਿਸ ਕੀਤੇ। ਇਸ ਤਰ੍ਹਾਂ ਪੁਲਿਸ ਡੀਮਾਰੇਲਾਈਜ਼ ਹੋ ਗਈ ਹੈ। (ਵਿਘਨ) ਕਿਸ ਤਰ੍ਹਾਂ ਤਿੰਨ ਕਿਲੋਮੀਟਰ ਤੱਕ ਫਾਇਰਿੰਗ ਕਰਦੇ ਗਏ, ਪਰ ਕੋਈ ਐਕਸ਼ਨ ਨਹੀਂ ਹੋਇਆ। ਇਸ ਤਰ੍ਹਾਂ ਪੁਲਿਸ ਡੀਮਾਰੇਲਾਈਜ਼ ਹੋ ਗਈ ਹੈ। ਕੀ ਇਹ ਦੱਸਣਗੇ ਕਿ ਜੋ ਪੁਲਿਸ ਤੇ ਪਰੈਸ਼ਰ ਪਾ ਕੇ ਕੇਸਿਜ਼ ਵਿਦਡਰਾ ਹੋਏ ਹਨ ਅਤੇ ਇਸ ਤਰ੍ਹਾਂ ਪੁਲਿਸ ਡੀਮਾਰੇਲਾਈਜ਼ ਹੋ ਗਈ ਹੈ ਪੁਲਿਸ ਇਨਐਕਸ਼ਨ ਹੋ ਗਈ ਹੈ?

**ਮੁੱਖ ਮੰਤਰੀ**: ਪੁਲਿਸ ਨੂੰ ਡੀਮਾਰੇਲਾਈਜ਼ ਤਾਂ ਇਨ੍ਹਾਂ ਨੇ ਕੀਤਾ ਪਰ ਹੁਣ ਕੋਈ ਡੀਮਾਰੇ-ਲਾਈਜ਼ੇਸ਼ਨ ਵਾਲੀ ਗੱਲ ਨਹੀਂ ਹੈ। ਇਹ ਕਹਿਣਾ ਕਿ ਪੁਲਿਸ ਤੇ ਪਰੈਸ਼ਰ ਪਾ ਕੇ, ਜ਼ੋਰ ਪਾ ਕੇ ਕੇਸਿਜ਼ ਵਿਦਡਰਾ ਕੀਤੇ ਗਏ, police does not come in the picture ਉਹ ਬੈਂਸ ਕਮੇਟੀ ਦੀ ਰਿਕੁਮੈਂਡੇਸ਼ਨ ਤੇ ਸਰਕਾਰ ਨੇ ਫੈਸਲਾ ਕਰਕੇ ਰਿਹਾਈਆਂ ਕੀਤੀਆਂ।

---

**Proposal to attract emloyees to work in the backward area of Pathankot**

***279. Master Mohan Lal**: Will the Chief Minister be pleased to state whether there is any scheme under the consideration of the Government to attract the employees to work in the backward area of Pathankot Sub-Division; if so, the details thereof?

**ਸਰਦਾਰ ਸੁਰਜੀਤ ਸਿੰਘ ਬਰਨਾਲਾ**: ਨਹੀਂ ਜੀ।

Original with;
Punjab Vidhan Sabha
Digitized by;
Panjab Digital Library

**ਮਾਸਟਰ ਮੋਹਨ ਲਾਲ** : ਉਸ ਪਛੜੇ ਇਲਾਕੇ ਅੰਦਰ ਸਕੂਲ ਖਾਲੀ ਪਏ ਹਨ। ਬਿਜਲੀ ਬੋਰਡ ਦੇ ਕਰਮਚਾਰੀ ਉਥੇ ਨਹੀਂ ਜਾਂਦੇ। ਪਬਲਿਕ ਹੈਲਥ ਵਾਲੇ ਉਥੇ ਨਹੀਂ ਜਾਂਦੇ। ਇਸ ਲਈ, ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਅੱਗੇ ਨੂੰ ਇਹ ਕੋਈ ਇਹੋ ਜਿਹੀ ਸਕੀਮ ਬਣਾਉਣ ਕਿ ਇੰਪਲਾਈਜ਼ ਇਨੀਸ਼ੀਏਟਿਵ ਲੈ ਕੇ ਉਥੇ ਕੰਮ ਕਰ ਸਕਣ। ਕੀ ਐਸੀ ਕੋਈ ਸਕੀਮ ਸਰਕਾਰ ਦੇ ਵਿਚਾਰ ਅਧੀਨ ਹੈ ?

**ਮੁੱਖ ਮੰਤਰੀ** : ਮੈਂ ਤਾਂ ਜਵਾਬ ਸਾਰੇ ਦਾ ਦਿਤਾ ਹੈ। ਬੜਾ ਅਟਰੈਕਟਿਵ ਇਲਾਕਾ ਹੈ, ਹੋਰ ਅਟਰੈਕਸ਼ਨ ਅਸੀਂ ਇਸ ਤੋਂ ਜ਼ਿਆਦਾ ਕੀ ਕਰ ਸਕਦੇ ਹਾਂ। ਬਹੁਤ ਅੱਛਾ ਇਲਾਕਾ ਹੈ, ਬਹੁਤ ਅੱਛਾ ਕਸਬਾ ਹੈ।

**ਮਾਸਟਰ ਮੋਹਨ ਲਾਲ** : ਇੰਪਲਾਈਜ਼ ਉਥੇ ਕੰਮ ਕਰਕੇ ਖੁਸ਼ ਨਹੀਂ ਹਨ। ਕੀ ਇਹ ਕੋਈ ਇਹੋ ਜਿਹੀ ਸਕੀਮ ਬਣਾਉਣਗੇ ਕਿ ਇੰਪਲਾਈਜ਼ ਉਥੇ ਖੁਸ਼ੀ ਨਾਲ ਉਸ ਇਲਾਕੇ ਵਿਚ ਕੰਮ ਕਰ ਸਕਣ ?

**ਮੁੱਖ ਮੰਤਰੀ** : ਮੈਂਬਰ ਸਾਹਿਬ ਇਹ ਨਹੀਂ ਦੱਸ ਰਹੇ ਕਿ ਉਹ ਕੰਮ ਕਰਕੇ ਖੁਸ਼ ਕਿਉਂ ਨਹੀਂ ਹਨ। ਇਹ ਜਿਹੜੇ ਸਾਹਮਣੇ ਬੈਠੇ ਹਨ, ਇਨ੍ਹਾਂ ਨੇ ਐਸੇ ਹਾਲਾਤ ਪੈਦਾ ਕੀਤੇ ਹੋਣੇ ਹਨ। ਅਸੀਂ ਤਾਂ ਚਾਹੁੰਦੇ ਹਾਂ ਕਿ ਉਥੇ ਇੰਪਲਾਈਜ਼ ਕੰਮ ਕਰਕੇ ਖੁਸ਼ੀ ਮਹਿਸੂਸ ਕਰਨ।

**ਮਾਸਟਰ ਮੋਹਨ ਲਾਲ** : ਸਪੀਕਰ ਸਾਹਿਬ, ਮੇਰਾ ਸਵਾਲ ਨੰ: 278 ਸੀ ਜੀ। ਉਹ ਸਵਾਲ ਰਹਿ ਗਿਆ ਹੈ, ਉਸ ਦੀ ਆਗਿਆ ਦਿਓ,।

**Mr. Speaker** : I am Sorry. ਉਹ ਹੁਣ ਨਹੀਂ ਲਿਆ ਜਾ ਸਕਦਾ।

**Sardar Gurcharan Singh Nihalsinghwala**: Point of order, Sir. I seek your protection ਮੇਰਾ ਪੁਆਇੰਟ ਆਫ ਆਰਡਰ ਮੈਂਬਰਾਂ ਦੀ ਡਾਕ ਦੇ ਬਾਰੇ ਹੈ। ਮੇਰੇ ਰੈਜ਼ੀਡੈਂਸ ਤੇ ਇਜਲਾਸ ਦੇ ਇਕ ਦਿਨ ਪਹਿਲਾਂ ਕੁਐਸਚਨ ਆ ਜਾਣੇ ਚਾਹੀਦੇ ਸਨ ਉਹ ਨਹੀਂ ਆਏ। ਮੇਰਾ ਇਕ ਬੜਾ ਜ਼ਰੂਰੀ ਸਵਾਲ ਹੈ, ਉਹ ਰਹਿ ਗਿਆ ਹੈ। ਮੈਂ ਤਿਆਰੀ ਵੀ ਕੀਤੀ ਸੀ।

**Mr. Speaker**: I am very sorry. I must apologize for that. I request you to please come to my Chamber, I will attend to your complaint. ਤੁਸੀਂ ਮੇਰੇ ਚੈਂਬਰ ਵਿਚ ਆ ਜਾਣਾ, ਅਸੀਂ ਗੱਲ ਕਰ ਲਵਾਂਗੇ।

**ਡਾਕਟਰ ਕੇਵਲ ਕ੍ਰਿਸ਼ਨ** : ਪੁਆਇੰਟ ਆਫ ਆਰਡਰ, ਸਰ।

**ਸ੍ਰੀ ਸਪੀਕਰ** : ਮੈਨੂੰ ਕੁਐਸਚਨ ਆਵਰ ਤਾਂ ਓਵਰ ਕਰ ਲੈਣ ਦਿਓ।

Questions are over.

---

## UNSTARRED QUESTIONS AND ANSWERS

### Unlicenced Fire Weapons

**47. Shri Brij Bhushan Mehra :** Will the Chief Minister be pleased to state the number of unlicenced weapons recovered in the State from 1st October, 1985 to 1st February, 1986 and details of types of various weapons so reovered ?

Original with;
Punjab Vidhan Sabha
Digitized by;
Panjab Digital Library

**ਸਰਦਾਰ ਸੁਰਜੀਤ ਸਿੰਘ ਬਰਨਾਲਾ** : ਬਿਨਾਂ ਲਸੰਸ ਹਥਿਆਰਾਂ ਦੀ ਗਿਣਤੀ ਜਿਹੜੀ ਕਿ ਮਿਤੀ 1-10-85 ਤੋਂ 1-2-86 ਤੱਕ ਪ੍ਰਾਪਤ ਕੀਤੇ ਗਏ ਵਿਵਰਨ ਸਹਿਤ ਹੇਠਾਂ ਦਰਸਾਏ ਜਾਂਦੇ ਹਨ:—

| | | |
|---|---|---|
| 1. | ਪਿਸਤੌਲ | 250 |
| 2. | ਰਿਵਾਲਵਰਜ਼ | 39 |
| 3. | ਰਾਈਫਲਜ਼ | 7 |
| 4. | ਐਸ.ਬੀ.ਬੀ.ਐਲ. ਗੰਨਜ਼ | 22 |
| 5. | ਡੀ.ਬੀ.ਬੀ.ਐਲ. ਗੰਨਜ਼ | 5 |
| 6. | ਕਾਰਬਾਈਨ/ਸਟੇਨ ਗੰਨਜ਼ | 3 |
| | ਜੋੜ | 326 |

---

## Overdue Passenger Tax

**48. Shri Brij Bhushan Mehra** : Will the Minister for Finance be pleased to state—

(a) the names of the transport companies whose payment of passenger tax is overdue by over six months and the total amount involved ;

(b) the steps taken or proposed to be taken to recover the said amount ?

**ਸਰਦਾਰ ਬਲਵੰਤ ਸਿੰਘ** : (ੳ) ਅਤੇ (ਅ) ਸੂਚਨਾ ਨਾਲ ਨੱਥੀ ਸਟੇਟਮੈਂਟ ਵਿਚ ਦਰਜ ਹੈ।

'ੳ'

ਟਰਾਂਸਪੋਰਟ ਕੰਪਨੀਆਂ ਦੇ ਨਾਂ ਜਿਹਨਾਂ ਵੱਲ 6 ਮਹੀਨਿਆਂ ਤੋਂ ਵੱਧ ਸਮੇਂ ਦਾ ਸਵਾਰੀ ਕਰ ਦਾ ਬਕਾਇਆ, ਕੁਲ ਰਕਮ ਵਸੂਲਣ ਯੋਗ ਅਤੇ ਬਕਾਇਆ ਵਸੂਲ ਕਰਨ ਲਈ ਜੋ ਕਾਰਵਾਈ ਕੀਤੀ ਜਾ ਰਹੀ ਹੈ।

| ਲੜੀ ਨੰ: | ਟਰਾਂਸਪੋਰਟ ਕੰਪਨੀ ਦਾ ਨਾਂ | | ਬਕਾਇਆ ਜੋ ਬਣਦਾ ਹੈ | ਬਕਾਇਆ ਵਸੂਲਣ ਲਈ ਚੁਕੇ ਗਏ ਕਦਮ |
|---|---|---|---|---|
| 1 | ਮੈ: ਬਾਂਸਲ ਬੱਸ ਸਰਵਿਸ, ਪਟਿਆਲਾ | ... | 2,223 | ਬਕਾਇਆ ਵਸੂਲਣ ਲਈ ਕਾਰਵਾਈ ਜਾਰੀ ਹੈ। |
| 2 | ਮੈਸ: ਫਤੇਹਗੜ੍ਹ ਸਾਹਿਬ ਬਸ ਸਰਵਿਸ | ... | 2,163 | ,, |

Original with;
Punjab Vidhan Sabha
Digitized by;
Panjab Digital Library

| ਲੜੀ ਨੰ: | ਟਰਾਂਸਪੋਰਟ ਕੰਪਨੀ ਦਾ ਨਾਂ | ਬਕਾਇਆ ਜੋ ਬਣਦਾ ਹੈ। | ਬਕਾਇਆ ਵਸੂਲਣ ਲਈ ਚੁਕੇ ਗਏ ਕਦਮ |
|---|---|---|---|
| 1 | 2 | 3 | 4 |
| 3 | ਮੈ: ਖਿੰਡ ਟਰਾਂਸਪੋਰਟ ਕੰਪਨੀ .. | 1,213 | ਬਕਾਇਆ ਵਸੂਲਣ ਲਈ ਕਾਰਵਾਈ ਜਾਰੀ ਹੈ |
| 4 | ਮੈ: ਘੱਗਰ ਟਰਾਂਸਪੋਰਟ ਕੰ: ... | 1,425 | ,, |
| 5 | ਮੈ: ਪਟਿਆਲਾ ਬੱਸ ਐਂਡ ਜਨਰਲ ਟਰਾਂਸਪੋਰਟ ਕੰਪਨੀ | 1,700 | ,, |
| 6 | ਮੈ: ਲਹਿਰਾ ਬੱਸ ਸਰਵਿਸ ... | 825 | ,, |
| 7 | ਮੈ: ਅਮਰਜੀਤ ਸਿੰਘ ਟਰਾਂਸਪੋਰਟ ਕੰਪਨੀ ... | 800 | ,, |
| 8 | ਮੈ: ਸਰਹਿੰਦ ਬੱਸ ਸਰਵਿਸ ... | 1,010 | ,, |
| 9 | ਮੈ: ਘੱਗਰ ਟਰਾਂਸਪੋਰਟ ਕੰਪਨੀ ... | 500 | ,, |
| 10 | ਮੈ: ਰਾਜਪੁਰਾ ਬੱਸ ਸਰਵਿਸ ... | 2,500 | ,, |
| 11 | ਮੈ: ਅਵਤਾਰ ਟਰਾਂਸਪੋਰਟ ਕੰਪਨੀ .. | 1,805 | ,, |
| 12 | ਮੈ: ਕਰਤਾਰ ਟਰਾਂਸਪੋਰਟ ਕੰਪਨੀ .. | 2,500 | ,, |
| 13 | ਮੈ: ਨਿਊ ਪੰਜਾਬ ਟਰਾਂਸਪੋਰਟ ਕੰਪਨੀ ... | 2,050 | ,, |
| 14 | ਮੈ: ਫਤੇਹਗੜ੍ਹ ਹਾਈਵੇਜ਼ ... | 1,050 | ,, |
| 15 | ਮੈ: ਨਿਆਲ ਕੋ-ਆਪ: ਟਰਾਂਸਪੋਰਟ ਕੰਪਨੀ | 21,500 | ,, |
| 16 | ਮੈ: ਲੁਧਿਆਣਾ ਬੱਸ ਸਰਵਿਸ ... | 1,000 | ,, |
| 17 | ਮੈ: ਕੌਸ਼ਲ ਬੱਸ ਸਰਵਿਸ ... | 1,000 | ,, |
| 18 | ਮੈ: ਬਾਬਾ ਬਸ ਸਰਵਿਸ ... | 3,000 | ,, |
| 19 | ਮੈ: ਨਿਊ ਫਤਿਹਗੜ੍ਹ ਬਸ ਸਰਵਿਸ ... | 20,750 | ,, |
| 20 | ਮੈ: ਲਹਿਰਾ ਬੱਸ ਸਰਵਿਸ ... | 2,500 | ,, |
| 21 | ਮੈ: ਮਲੋਂਵਾਲ ਬਸ ਸਰਵਿਸ ... | 1,268 | ,, |

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

| 1 | 2 | 3 | 4 |
|---|---|---|---|
| 22 | ਮੈ: ਸ਼ਰਮਾ ਟਰਾਂਸਪੋਰਟ ਕੰਪਨੀ ... | 1,425 | ਬਕਾਇਆ ਵਸੂਲਣ ਲਈ ਕਾਰਵਾਈ ਜਾਰੀ ਹੈ |
| 23 | ਮੈ: ਪਟਿਆਲਾ ਬੱਸ ਹਾਈਵੇਜ਼ ... | 3,500 | ,, |
| 24 | ਮੈ: ਪਟਿਆਲਾ ਬਸ ਸਰਵਿਸ ਸਰਹੰਦ ... | 2,000 | ,, |
| 25 | ਮੈ: ਬੀਰ ਬਸ ਸਰਵਿਸ ... | 2,343 | ,, |
| 26 | ਮੈ: ਅਕਾਲ ਬਸ ਸਰਵਿਸ, ਐਹਮਦਗੜ੍ਹ ... | 2,500 | ਬਕਾਇਆ ਵਸੂਲਣ ਲਈ ਕਾਰਵਾਈ ਜਾਰੀ ਹੈ। ਰਕਮ ਵਿੱਤੀ ਸਾਲ ਖਤਮ ਹੋਣ ਤੋਂ ਪਹਿਲਾਂ ਵਸੂਲ ਕਰ ਲਈ ਜਾਵੇਗੀ। |
| 27 | ਮੈ: ਲਿਬਰਾ ਬੱਸ ਸਰਵਿਸ, ਮਲੇਰਕੋਟਲਾ ... | 50,000 | ,, |
| 28 | ਮੈ: ਰਣਜੀਤ ਟਰਾਂਸਪੋਰਟ ਕੰਪਨੀ, ਸੰਗਰੂਰ | 10,000 | ,, |
| 29 | ਮੈ: ਸੰਗਰੂਰ ਪਰੋਗਰੈਸਿਵ ਕੋਆਪਰੇਟਿਵ ਟਰਾਂਸਪੋਰਟ ਕੰਪਨੀ | 11,000 | ,, |
| 30 | ਮੈ: ਭੱਟੀ ਬੱਸ ਸਰਵਿਸ, ਖੰਨਾ ... | 2,980 | ,, |
| 31 | ਮੈ: ਗਰੇਵਾਲ ਟਰਾਂਸਪੋਰਟ ਕੰ: ਕਿਲਾ ਰਾਇਪੁਰ | 4,000 | ,, |
| 32 | ਮੈ: ਥਿੰਡ ਟਰਾਂਸਪੋਰਟ ਕੰ:, ਸਮਾਨਾ ... | 2,800 | ਕੰਪਨੀ 1977 ਤੋਂ ਬੰਦ ਹੈ, ਬਕਾਇਆ ਵਸੂਲਣ ਲਈ ਕਾਰਵਾਈ ਜਾਰੀ ਹੈ। |
| 33 | ਮੈ: ਅਕਾਲ ਬੱਸ ਸਰਵਿਸ, ਲੁਧਿਆਣਾ ... | 4,364 | ਕੰਪਨੀ ਬੰਦ ਹੋ ਚੁੱਕੀ ਹੈ, ਬਕਾਇਆ ਵਸੂਲਣ ਲਈ ਕਾਰਵਾਈ ਜਾਰੀ ਹੈ। |

Original with;
Punjab Vidhan Sabha
Digitized by;
Panjab Digital Library

| 1 | 2 | 3 | 4 |
|---|---|---|---|
| 34 | ਮੈ: ਫਤੇਹਗੜ੍ਹ ਹਾਈਵੇਜ਼, ਸਰਹੰਦ ... | 1,300 | ਬਕਾਇਆ ਵਸੂਲਣ ਲਈ ਕਾਰਵਾਈ ਜਾਰੀ ਹੈ ਅਤੇ ਇਹ ਰਕਮ 31 ਮਾਰਚ, 1986 ਤੋਂ ਪਹਿਲਾਂ ਵਸੂਲ ਕਰ ਲਈ ਜਾਵੇਗੀ। |
| 35 | ਮੈ: ਰਾਜਦੀਪ ਬਸ ਸਰਵਿਸ ... | 1,700 | ,, |
| 36 | ਮੈ: ਨਿਊ ਫਤੇਹਗੜ੍ਹ ਟਰਾਂਸਪੋਰਟ ਕੰਪ: (ਪ੍ਰ:) ਸਰਹੰਦ | 12,373 | ,, |
| 37 | ਮੈ: ਸਰਹੰਦ ਖੰਨਾਂ ਟਰਾਂਸਪੋਰਟ ਕੰਪਨੀ ਹੈਡ ਆਫਿਸ ਸਰਹੰਦ | 4,160 | ,, |
| 38 | ਮੈ: ਬਾਬਾ ਬਸ ਸਰਵਿਸ ... | 6,580 | ,, |
| 39 | ਮੈ: ਮਲੋਵਾਲ ਬਸ ਸਰਵਿਸ ... | 5,355 | ,, |
| 40 | ਮੈ: ਨਿਊ ਪਰੀਤਮ ਬਸ ਸਰਵਿਸ, ਪਟਿਆਲਾ | 5,340 | ,, |
| 41 | ਮੈ: ਅਸ਼ੋਕਾ ਬਸ ਸਰਵਿਸ, ਭਦੌੜ ... | 2,820 | ,, |
| 42 | ਮੈ: ਭਦੌੜ ਬਸ ਸਰਵਿਸ, ਭਦੌੜ .. | 7,100 | ,, |
| 43 | ਮੈ: ਭਾਰਤ ਮੋਟਰਜ਼, ਬਰਨਾਲਾ ... | 10,000 | ਬਕਾਇਆ ਵਸੂਲਣ ਲਈ ਕਾਰਵਾਈ ਜਾਰੀ ਹੈ, ਇਹ ਰਕਮ 31 ਮਾਰਚ, 1986 ਤੱਕ ਵਸੂਲ ਕਰ ਲਈ ਜਾਵੇਗੀ। |
| 44 | ਮੈ: ਇੰਦਰਾ ਬਸ ਸਰਵਿਸ, ਬਰਨਾਲਾ ... | 6,000 | ,, |
| 45 | ਮੈ: ਮਨਜੀਤ ਬਸ ਸਰਵਿਸ, ਭਦੌੜ ... | 16,740 | ਇਸ ਕੰਪਨੀ ਦੀ ਅਸੈਸ-ਮੈਂਟ ਕੰਪਨੀ ਦੇ ਬੰਦ ਹੋਣ ਤੇ ਕੀਤੀ ਸੀ। ਮਾਲਕ ਕੋਲ ਚੁੱਕ ਅਤੇ ਅਚੁੱਕ ਸੰਪਤੀ ਨਹੀਂ ਹੈ ਫੇਰ ਵੀ ਬਕਾ-ਇਆ ਵਸੂਲਣ ਦੀ ਕਾਰਵਾਈ ਜਾਰੀ ਹੈ। |

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

| 1 | 2 | 3 | 4 |
|---|---|---|---|
| 46 | ਮੈ : ਪੰਜਾਬ ਮੋਟਰਜ਼, ਬਰਨਾਲਾ ... | 4,900 | ਬਕਾਇਆ ਵਸੂਲਣ ਦੀ ਕੋਸ਼ਿਸ਼ ਜਾਰੀ ਹੈ, ਇਹ 31 ਮਾਰਚ, 1986 ਤੱਕ ਵਸੂਲ ਕਰ ਲਿਆ ਜਾਵੇਗਾ। |
| 47 | ਮੈ : ਵਾਲੀਆ ਬੱਸ ਸਰਵਿਸ, ਬਰਨਾਲਾ ... | 9,750 | ਉਹੀ |
| 48 | ਮੈ : ਪੈਪਸੂ ਰੋਡ ਟਰਾਂ : ਕੰ : ਬਰਨਾਲਾ ਡਿਪੂ ... | 18,450 | ਇਹ ਸੈਮੀ ਗੌਰਮਿੰਟ ਨਾਲ ਸਬੰਧਤ ਹੈ, ਫਿਰ ਵੀ ਬਕਾਇਆ ਵਸੂਲਣ ਲਈ ਕਾਰਵਾਈ ਜਾਰੀ ਹੈ। |
| 49 | ਮੈ : ਸ਼੍ਰੀ ਗੁਰਿੰਦਰ ਸਿੰਘ ਪੁੱਤਰ ਸ਼੍ਰੀ ਜਰਨੈਲ ਸਿੰਘ, ਬਠਿੰਡਾ (ਮੈਟਾਡੋਰ) ... | 2,500 | ਉਹੀ |
| 50 | ਮੈ : ਅਕਾਲ ਟਰਾਂ : ਕੰ : ਲੁਧਿਆਣਾ ... | 1,24,702 | ਇਸ ਕੰਪਨੀ ਦੀ ਅਚੱਕ ਸੰਪਤੀ ਕੁਰਕ ਕਰ ਲਈ ਸੀ ਪਰੰਤੂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਰੋਕ ਦੇ ਦਿੱਤੀ ਹੈ। |
| 51 | ਮੈ : ਨੈਸ਼ਨਲ ਟਰਾਂ : ਕੰ : (ਜਨਰਲ) ਸਮਰਾਲਾ ... | 81,407 | ਕੰਪਨੀ ਕਾਫੀ ਦੇਰ ਤੋਂ ਖਤਮ ਹੋ ਚੁੱਕੀ ਹੈ ਅਤੇ ਮਾਨਯੋਗ ਹਾਈ ਕੋਰਟ ਚੰਡੀਗੜ੍ਹ ਦੇ ਹੁਕਮ ਮਿਤੀ 16 ਅਗਸਤ, 1984 ਜੋ ਸਿਵਲ ਰਿਟ 56/1956 ਵਿਚ ਪਾਸ ਕੀਤਾ ਗਿਆ ਹੈ ਦੇ ਤਹਿਤ ਸਰਕਾਰੀ ਲੀਕੁਈਡੇਟਰ |

Original with;
Punjab Vidhan Sabha
Digitized by;
Panjab Digital Library

| 1 | 2 | 3 | 4 |
|---|---|---|---|
| | | | ਨਿਯੁਕਤ ਹੋ ਚੁੱਕਾ ਹੈ ਅਤੇ ਉਸ ਨੂੰ ਟਰਾਂਸ-ਪੋਰਟ ਕੰਪਨੀ ਵਲੋਂ ਬਕਾਏ ਦੀ ਉਗਰਾਹੀ ਕਰਨ ਲਈ ਬੇਨਤੀ ਕੀਤੀ ਗਈ ਹੈ ਸਰ-ਕਾਰੀ ਲੀਕੁਈਡੇਟਰ ਨੇ ਆਪਣੇ ਯਾਦ ਪੱਤਰ ਐਨ. ਟੀ. ਜੀ. ਸੀ. ਐਲ 3/ਲੀਕੁਈਡੇਟਡ 2265 ਮਿਤੀ 10 ਦਸੰਬਰ, 1985 ਰਾਹੀਂ ਸੂਚਿਤ ਕੀਤਾ ਹੈ ਕਿ ਜਦੋਂ ਕਾਫੀ ਪੈਸੇ ਇਕੱਠੇ ਹੋ ਗਏ ਤਾਂ ਲੈਣਦਾਰਾਂ ਦੇ ਕਲੇਮ ਪੁੱਛੇ ਜਾਣਗੇ ਅਤੇ ਇਸ ਦਫਤਰ ਨੂੰ ਨੋਟਿਸ ਭੇਜਿਆ ਜਾਵੇਗਾ । |
| 52 | ਮੈ: ਨੈਸ਼ਨਲ ਟਰਾਂ: ਕੰ: (ਜਨਰਲ) ... ਸਮਰਾਲਾ | 3,056 | ਉਹੀ |
| 53 | ਮੈ: ਬਿਨੈਪਾਲ ਟਰਾਂਸਪੋਰਟ ਕੰਪਨੀ, ਸਮਰਾਲਾ | 600 | ਕਾਨੂੰਨ ਤਹਿਤ ਬਕਾਇਆ ਦੇ ਉਗਰਾਹੀ ਲਈ ਕਦਮ ਚੁਕੇ ਜਾ ਰਹੇ ਹਨ । |
| 54 | ਮੈ: ਨਨਕਾਨਾ ਸਾਹਿਬ ਟਰਾਂਸਪੋਰਟ ਕੰਪਨੀ, ਲੁਧਿਆਣਾ | 2,700 | ,, |

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

| 1 | 2 | 3 | 4 |
|---|---|---|---|
| 55 | ਮੈ: ਨਿਊ ਫਤੇਹਗੜ੍ਹ ਸਾਹਿਬ ਬੱਸ ਸਰਵਿਸ (ਪ:) ਲਿ:, ਸਰਹੰਦ | 53,750 | ਪੰਜਾਬ ਲੈਂਡ ਰੈਵੇਨਿਊ ਐਕਟ, 1887 ਤਹਿਤ ਸੰਮਣ ਅਤੇ ਮੰਗ ਪੱਤਰ ਜਾਰੀ ਹੋ ਚੁੱਕੇ ਹਨ ਅਤੇ ਕਾਰਵਾਈ ਪ੍ਰਗਤੀ ਅਧੀਨ ਹੈ। |
| 56 | ਮੈ: ਦੀ ਅੰਬਾਲਾ ਬਸ ਸਿੰਡੀਕੇਟ (ਪ:) ਲਿ:, ਰੋਪੜ | 30,653 | ,, |
| 57 | ਮੈ: ਪਬਲਿਕ ਰੋਡਵੇਜ਼, ਹੁਸ਼ਿਆਰਪੁਰ ... | 3,26,979 | ਰਕਮ 10,000 ਰੁਪਏ ਮਹੀਨੇ ਦੀ ਕਿਸ਼ਤਾਂ ਨਾਲ ਵਸੂਲ ਕੀਤੀ ਜਾ ਰਹੀ ਹੈ। |
| 58. | ਮੈ: ਹੋਸ਼ਿਆਰਪੁਰ ਆਜ਼ਾਦ ਟਰਾਂਸਪੋਰਟ ਲਿ:, ਹੁਸ਼ਿਆਰਪੁਰ | 1,42,177 | ਪੰਜਾਬ ਲੈਂਡ ਰੈਵੇਨਿਊ ਐਕਟ ਤਹਿਤ ਮਿਤੀ 17 ਫਰਵਰੀ, 1986 ਤੋਂ ਕਾਰਵਾਈ ਸ਼ੁਰੂ ਕੀਤੀ ਜਾ ਚੁਕੀ ਹੈ। |
| 59 | ਮੈ: ਸਵਰਾਜ ਟਰਾਂਸਪੋਰਟ ਕੰਪਨੀ, ਗੜ੍ਹਸ਼ੰਕਰ | 25,133 | ਕੰਪਨੀ 1000 ਰੁਪਏ ਮਹੀਨਾ ਦੇ ਰਹੀ ਹੈ। |
| 60 | ਮੈ: ਹੁਸ਼ਿਆਰਪੁਰ ਨੈਸ਼ਨਲ ਟਰਾਂਸਪੋਰਟ ਕੰ:. ਹੁਸ਼ਿਆਰਪੁਰ | 21,063 | ਰਕਮ ਇਹ ਅਪੀਲ ਅਧੀਨ ਹੈ ਉ.ਅ.ਕ. ਕ. (ਅ) ਜਲੰਧਰ ਕੋਲ ਕੇਸ ਮਿਤੀ 25 ਮਾਰਚ, 1986 ਨੂੰ ਲੱਗਾ ਹੈ। |
| 60 (ੲ) | ਮੈ: ਹੁਸ਼ਿਆਰਪੁਰ ਨੈਸ਼ਨਲ ਟਰਾਂਸਪੋਰਟ ਕੰਪਨੀ, ਹੁਸ਼ਿਆਰਪੁਰ | 16,360 | 1,000 ਰੁਪਏ ਦੀ ਕਿਸ਼ਤ ਰਾਹੀਂ ਰਕਮ ਵਸੂਲੀ ਜਾ ਰਹੀ ਹੈ। |

Original with;
Punjab Vidhan Sabha
Digitized by;
Panjab Digital Library

| 1 | 2 | 3 | 4 |
|---|---|---|---|
| 60 (ਬੀ) | ਮੈ: ਸ਼ਿਵਾਲਕ ਟਰਾਂਸਪੋਰਟ ਕੰਪਨੀ, ਹੁਸ਼ਿਆਰਪੁਰ | 5,096 | ਇਸ ਟਰਾਂਸਪੋਰਟ ਕੰਪਨੀ ਦਾ ਦਿਵਾਲਾ ਨਿਕਲ ਚੁੱਕਾ ਹੈ। ਕੇਸ ਨੂੰ ਵਟੇ ਖਾਤੇ ਪਾਉਣ ਲਈ ਕਾਰਵਾਈ ਕੀਤੀ ਜਾ ਰਹੀ ਹੈ। |
| 61 | ਮੈ: ਦੀ ਡੀਲਕਸ ਕੋ: ਆ: ਟਰਾਂਸਪੋਰਟ ਸੋਸਾਇਟੀ ਲਿ:, ਜਲੰਧਰ | ੬8,0੬0 | ਮੈਸਰਜ਼ ਡੀਲਕਸ ਕੋਆਪਰੇਟਿਵ ਟਰਾਂਸ-ਪੋਰਟ ਕੰਪਨੀ ਲਿ:, ਜਲੰਧਰ ਚਰੋਕਣੀ ਬੰਦ ਹੋ ਚੁੱਕੀ ਹੈ। ਬਕਾਏ ਲਈ ਕਾਰਵਾਈ ਜਾਰੀ ਹੈ। |
| 62 | ਮੈ: ਹੁਸ਼ਿਆਰਪੁਰ ਹਾਈਵੇਜ਼ ਟਰਾਂਸਪੋਰਟ ਕੰ: ਲਿ:, ਜਲੰਧਰ | 8,553 | ਹੁਸ਼ਿਆਰਪੁਰ ਹਾਈਵੇਜ਼ ਟਰਾਂਸਪੋਰਟ ਕੰ: ਲਿ: ਦੀ ਬੱਸ ਦੀ ਕੁੜਕੀ ਲਈ ਲੈਂਡ ਰੈਵਨਿਊ ਐਕਟ ਅਧੀਨ ਪਹਿਲਾਂ ਹੀ ਵਾਰੰਟ ਜਾਰੀ ਕੀਤੇ ਜਾ ਚੁਕੇ ਹਨ। |
| 63 | ਮੈ: ਰੰਧਾਵਾ ਟਰਾਂ: ਕੰ: ਲਿ:, ਅੰਮ੍ਰਿਤਸਰ ... | 2,100 | ਲੈਂਡ ਰੈਵੇਨਿਊ ਐਕਟ, 1887 ਅਧੀਨ ਬਕਾਏ ਦੀ ਉਗਰਾਹੀ ਲਈ ਕਾਰਵਾਈ ਪਹਿਲਾਂ ਹੀ ਸ਼ੁਰੂ ਕੀਤੀ ਜਾ ਚੁੱਕੀ ਹੈ। ਸਮਨ ਪਹਿਲਾਂ ਹੀ ਜਾਰੀ ਹੋ ਚੁੱਕੇ ਹਨ। |
| 64 | ਮੈ: ਨਿਯੂ ਯੂਨਾਇਟਡ ਟਰਾਂਸਪੋਰਟ ਕੰਪਨੀ, ਅੰਮ੍ਰਿਤਸਰ | 2,050 | ,, |

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

| 1 | 2 | 3 | 4 |
|---|---|---|---|
| 65 | ਮੈ: ਨਿਊ ਕਾਹਲੋਂ ਬਸ ਸਰਵਿਸ, ਬਟਾਲਾ ... | 1,350 | ਲੈਂਡ ਰੈਵੇਨਿਊ ਐਕਟ, 1887 ਅਧੀਨ ਬਕਾਏ ਦੀ ਉਗਰਾਹੀ ਲਈ ਕਾਰਵਾਈ ਪਹਿਲਾਂ ਹੀ ਸੁਰੂ ਕੀਤੀ ਜਾ ਚੁਕੀ ਹੈ । ਸਮਨ ਪਹਿਲਾਂ ਹੀ ਜਾਰੀ ਹੋ ਚੁਕੇ ਹਨ । |
| 66 | ਮੈ: ਨਿਊ ਜੰਤਾ ਟਰਾਂਸਪੋਰਟ ਕੰਪਨੀ, ਦਸੂਹਾ (ਹਿ: ਪ:) | 1,200 | ,, |
| 67 | ਮੈ: ਡੇਰਾ ਬਾਬਾ ਨਾਨਕ ਸਰਵਿਸ, ਬਟਾਲਾ ... | 2,950 | ,, |
| 68 | ਮੈ: ਸਰੀਨ ਬੱਸ ਸਰਵਿਸ, ਅੰਮ੍ਰਿਤਸਰ ... | 500 | ,, |
| 69 | ਮੈ: ਨਿਊ ਹਿਮਾਲੀਆ ਟਰਾਂਸਪੋਰਟ ਕੰਪਨੀ, ਬਟਾਲਾ । | 17,100 | ,, |
| 70 | ਮੈ: ਨਿਸ਼ਾਤ ਮਾਲਵਾ ਬੱਸ ਸਰਵਿਸ, ਅੰਮ੍ਰਿਤਸਰ | 4,260 | ,, |
| 71 | ਮੈ: ਸੂਰਜ ਬੱਸ ਸਰਵਿਸ, ਅੰਮ੍ਰਿਤਸਰ ... | 5,300 | ,, |
| 72 | ਮੈ: ਅੰਮ੍ਰਿਤਸਰ ਬੱਸ ਸਰਵਿਸ, ਅੰਮ੍ਰਿਤਸਰ | 6,700 | ,, |
| 73 | ਮੈ: ਡੀਲਾਈਟ ਟੂਰ ਓਪਰੇਟਰ, ਗਾਰਡਸ, ਗੁਰਦਾਸਪੁਰ | 5,695 | ,, |
| 74 | ਮੈ: ਏਸ਼ੀਏਟਕ ਟਰਾਂਸਪੋਰਟ ਕੰਪਨੀ, ਪਠਾਨਕੋਟ | 1,000 | ,, |
| 75 | ਮੈ: ਫਰੀਡਮ ਫਾਈਟਰ ਬੱਸ ਸਰਵਿਸ, ਅੰਮ੍ਰਿਤਸਰ | 300 | ,, |
| 76 | ਮੈ: ਨਿਊ ਪਿਆਰ ਬੱਸ ਸਰਵਿਸ, ਅੰਮ੍ਰਿਤਸਰ | 1,100 | ,, |
| 77 | ਮੈ: ਸੰਧੂ ਟਰਾਂਸਪੋਰਟ ਕੰਪਨੀ, ਅੰਮ੍ਰਿਤਸਰ ... | 2,520 | ,, |
| 78 | ਮੈ: ਨਿਊ ਮਿਡ ਬਾਬੜਾ ਟਰਾਂਸਪੋਰਟ ਕੰਪਨੀ, ਬਟਾਲਾ | 29,449 | ,, |
| 79 | ਮੈ: ਨਿਊ ਜੰਗ ਟਰਾਂਸਪੋਰਟ ਕੰਪਨੀ, ਬਟਾਲਾ | 7,776 | ,, |
| 80 | ਮੈ: ਨਿਊ ਬਟਾਲਾ ਟਰਾਂਸਪੋਰਟ ਕੰਪਨੀ, ਬਟਾਲਾ | 1,650 | ,, |
| ੮੧ | ਮ: ਨਿਊ ਜੰਤਾ ਬਸ ਸਰਵਿਸ, ਬਟਾਲਾ (ਏ) | 5,131 | ,, |

Original with;
Punjab Vidhan Sabha
Digitized by;
Panjab Digital Library

| 1 | 2 | 3 | 4 |
|---|---|---|---|
| | | (ਰੁਪਏ) | |
| 82 | ਮੈ: ਨਿਊ ਜੰਤਾ ਬੱਸ ਸਰਵਿਸ, ਬਟਾਲਾ (ਬੀ) ... | 1,500 | ਲੈਂਡ ਰੈਵੇਨਿਊ ਐਕਟ, 1887 ਅਧੀਨ ਬਕਾਏ ਦੀ ਉਗਰਾਹੀ ਲਈ ਕਾਰਵਾਈ ਪਹਿਲਾਂ ਹੀ ਸ਼ੁਰੂ ਕੀਤੀ ਜਾ ਚੁੱਕੀ ਹੈ। ਸਮਨ ਪਹਿਲਾਂ ਹੀ ਜਾਰੀ ਹੋ ਚੁੱਕੇ ਹਨ। |
| 83 | ਮੈ: ਬੀ.ਡੀ. ਗੁਪਤਾ ਟੂਰਿਸਟ ਬੱਸ ਸਰਵਿਸ, ਜੰਮੂ | 500 | ,, |
| 84 | ਮੈ: ਜੰਤਾ ਬੱਸ ਸਰਵਿਸ (ਡੀ), ਬਟਾਲਾ ... | 996 | ,, |
| 85 | ਮੈ: ਨਿਊ ਪਿਆਰ ਬੱਸ ਸਰਵਿਸ, ਅੰਮ੍ਰਿਤਸਰ ਗਰੁਪ-ਏ | 1,855 | ਲੈਂਡ ਰੈਵੇਨਿਊ ਐਕਟ ਦੇ ਅਧੀਨ ਬਕਾਇਆ ਵਸੂਲਣ ਲਈ ਕੋਸ਼ਿਸ਼ ਜਾਰੀ ਹੈ। |
| 86 | ਮੈ: ਰੰਧਾਵਾ ਟਰਾਂਸਪੋਰਟ ਕੰ: ਅੰਮ੍ਰਿਤਸਰ ਗਰੁਪ-ਏ | 16,948 | ਰੈਵੇਨਿਊ ਐਕਟ ਦੇ ਅਧੀਨ ਬੱਸ ਸਬੰਧਤ ਹੈ। |
| 87 | ਮੈ: ਰੰਧਾਵਾ ਟਰਾਂਸਪੋਰਟ ਕੰਪਨੀ, ਅੰਮ੍ਰਿਤਸਰ ਡੀ ਤੇ ਈ. | 13,383 | ,, |
| 88 | ਮੈ: ਅੰਮ੍ਰਿਤਸਰ ਪਠਾਨਕੋਟ ਬੱਸ ਸਰਵਿਸ, ਅੰਮ੍ਰਿਤਸਰ | 9,846 | ਲੈਂਡ ਰੈਵੇਨਿਊ ਐਕਟ ਦੇ ਅਧੀਨ ਬਕਾਇਆ ਵਸੂਲਣ ਲਈ ਕੋਸ਼ਿਸ਼ ਜਾਰੀ ਹੈ। |
| 89 | ਮੈ: ਫਰੀਡਮ ਫਾਈਟਰ ਟਰਾਂਸਪੋਰਟ ਕੰਪਨੀ, ਅੰਮ੍ਰਿਤਸਰ | 7,749 | ਉਹੀ |
| 90 | ਮੈ: ਨਿਊ ਮਜੀਠਾ ਟਰਾਂਸਪੋਰਟ ਕੰਪਨੀ, ਅੰਮ੍ਰਿਤਸਰ | 2,35,220 | ਬਸ ਲੈਂਡ ਰੈਵੇਨਿਊ ਐਕਟ ਦੇ ਅਧੀਨ ਅਟੈਚ ਹੈ। |
| 91 | ਮੈ: ਅੰਮ੍ਰਿਤਸਰ ਬੱਸ ਸਰਵਿਸ, ਅੰਮ੍ਰਿਤਸਰ ਸੇਕਰੀ ਗਰੁਪ | 6,330 | ਉਹੀ |
| 92 | ਮੈ: ਅੰਮ੍ਰਿਤਸਰ ਬੱਸ ਸਰਵਿਸ, ਅੰਮ੍ਰਿਤਸਰ ਗਰੁਪ-ਏ | 37,005 | ਉਹੀ |
| 93 | ਮੈ: ਨਿਊ ਅੰਮ੍ਰਿਤਸਰ ਟਰਾਂਸਪੋਰਟ ਕੋਆਪਰੇਟਿਵ ਸੋਸਾਇਟੀ, ਅੰਮ੍ਰਿਤਸਰ | 26,124 | ਉਹੀ |

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

| 1 | 2 | 3 | 4 |
|---|---|---|---|
| 94 | ਮੈ: ਨਿਯੂ ਯੂਨਾਇਡ ਟਰਾਂਸਪੋਰਟ ਕੰਪਨੀ, ਅੰਮ੍ਰਿਤਸਰ | 5,048 | |
| 95 | ਮੈ: ਕਿਸਾਨ ਵਰਕਰਜ਼ ਟਰਾਂਸਪੋਰਟ ਕੰਪਨੀ ਸੋਸਾਇਟੀ, ਅੰਮ੍ਰਿਤਸਰ। | 23,749 | ਉਹੀ |
| 96 | ਮੈ: ਰਾਜ ਟਰਾਂਸਪੋਰਟ ਕੰਪਨੀ, ਅੰਮ੍ਰਿਤਸਰ | 19,709 | ਉਹੀ |
| 97 | ਮੈ: ਦਸਮੇਸ਼ ਬਸ ਸਰਵਿਸ, ਅੰਮ੍ਰਿਤਸਰ ... | 1,015 | ਉਹੀ |
| 98 | ਮੈ: ਅਮ੍ਰਿਤਸਰ-ਹਰੀਕੇ ਟਰਾਂਸਪੋਰਟ ... | 12,404 | |
| 99 | ਮੈ: ਸੰਗਮ ਟਰਾਂਸਪੋਰਟ ਕੰਪਨੀ ... | 5,300 | ਉਹੀ |
| 100 | ਸੰਧੂ ਬਸ ਸਰਵਿਸ ... | 2,34,182 | ਹਾਈ ਕੋਰਟ ਦੁਆਰਾ ਰੋਕ ਹੈ। |
| 101 | ਮੈ: ਸੰਧੂ ਰੋਡਵੇਜ਼ ... | 2,44,309 | ਸੁਪਰੀਮ ਕੋਰਟ ਦੁਆਰਾ ਰੋਕ ਲਾਈ ਗਈ ਹੈ। |
| 102 | ਪੰਜਾਬ ਰੋਡਵੇਜ਼, ਅੰਮ੍ਰਿਤਸਰ ... | 27,87,319 | ਅਧੀਨ ਸੰਯੁਕਤ ਅ.ਕ.ਕ. ਕੋਲ ਲੱਗੀ ਹੈ। |
| 103 | ਮੈ: ਨਿਸ਼ਾਤ ਬਸ ਸਰਵਿਸ ... | 10,814 | ਲੈਂਡ ਰੈਵੇਨਿਯੂ ਐਕਟ ਅਧੀਨ ਬਕਾਇਆ ਵਸੂਲਣ ਦਾ ਕੰਮ ਜਾਰੀ ਹੈ। |
| 104 | ਮੈ: ਯੂਨਾਇਟਡ ਬਸ ਸਰਵਿਸ ... | 5,115 | ਸ.ਅ.ਕ.ਕ. ਦੁਆਰਾ 23 ਜਨਵਰੀ, 1986 ਰਾਹੀਂ ਕਿਸ਼ਤਾਂ ਬੰਨ ਦਿੱਤੀਆਂ ਹਨ। |
| 105 | ਮੈ: ਖੇਰਾ ਬਸ ਸਰਵਿਸ ... | 6,053 | ਕੰਪਨੀ ਬੰਦ ਹੈ, ਲੈਂਡ ਰੈਵੇਨਿਯੂ ਐਕਟ ਅਧੀਨ ਬਕਾਇਆ ਵਸੂਲਣ ਲਈ ਕੋਸ਼ਿਸ਼ ਜਾਰੀ ਹੈ। |

Original with;
Punjab Vidhan Sabha
Digitized by;
Panjab Digital Library

| 1 | 2 | | 3 | 4 |
|---|---|---|---|---|
| 106 | ਮੈ: ਨਿਯੂ ਬੁਰਜ ਟਰਾਂਸਪੋਰਟ ਕੰਪਨੀ | ... | 38,023 | ਸ.ਅ.ਕ.ਕ. ਦੇ ਹੁਕਮ ਮਿਤੀ 22 ਜਨਵਰੀ, 1986 ਰਾਹੀਂ ਕਿਸ਼ਤਾਂ ਬੰਨ੍ਹੀਆਂ ਗਈਆਂ ਹਨ। |
| 107 | ਮੈ: ਸਰਬਜੀਤ ਟਰਾਂਸਪੋਰਟ ਕੰਪਨੀ | ... | 4,87,216 | ਕੰਪਨੀ ਬੰਦ ਹੋ ਚੁੱਕੀ ਹੈ। ਦੋ ਟਰੱਕਾਂ, ਟਰਾਲੀਆਂ ਦੀ ਅਟੈਚਮੈਂਟ ਕਰ ਲਈ ਹੈ। |
| 108 | ਮੈ: ਸੰਧੂ ਟਰਾਂਸਪੋਰਟ ਕੰਪਨੀ | ... | 10,57,097 | ਬਕਾਇਆ ਵਸੂਲਣ ਲਈ ਲੈਂਡ ਰੈਵੇਨਿਯੂ ਐਕਟ ਅਧੀਨ ਕੋਸ਼ਿਸ਼ ਜਾਰੀ ਹੈ। |
| 109 | ਮੈ: ਕੰਵਰ ਟਰਾਂਸਪੋਰਟ ਕੰਪਨੀ | ... | 65,579 | ਕੰਪਨੀ ਬੰਦ ਹੋ ਚੁੱਕੀ ਹੈ। ਫੇਰ ਵੀ ਬਕਾਇਆ ਵਸੂਲਣ ਲਈ ਕੋਸ਼ਿਸ਼ ਜਾਰੀ ਹੈ। |
| 110 | ਮੈ: ਮਜ਼ਬੀ ਸਿੱਖ ਟਰਾਂਸਪੋਰਟ ਕੰਪਨੀ | ... | 7,550 | ਆਰ. ਸੀ. ਖ਼ਤਮ ਕਰ ਦਿੱਤਾ ਹੈ, ਕੰਪਨੀ ਬੰਦ ਹੋ ਗਈ ਹੈ। ਅਸੈਸਮੈਂਟ ਹੁਣ ਤੱਕ ਹੋ ਚੁੱਕੀ ਹੈ। |
| 111 | ਮੈ: ਰਣਧੀਰ ਸਿੰਘ ਰੋਡਵੇਜ਼, ਸੰਗਰੀਆ | | 22,000 | ਰਕਮ ਨਾ ਵਸੂਲਣ ਯੋਗ ਹੈ ਕਿਉਂਕਿ ਮਾਲਕ ਦਾ ਕੁਝ ਪਤਾ ਨਹੀਂ ਹੈ। ਕੇਸ ਖਤਮ ਕਰਨ ਲਈ ਤਿਆਰ ਹੈ। |

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

| 1 | 2 | 3 | 4 |
|---|---|---|---|
| 112 | ਮੈ: ਮੌਡਰਨ ਰੋਡਵੇਜ਼, ਅਬੋਹਰ ... | 22,000 | ਰਕਮ ਨਾ ਵਸੂਲਣ ਯੋਗ ਹੈ ਕਿਉਂਕਿ ਮਾਲਕ ਜਾ ਕੁਝ ਪਤਾ ਨਹੀਂ ਹੈ। ਕੇਸ ਖਤਮ ਕਰਨ ਲਈ ਤਿਆਰ ਹੈ। |
| 113 | ਮੈ: ਸਟੇਟ ਟਰਾਂਸਪੋਰਟ ਕੋ-ਆਪਰੇਟਿਵ ਸੋਸਾਇਟੀ, ਅਬੋਹਰ | 2,000 | ਪੰਜਾਬ ਲੈਂਡ ਰੈਵੇਨਿਯੂ ਐਕਟ ਤਹਿਤ ਸੰਮਨ ਜਾਰੀ ਹੋ ਚੁੱਕੇ ਹਨ, ਵਸੂਲੀ ਸ਼ੁਰੂ ਹੋ ਚੁੱਕੀ ਹੈ। |
| 114 | ਮੈ: ਸ਼ਰਨਾਰਥੀ ਟਰਾਂਸਪੋਰਟ ਕੋ-ਆਪਰੇਟਿਵ ਸੋਸਾਇਟੀ, ਅਬੋਹਰ | 5,000 | ਉਹੀ |
| 115 | ਉਹੀ | 5,000 | ਉਹੀ |
| 116 | ਉਹੀ ... | 2,000 | ਉਹੀ |
| 117 | ਮੈ: ਫਾਜ਼ਿਲਕਾ-ਡਬਵਾਲੀ ਟਰਾਂਸਪੋਰਟ ਕੰਪਨੀ | 5,000 | ਉਹੀ |
| 118 | ਮੈ: ਚਰਨਜੀਤ ... | 2,000 | ਉਹੀ |
| 119 | ਮੈ: ਕਰਤਾਰ ਬਸ ਸਰਵਿਸ, ਜਲੰਧਰ ... | 3,600 | ਉਹੀ |
| 120 | ਮੈ: ਰਾਜ ਟਰਾਂਸਪੋਰਟ ਕੰਪਨੀ;, ਅੰਮ੍ਰਿਤਸਰ ... | 3,500 | ਉਹੀ |
| 121 | ਉਹੀ ... | 2,500 | ਉਹੀ |
| 122 | ਉਹੀ ... | 5,000 | ਉਹੀ |
| 123 | ਮੈ: ਬੇਨਜ਼ੀਰ ਬਸ ਸਰਵਿਸ, ਫਰੀਦਕੋਟ ... | 1,657 | ਉਹੀ |
| 124 | ਮੈ: ਜਸਵੰਤ ਸਿੰਘ ਡਰਾਈਵਰ ... | 1,884 | ਉਹੀ |
| 125 | ਮੈ: ਸਮੁੰਦਰੀ ਰੋਡਵੇਜ਼ ਟਰਾਂਸਪੋਰਟ. ਮੁਕਤਸਰ | 2,944 | ਉਹੀ |
| 126 | ਮੈ: ਨਿਯੂ ਮਜੀਠਾ ਟਰਾਂਸਪੋਰਟ ਕੰਪਨੀ, ਅੰਮ੍ਰਿਤਸਰ | 500 | ਉਹੀ |
| 127 | ਮੈ: ਸ਼ਰਨਾਰਥੀ ਟਰਾਂਸਪੋਰਟ ਕੰਪਨੀ ... | 5,000 | ਉਹੀ |

Original with;
Punjab Vidhan Sabha
Digitized by;
Panjab Digital Library

| 1 | 2 | 3 | 4 |
|---|---|---|---|
| 128 | ਮੈ: ਅਬੋਹਰ-ਬਹਾਵਲਪੁਰ ਟਰਾਂਸਪੋਰਟ ਕੰਪਨੀ, ਅਬੋਹਰ | 5,000 | ਪੰਜਾਬ ਰੈਵੇਨਿਊ ਐਕਟ ਤਹਿਤ ਸਮਨ ਜਾਰੀ ਹੋ ਚੁਕੇ ਹਨ। ਵਸੂਲੀ ਸ਼ੁਰੂ ਹੋ ਚੁਕੀ ਹੈ। |
| 129 | ਮੈ: ਪਟਿਆਲਾ ਟਰਾਂਸਪੋਰਟ ਇੰਜ: ਕੰਪਨੀ, ਰਾਮਪੁਰਾ ਫੂਲ | 15,521 | ਲੀਕਯੂਡੀਏਸ਼ਨ ਤਹਿਤ |
| 130 | ਮੈ: ਜੰਤਾ ਟਰਾਂਸਪੋਰਟ ਕੰਪਨੀ, ਬਠਿੰਡਾ ... | 29,148 | ਉਹੀ |
| 131 | ਮੈ: ਹਿਸਾਰ ਡਿਸਟਰਿਕਟ ਟਰਾਂਸਪੋਰਟ ਕੰਪਨੀ, ਹਿਸਾਰ | 8,600 | ਰਿਕਵਰੀ ਸਰਟੀਫਿਕੇਟ ਕੁਲੈਕਟਰ, ਹੁਸ਼ਿਆਰਪੁਰ ਵਲੋਂ ਜਾਰੀ ਹੋਣਾ ਹੈ। |
| 132 | ਮੈ: ਅਗਰਵਾਲ ਟਰਾਂਸਪੋਰਟ ਕੰਪਨੀ, ਮਾਨਸਾ | 11,000 | ਕੋਈ ਜਾਇਦਾਦ ਨਹੀਂ। ਸਰਟੀਫਿਕੇਟ ਲਈ ਕਾਰਵਾਈ ਕੀਤੀ ਗਈ ਹੈ। |
| 133 | ਮੈ: ਮਾਨਸਾ ਰੋਡਵੇਜ਼, ਮਾਨਸਾ ... | 7,055 | ਦਵਾਲੀਆ ਮਾਮਲਾ। |
| 134 | ਮੈ: ਪੰਜਾਬ ਬਸ ਸਰਵਿਸ, ਮਾਨਸਾ ... | 4,600 | ਉਹੀ |
| 135 | ਮੈ: ਮਾਲਵਾ ਟਰਾਂਸਪੋਰਟ ਕੰਪਨੀ ਬਰਨਾਲਾ ... | 6,818 | ਉਹੀ |
| 136 | ਮੈ: ਮਾਨਸਾ ਰੋਡਵੇਜ਼ (ਪ) ਲਿ:, ਮਾਨਸਾ ... | 1,596 | ਲੈਂਡ ਰੈਵੇਨਿਯੂ ਦੇ ਬਕਾਏ ਵਜੋਂ ਬਕਾਏ ਦੀ ਵਸੂਲੀ ਲਈ ਯਤਨ ਕੀਤੇ ਜਾ ਰਹੇ ਹਨ। |
| 137 | ਮਿਲਾਪ ਬਸ ਸਰਵਿਸ, ਬਠਿੰਡਾ ... | 2,225 | ਉਹੀ |
| 138 | ਸੰਦੀਪ ਬਸ ਸਰਵਿਸ, ਮਾਨਸਾ ... | 1,225 | ਉਹੀ |
| 139 | ਮੈ: ਪੁਨਹਨੀ ਬਜਾਜ ਬਸ ਸਰਵਿਸ ... | 350 | ਉਹੀ |
| 140 | ਮੈ: ਜਲਾਲ ਬਸ ਸਰਵਿਸ, ਜਲਾਲ ... | 750 | ਉਹੀ |
| 141 | ਮੈ: ਮਾਨਸ਼ਾਈਆ, ਟਰਾਂਸਪੋਰਟ ਕੰਪਨੀ, ਮਾਨਸਾ | 2,100 | ਉਹੀ |

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

| 1 | 2 | 3 | 4 |
|---|---|---|---|
| 142 | ਮੈ: ਬਜਾਜ ਬਸ ਸਰਵਿਸ, ਰਾਮਾਂ ... | 790 | ਲੈਂਡ ਰੈਵੇਨਿਊ ਦੇ ਬਕਾਏ ਵਜੋਂ ਬਕਾਏ ਦੀ ਵਸੂਲੀ ਲਈ ਯਤਨ ਕੀਤੇ ਜਾ ਰਹੇ ਹਨ । |
| 143 | ਮੈ: ਫਰੀਦਕੋਟ ਰਫੂਜੀ ਟਰਾਂਸਪੋਰਟ ਕੰਪਨੀ ... | 12,027 | ਉਹੀ |
| 144 | ਮੈ: ਮਾਨਸ਼ਾਈਆ ਹਾਈਵੇਜ਼ ਬਸ ਸਰਵਿਸ ... | 1,750 | ਉਹੀ |
| 145 | ਮੈ: ਬਠਿੰਡਾ ਬਸ ਸਰਵਿਸ, ਬਠਿੰਡਾ ... | 4,000 | ਉਹੀ |
| 146 | ਮੈ: ਰਣਜੀਤ ਟਰਾਂਸਪੋਰਟ ਕੰਪਨੀ, ਬਠਿੰਡਾ | 350 | ਉਹੀ |
| 147 | ਮੈ: ਡਬਵਾਲੀ ਟਰਾਂਸਪੋਰਟ ਕੰਪਨੀ, ਬਠਿੰਡਾ | 675 | ਉਹੀ |
| 148 | ਮੈ: ਰੂਪ ਟਰਾਂਸਪੋਰਟ ਕੰਪਨੀ, ਬਠਿੰਡਾ ... | 3,863 | ਉਹੀ |
| | ਕੁੱਲ ਜੋੜ ... | 38,69,834 | |

**Employees Appointed by the Punjab School Education Board**

**49. Shri Harnam Dass Johar, Advocate :** Will the Minister for Education be pleased to state—

(a) the names and permanent addresses of the employees appointed on regular, temporary, *ad hoc* basis, part-time and on daily wages, category-wise alongwith their designation and qualifications in the Punjab School Education Board, from June, 1977 to September, 1983 ;

(b) the percentage of Scheduled Castes, Backward Classes, Scheduled Tribes and Ex-servicemen among the employees mentioned in part (a) above ?

ਸਰਦਾਰ ਸੁਖਜਿੰਦਰ ਸਿੰਘ : (ੳ) ਕੁਲ ਅਮਲਾ 922 ਬਣਦਾ ਹੈ, ਜਿਨ੍ਹਾਂ ਵਿਚ ਦਿਹਾੜੀ-ਦਾਰ ਸ਼ਾਮਲ ਨਹੀਂ ਹਨ। ਇਨਾਂ ਦੇ ਨਾਂ, ਪੱਕੇ ਪੱਤੇ ਅਤੇ ਵਿਦਿਅਕ ਯੋਗਤਾਵਾਂ ਬਾਰੇ ਦੱਸਿਆ ਜਾਂਦਾ ਹੈ ਕਿ ਇਸ ਸੂਚਨਾ ਨੂੰ ਦੇਣ ਵਿਚ ਜੋ ਮੇਹਨਤ ਅਤੇ

Original with;
Punjab Vidhan Sabha
Digitized by;
Panjab Digital Library

ਖਰਚਾ ਆਵੇਗਾ ਉਹ ਸੂਚੀ ਤੋਂ ਪ੍ਰਾਪਤ ਹੋਣ ਵਾਲੇ ਲਾਭ ਦੇ ਬਰਾਬਰ ਨਹੀਂ ਹੋਵੇਗਾ।

(ਬੀ) ਅਨੁਸੂਚਿਤ ਜਾਤੀਆਂ/ਪਛੜੀਆਂ ਸ਼੍ਰੇਣੀਆਂ, ਕਬੀਲਿਆਂ ਅਤੇ ਐਕਸ-ਸਰਵਿਸਮੈਨ ਦੀ ਪ੍ਰਤੀਸ਼ਤਤਾ ਹੇਠ ਲਿਖੇ ਅਨੁਸਾਰ ਹੈ:—

| | |
|---|---|
| ਅਨੁਸੂਚਿਤ ਜਾਤੀਆਂ | 15.8% |
| ਪਛੜੀਆਂ ਸ਼੍ਰੇਣੀਆਂ | 7.4% |
| ਐਕਸ-ਸਰਵਿਸਮੈਨ | 1% |

**ਡਾਕਟਰ ਕੇਵਲ ਕ੍ਰਿਸ਼ਨ :** ** ** **

**ਸ੍ਰੀ ਸਪੀਕਰ :** ਵੈਸੇ ਤਾਂ ਇਹ ਪੁਆਇੰਟ ਆਫ ਆਰਡਰ ਨਹੀਂ ਬਣਦਾ। ਤੁਸੀਂ ਮੇਰੇ ਚੈਂਬਰ ਵਿਚ ਆ ਜਾਣਾ, ਅਸੀਂ ਗੱਲ ਕਰ ਲਵਾਂਗੇ। ਜਿਥੋਂ ਤੱਕ ਤੁਸੀਂ ਰੂਲਜ਼ ਦੀ ਗਲ ਕਰਦੇ ਹੋ, ਟੈਕਨੀ-ਕਲੀ ਤੁਹਾਡੀ ਐਡਜਰਨਮੈਂਟ ਮੋਸ਼ਨ ਗਲਤ ਹੈ।

**ਡਾਕਟਰ ਕੇਵਲ ਕ੍ਰਿਸ਼ਨ :** ਟੈਕਨੀਕਲੀ ਜਾਂ ਰੂਲਜ਼ ਦੇ ਮੁਤਾਬਿਕ ਤੁਸੀਂ ਹਾਊਸ ਦੇ ਕਸ-ਟੋਡੀਅਨ ਹੋ।

**ਸ੍ਰੀ ਸਪੀਕਰ :** ਤੁਸੀਂ ਲਾਅ ਐਂਡ ਆਰਡਰ ਦੀ ਸਿਚੂਏਸ਼ਨ ਬਾਰੇ ਡਿਸਕਸ਼ਨ ਕਰਨਾ ਚਾਹੁੰਦੇ ਹੋ, ਮੈਂ ਕਹਾਂਗਾ ਕਿ ਤੁਸੀਂ ਮੇਰੇ ਚੈਂਬਰ ਵਿਚ ਆ ਜਾਣਾ। I will explain you the Rule. You please come to my Chamber. We will discuss the matter of law and order situation and find out some way.

**ਸ੍ਰੀ ਸੇਵਾ ਰਾਮ ਅਰੋੜਾ :** ** ** **

**Mr. Speaker :** This is no Point of Order. ਮੈਂ technicalities ਤੋਂ ਉਪਰ ਉਠ ਕੇ ਕੋਈ ਰਾਹ ਲਭਣਾ ਚਾਹੁੰਦਾ ਹਾਂ। ਇਸੇ ਲਈ ਮੈਂ ਗੁਜ਼ਾਰਿਸ਼ ਕਰ ਰਿਹਾ ਹਾਂ ਕਿ ਤੁਸੀਂ ਚੈਂਬਰ ਵਿੱਚ ਆ ਜਾਓ, ਅਸੀਂ ਰਾਹ ਲੱਭ ਲਵਾਂਗੇ। ਅੱਜ ਹੀ ਇਸ ਇਸ਼ੂ ਨੂੰ ਇਥੇ ਚੁਕ ਕੇ ਲਾਅ ਐਂਡ ਆਰਡਰ ਦੀ ਪ੍ਰਾਬਲਮ ਸਾਲਵ ਨਹੀਂ ਹੋ ਜਾਣੀ। I will be very grateful. Thank you, Shri Sewa Ram. This is no Point of Order. Mrs. Brar is on a Point of Order.

**ਸ੍ਰੀ ਸੇਵਾ ਰਾਮ ਅਰੋੜਾ :** ** ** **

**ਸ੍ਰੀ ਸਪੀਕਰ:** ਕਿਉਂਕਿ ਮੈਨੂੰ ਤੁਹਾਡੀ ਗੱਲ ਦੇ ਨਾਲ ਹਮਦਰਦੀ ਹੈ, ਇਸੇ ਕਰਕੇ ਮੈਂ ਗੁਜ਼ਾਰਿਸ਼/ਕਰ ਰਿਹਾ ਹਾਂ ਕਿ ਤੁਸੀਂ ਮੇਰੇ ਨਾਲ ਆ ਕੇ ਡਿਸਕਸ ਕਰ ਲਓ।

**ਸ੍ਰੀ ਸੇਵਾ ਰਾਮ ਅਰੋੜਾ .** ** ** **

**Mr. Speaker :** Thank you, Shri Sewa Ram. This is no Point of Order. Mrs. Brar is on a Point of Order.

**Expunged as ordered by the Chair.

with;
Vidhan Sabha
Digitized by;
Panjab Digital Library

ਸਰਦਾਰਨੀ ਗੁਰਬ੍ਰਿੰਦਰ ਕੌਰ ਬਰਾੜ : ** ** **

ਸ੍ਰੀ ਸਪੀਕਰ : ਮੈਂ ਨਹੀਂ ਘਬਰਾਉਂਦਾ । I am not going to discuss it. ਇਹ ਤਾਂ ਤੁਸੀਂ ਸਾਰਿਆਂ ਨੇ ਡਿਸਕਸ ਕਰਨੀ ਹੈ। ਮੈਂ ਤਾਂ ਇਹੀ ਬੇਨਤੀ ਕੀਤੀ ਹੈ ਕਿ ਮੈਂ ਤਾਂ ਕੋਈ ਰਸਤਾ ਲਭਣਾ ਚਾਹੁੰਦਾ ਹਾਂ। And I assure you that we will find some solution. If you are not satisfied then you can again raise the issue here. I only require 15 minutes. I want that some members......

## WALK OUT

**Sardarni Gurbrinder Kaur Brar :** I am sorry. ਰਸਤਾ ਲਭਦਿਆਂ ਲਭਦਿਆਂ ਇਹ ਬਜਟ ਸੈਸ਼ਨ ਖਤਮ ਹੋ ਜਾਵੇਗਾ । I am sorry, to say ਸਾਡੇ ਸਾਰਿਆਂ ਵਾਸਤੇ ਹੋਰ ਕੋਈ ਰਸਤਾ ਨਹੀਂ, ਇਸ ਲਈ ਮੈਂ ਔਰ ਮੇਰੀ ਪਾਰਟੀ ਵਾਕ-ਆਊਟ ਕਰਦੇ ਹਾਂ।

(ਇਸ ਵਕਤ ਕਾਂਗਰਸ (ਆਈ) ਪਾਰਟੀ ਦੇ ਸਦਨ ਵਿਚ ਸਾਰੇ ਹਾਜ਼ਰ ਮੈਂਬਰ ਸਾਹਿਬਾਨ ਨਾਹਰੇ ** ** ** ਮਾਰਦੇ ਹੋਏ ਸਦਨ ਵਿਚੋਂ ਬਾਹਰ ਚਲੇ ਗਏ।)

**Mr. Speaker :** Whatever has been said without the permission of the Chair will not form part of the proceedings of the House. All slogans which have been raised have not been permitted by the Chair and these will not form part of the proceedings.

Mrs. Brar's Point of Order is no Point of Order. I disallow it.

## LEGISLATIVE BUSINESS

*The Code of Criminal Procedure (Amendment) Bill*, 1986

**Sardar Dalip Singh Pandhi :** Sir, I beg to ask for leave to introduce the Code of Criminal Procedure (Amendment) Bill.

(Noises)

**ਸਰਦਾਰ ਦਲੀਪ ਸਿੰਘ ਪਾਂਧੀ :** ਸਰ, ਮੇਰੀ ਹੰਬਲ ਸਬਮਿਸ਼ਨ ਹੈ . . .

**Mr. Speaker :** Pandhi Sahib, move the motion.

**Sardar Dalip Singh Pandhi :** Sir, I have moved the motion.

**Mr. Speaker :** Move it again.

**Sardar Dalip Singh Pandhi :** Sir, I beg to ask for leave to introduce the Code of Criminal Procedure (Amendment) Bill.

**Mr. Speaker :** Motion moved—

That leave be granted to introduce the Code of Criminal Procedure (Amendment) Bill.

**Expunged as ordered by the Chair.

Original with;
Punjab Vidhan Sabha
Digitized by;
Panjab Digital Library

**Chief Minister** (Sardar Surjit Singh Barnala) : Sir, I oppose the motion for leave to introduce the Bill.

ਇਹ ਬਿਲ ਬੜਾ ਮਹੱਤਵਪੂਰਨ ਇਨ੍ਹਾਂ ਨੇ ਲਿਆਂਦਾ ਹੈ ਔਰ ਬੜੀ ਮਿਹਨਤ ਕਰਕੇ, ਘੋਖ ਕੇ ਇਨ੍ਹਾਂ ਨੇ ਇਹ ਬਿਲ ਬਣਾਇਆ ਹੈ ਲੇਕਿਨ ਇਨ੍ਹਾਂ ਵਿੱਚ ਕਈ ਗਲਾਂ ਹਨ ਜਿਹੜੀਆਂ ਮੈਂ ਸਮਝਦਾ ਹਾਂ ਕਿ ਜੇ ਇਹ ਪਹਿਲਾਂ ਡਿਸਕਸ ਕਰ ਲੈਂਦੇ ਤਾਂ ਇਸ ਨੂੰ ਮੌਡੀਫਾਈ ਕਰਕੇ ਕਿਸੇ ਹੋਰ ਢੰਗ ਨਾਲ ਇਥੇ ਲੈ ਆਉਂਦੇ । ਜਿਸ ਢੰਗ ਨਾਲ ਇਹ ਬਿਲ ਬਣਾਇਆ ਹੈ ਉਸ ਨਾਲ ਬੜੀਆਂ ਦਿੱਕਤਾਂ ਆਉਣਗੀਆਂ, ਖਾਸ ਕਰਕੇ ਇਸ ਸਮੇਂ ਵਿੱਚ ਜਿਸ ਵੇਲੇ ਦੇ ਵਿਚੋਂ ਦੀ ਅਸੀਂ ਲੰਘ ਰਹੇ ਹਾਂ। ਇਸ ਸਮੇਂ ਵਿਚੋਂ ਜਿਸ ਵਿਚੋਂ ਅਸੀਂ ਲੰਘ ਰਹੇ ਹਾਂ ਸ਼ਾਇਦ ਇਹ ਮੁਨਾਸਿਬ ਨਹੀਂ ਹੋਣਾ ਕਿ ਸਾਰੀਆਂ ਅਥਾਰਿਟੀਜ਼ ਪ੍ਰਾਸੀਕਿਊਟਿੰਗ ਏਜੰਸੀਜ਼ ਨੂੰ ਦੇ ਦੇਈਏ। ਇਸ ਦੇ ਨਾਲ ਉਨ੍ਹਾਂ ਦੀਆਂ ਤਾਕਤਾਂ ਹੋਰ ਵੱਧ ਜਾਣਗੀਆਂ ਜਿਹੜੀਆਂ ਕਿ ਕਿਸੇ ਹੋਰ ਤਰੀਕੇ ਨਾਲ ਇਸਤੇਮਾਲ ਕੀਤੀਆਂ ਜਾ ਸਕਦੀਆਂ ਹਨ। ਇਹ ਮੁਨਾਸਿਬ ਹੋਵੇਗਾ ਜੇ ਪਾਂਧੀ ਸਾਹਿਬ ਇਸ ਸਟੇਜ ਤੇ ਇਸ ਨੂੰ ਵਾਪਸ ਲੈ ਲੈਣ ਜਾਂ ਫਿਰ ਬੇਨਤੀ ਕਰਾਂਗਾ ਕਿ ਅਸੀਂ ਇਸ ਦੀ ਇਨਟਰੋਡਕਸ਼ਨ ਵਾਸਤੇ ਵਿਰੋਧਤਾ ਕਰਦੇ ਹਾਂ ਕਿ ਇਹ ਇੰਟਰੋਡਿਊਸ ਨਾ ਕੀਤਾ ਜਾਵੇ ।

**ਸ੍ਰੀ ਸਪੀਕਰ** : ਪਾਂਧੀ ਸਾਹਿਬ, ਤੁਸੀਂ ਕੋਈ ਗੱਲ ਕਰਨਾ ਚਾਹੋਗੇ ?

**ਸਰਦਾਰ ਦਲੀਪ ਸਿੰਘ ਪਾਂਧੀ** (ਅਮਲੋਹ, ਐਸ.ਸੀ.) : ਸਪੀਕਰ ਸਾਹਿਬ, ਮੈਂ ਇਹੀ ਕਹਿਣਾ ਚਾਹਵਾਂਗਾ ਕਿ ਸੀ.ਐਮ. ਸਾਹਿਬ ਬੜੇ ਕਾਨੂੰਨੀ ਮਾਹਿਰ ਹਨ, ਜੇ ਇਹ ਮੁਨਾਸਿਬ ਸਮਝਦੇ ਹਨ ਤਾਂ ਇਸ ਦੇ ਵਿਚ ਅਮੈਂਡਮੈਂਟ ਸਰਕਾਰੀ ਤੌਰ ਤੇ ਅਸ਼ੋਅਰ ਕਰਵਾ ਦੇਣ ਕਿ ਅਸੀਂ ਲੈ ਆਵਾਂਗੇ ਕਿਉਂਕਿ ਪਿਛਲੇ ਸਮੇਂ ਵਿਚ ਜੋ ਕੁਝ ਸਾਡੇ ਨਾਲ ਬੀਤਿਆ ਉਸ ਦੇ ਵਿਚ ਦੇਖਿਆ ਹੈ ਕਿ ਪੁਲਿਸ ਨੂੰ ਇਤਨੇ ਅਧਿਕਾਰ ਹਨ ਅਤੇ ਉਹ ਸੈਕਸ਼ਨ 173 ਅਧੀਨ ਚਲਾਨ ਪੇਸ਼ ਕਰਦੇ ਹਨ, ਸਰਕਾਰੀ ਵਕੀਲ ਜਾਂ ਐਲ. ਆਰ. ਦਾ ਕੋਈ ਮਸ਼ੀਰ ਚਲਾਨ ਪੇਸ਼ ਨਹੀਂ ਕਰਦਾ। ਪੁਲਿਸ ਨੂੰ ਹੀ ਅਧਿਕਾਰ ਹੈ ਕਿ ਉਹ ਚਲਾਨ ਪੇਸ਼ ਕਰਦੀ ਹੈ। ਇਸ ਦੇ ਨਾਲ ਲੋਕ ਪ੍ਰੇਸ਼ਾਨ ਹੁੰਦੇ ਹਨ। ਮੇਰੀ ਹੰਬਲ ਸਬਮਿਸ਼ਨ ਹੈ ਕਿ ਜੇ ਇਸ ਦੇ ਵਿਚ ਕੋਈ ਕਸਰ ਰਹਿ ਗਈ ਹੈ ਤਾਂ ਇਫੈਕਟਿਵ ਅਮੈਂਡਮੈਂਟ ਲਿਆ ਕੇ ਠੀਕ ਕਰ ਸਕਦੇ ਹਨ। ਜੋ ਮੌਜੂਦਾ ਹਾਲਤ ਹੈ, ਇਸ ਹਾਲਤ ਦੇ ਮੁਤਾਬਿਕ ਲੋਕਾਂ ਨੂੰ ਬੜੀ ਪ੍ਰੇਸ਼ਾਨੀ ਹੋਈ ਹੈ, ਮੇਰੇ ਨਾਲ ਹੋਈ ਹੈ, ਸਾਰਿਆਂ ਨਾਲ ਹੋਈ ਹੈ। ਇਸ ਸਦਨ ਨੂੰ ਅਧਿਕਾਰ ਹੈ ਕਿ ਆਪਣੀ ਸਟੇਟ ਵਿਚ ਅਮੈਂਡਮੈਂਟ ਕਰ ਸਕਦੀ ਹੈ। ਮੈਂ 4–5 ਸਾਲ ਤੋਂ ਇਸ ਮਾਮਲੇ ਦੇ ਪਿਛੇ ਲਗਿਆ ਹੋਇਆ ਹਾਂ ਸਾਡਾ ਬਾਈਕਾਟ ਚਲ ਰਿਹਾ ਸੀ, ਅਸੀਂ ਅਸੈਂਬਲੀ ਵਿਚ ਆ ਨਹੀਂ ਸਕੇ, ਜਿਸ ਕਰਕੇ ਇਹ ਗੱਲ ਆ ਨਹੀਂ ਸਕੀ। ਸੀ. ਐਮ. ਸਾਹਿਬ ਬੜੇ ਨੇਕ ਇਨਸਾਨ ਹਨ ਔਰ ਰੂਲ ਆਫ ਲਾਅ ਦੇਣਾ ਚਾਹੁੰਦੇ ਹਨ। ਜਿਹੜੇ ਕਾਨੂੰਨੀ ਮਸ਼ੀਰ ਹਨ, ਪੀ.ਪੀ. ਜਾਂ ਏ.ਪੀ.ਪੀ. ਉਨ੍ਹਾਂ ਦੀ ਬਗੈਰ ਰਜ਼ਾਮੰਦੀ ਦੇ ਕੋਈ ਚਲਾਨ ਅਦਾਲਤ ਵਿਚ ਪੇਸ਼ ਨਹੀਂ ਕਰਦਾ ਲੇਕਿਨ ਪੁਲਿਸ ਵਾਲੇ ਉਨ੍ਹਾਂ ਦੀ ਰਾਏ ਨੂੰ ਨਜ਼ਰ ਅੰਦਾਜ਼ ਕਰਕੇ ਚਲਾਨ ਪੇਸ਼ ਕਰ ਦਿੰਦੇ ਹਨ। ਮੈਂ ਤਾਂ ਇਹ ਚਾਹੁੰਦਾ ਸੀ ਕਿ ਅਸੀਂ ਇਸਦੇ ਮੁਤਾਬਿਕ ਚਲੀਏ ਔਰ ਕਿਸੇ ਪੁਲਿਸ ਵਾਲੇ ਨੂੰ ਅਧਿਕਾਰ ਨਾ ਹੋਵੇ ਕਿ ਉਹ ਬੇਕਸੂਰ ਲੋਕਾਂ ਨੂੰ ਫਸਾਉਂਦਾ ਫਿਰੇ। ਅੱਜ ਵੀ ਬਹੁਤ ਸਾਰੇ ਲੋਕ ਫਸੇ ਹੋਏ ਹਨ । ਪੁਲਿਸ ਵਾਲੇ ਫਸਾਉਂਦੇ ਹਨ। ਪਰੌਸੀਕਿਊਸ਼ਨ ਰਾਜ ਵਿਚ ਅਲਹਿਦਾ ਹੈ ਤੇ ਉਸਦੇ ਪੀ.ਪੀ. ਜਾਂ ਏ.ਪੀ.ਪੀ. ਨੂੰ ਪੁਲਿਸ ਚਲਾਨ ਅਨੁਸਾਰ ਅਦਾਲਤ 'ਚ ਪੈਰਵੀ ਕਰਨੀ ਪੈਂਦੀ ਹੈ। ਲੋਕਾਂ ਨੂੰ ਬੜੀ ਹੈਰਾਸਮੈਂਟ ਹੁੰਦੀ ਹੈ । ਅਗਰ ਇਹ ਚਾਹੁੰਦੇ ਹਨ ਕਿ ਇਹ ਆਪਣੇ ਤੌਰ ਤੇ ਅਲਹਿਦਾ ਕੋਈ ਅਮੈਂਡਮੈਂਟ ਲਿਆਉਣਾ ਚਾਹੁਦੇ ਹਨ

Original with;
Punjab Vidhan Sabha
Digitized by;
Panjab Digital Library

[ਸਰਦਾਰ ਦਲੀਪ ਸਿੰਘ ਪਾਂਧੀ]

ਤਾਂ ਮੈਨੂੰ ਕੋਈ ਇਤਰਾਜ਼ ਨਹੀਂ। ਮੈਂ ਤਾਂ ਇਹ ਚਾਹੁੰਦਾ ਹਾਂ ਕਿ ਪੁਲਿਸ ਵਾਲੇ ਜਿਹੜੇ ਨਜਾਇਜ਼ ਤੰਗ ਕਰਦੇ ਹਨ ਤੇ ਲੋਕਾਂ ਨੂੰ ਜ਼ਿਆਦਤੀਆਂ ਹੁੰਦੀਆਂ ਹਨ ਉਹ ਨਹੀਂ ਹੋਣੀਆਂ ਚਾਹੀਦੀਆਂ। ਜਿਹੜੀਆਂ ਵਾਸਟ ਪਾਵਰਜ਼ ਪੁਲਿਸ ਵਾਲਿਆਂ ਕੋਲ ਹਨ ਮੈਂ ਤਾਂ ਉਨ੍ਹਾਂ ਤੋਂ ਉਹ ਕਰਟੇਲ ਡਾਊਨ ਕਰਨ ਲਈ ਕਹਿ ਰਿਹਾ ਹਾਂ। ਮੈਂ ਨਹੀਂ ਚਾਹੁੰਦਾ ਕਿ ਕਿਸੇ ਨਾਲ ਜ਼ਿਆਦਤੀ ਹੋਵੇ ਜਾਂ ਕਿਸੇ ਨੂੰ ਰਿਆਇਤ ਹੋਵੇ। ਮੈਂ ਨਹੀਂ ਚਾਹੁੰਦਾ ਕਿ ਕਿਸੇ ਨੂੰ ਜ਼ਿਆਦਾ ਅਧਿਕਾਰ ਦੇਣੇ ਚਾਹੀਦੇ ਹਨ। ਜਿਹੜੇ ਕਾਨੂੰਨੀ ਮਸ਼ੀਰ ਹਨ, ਪੰਜਾਬ ਪ੍ਰਾਸੀਕਿਊਸ਼ਨ ਵਿਚ ਜਿਹੜੇ ਬੈਠੇ ਹਨ ਉਨ੍ਹਾਂ ਦੀ ਰਾਏ ਸਰਕਾਰ ਨੂੰ ਮੰਨ ਲੈਣੀ ਚਾਹੀਦੀ ਹੈ ਅਤੇ ਅਫਸਰਾਂ ਨੂੰ ਵੀ ਮੰਨ ਲੈਣੀ ਚਾਹੀਦੀ ਹੈ। ਐਵੇਂ ਖਾਹਮਖਾਹ ਲੋਕਾਂ ਨੂੰ ਹੈਰਾਨ ਨਾ ਕੀਤਾ ਜਾਵੇ। ਐਵੇਂ ਨਾ ਲੋਕਾਂ ਨੂੰ ਫਸਾਇਆ ਜਾਵੇ। ਮੈਂ ਬੇਨਤੀ ਕਰਾਂਗਾ ਕਿ ਇਹ ਮੇਰੇ ਲੀਡਰ ਹਨ, ਮੇਰੀ ਪਾਰਟੀ ਦੇ ਵੀ ਲੀਡਰ ਹਨ ਮੈਨੂੰ ਤਾਂ ਇਨ੍ਹਾਂ ਦੀ ਹਰ ਗੱਲ ਪਰਵਾਨ ਹੈ। ਇਨ੍ਹਾਂ ਦੀ ਗਲ ਮੇਰੇ ਲਈ ਮੈਨਡੇਟ ਹੈ। ਮੈਂ ਇਹ ਕਹਾਂਗਾ ਕਿ ਇਹ ਚੀਜ਼ ਜਿਹੜੀ ਹੈ ਇਹ ਸਰਕਾਰ ਦੇ ਹਿੱਤ ਵਿਚ ਹੈ, ਇਨ੍ਹਾਂ ਦੇ ਹਿੱਤ ਵਿਚ ਹੈ ਔਰ ਇਹ ਇਕ ਇਨ੍ਹਾਂ ਦੀ ਅਚੀਵਮੈਂਟ ਹੋਵੇਗੀ ਕਿ ਇਕ ਐਸਾ ਕਾਨੂੰਨ ਬਣਾ ਕੇ ਨਾਂ ਪੈਦਾ ਕਰਾਂਗੇ ਕਿਉਂਕਿ ਕਿਸੇ ਵੀ ਪੁਲਿਸ ਵਾਲੇ ਨੂੰ ਅਧਿਕਾਰ ਨਹੀਂ ਹੋਵੇਗਾ ਕਿ ਬੇਗੁਨਾਹ ਲੋਕਾਂ ਨੂੰ ਅਦਾਲਤ ਵਿਚ ਖੜ੍ਹਾ ਕਰਕੇ ਹਰਾਸ ਕੀਤਾ ਜਾਵੇ। ਹੁਣ ਵੀ ਸਾਡੇ ਕਈ ਲੋਕ ਜੋਧਪੁਰ ਜੇਲ੍ਹ ਵਿਚ ਬੈਠੇ ਹਨ। ਲੋਕਾਂ ਦੀਆਂ ਚਿੱਠੀਆਂ ਆਈਆਂ ਹਨ, ਸੀ.ਐਮ. ਸਾਹਿਬ ਨੂੰ ਵੀ ਆਈਆਂ ਹਨ, ਯੂ.ਪੀ. ਵਿਚੋਂ ਵੀ ਆਈਆਂ ਹਨ ਕਿ ਉਹ ਬੇਕਸੂਰੇ ਜੇਲ੍ਹਾਂ ਵਿਚ ਬੈਠੇ ਹਨ। ਇਸ ਕਰਕੇ ਮੇਰੀ ਬੇਨਤੀ ਹੈ ਕਿ ਜੇ ਇਹ ਪਰਵਾਨ ਕਰਦੇ ਹਨ ਤਾਂ ਠੀਕ ਹੈ ਜਾਂ ਕੋਈ ਹੋਰ ਚੀਜ਼ ਲਿਆਉਣ ਲਈ ਅਸ਼ੋਅਰ ਕਰਦੇ ਹਨ ਤਾਂ ਮੈਨੂੰ ਕੋਈ ਇਤਰਾਜ਼ ਨਹੀਂ ਹੈ, ਮੈਂ ਵਾਪਸ ਕਰ ਲਵਾਂਗਾ।

**ਮੁੱਖ ਮੰਤਰੀ** : ਸਪੀਕਰ ਸਾਹਿਬ, ਮੈਂ ਇਨ੍ਹਾਂ ਦੇ ਜਜ਼ਬਾਤ ਦੀ ਕਦਰ ਕਰਦਾ ਹਾਂ ਇਨ੍ਹਾਂ ਨੇ ਬਹੁਤ ਹੀ ਚੰਗੀ ਭਾਵਨਾ ਨਾਲ ਇਹ ਅਮੈਂਡਿੰਗ ਬਿਲ ਲਿਆਂਦਾ ਹੈ। ਮੈਂ ਪਹਿਲਾਂ ਵੀ ਕਿਹਾ ਹੈ ਕਿ ਇਨ੍ਹਾਂ ਨੂੰ ਬਿਠਾ ਕੇ ਅਸੀਂ ਸਾਰੀ ਘੋਖ ਕਰਾਂਗੇ ਔਰ ਜਿਹੜੇ ਸਾਡੇ ਲੀਗਲ ਐਕਸਪਰਟਸ ਹਨ ਉਨ੍ਹਾਂ ਨੂੰ ਵੀ ਬਿਠਾਵਾਂਗੇ, ਜਿਥੇ ਜਿਥੇ ਸੋਧ ਦੀ ਜ਼ਰੂਰਤ ਮਹਿਸੂਸ ਹੋਈ, ਜਿਸ ਢੰਗ ਨਾਲ ਹੋ ਸਕਿਆ ਅਸੀਂ ਕਰਾਂਗੇ। ਮੈਨੂੰ ਇਸ ਗਲ ਦੀ ਖੁਸ਼ੀ ਹੈ ਕਿ ਇਨ੍ਹਾਂ ਨੇ ਬਿਲ ਵਾਪਸ ਲੈ ਲਿਆ ਹੈ।

**Mr. Speaker** : Question is

That leave be granted to introduce the Code of Criminal Procedure (Amendment) Bill.

*The Motion was lost and leave was refused*

## RESOLUTION RE. TAKING OF STEPS FOR THE ENFORCEMENT OF A CROPS INSURANCE SCHEME

**ਸਰਦਾਰ ਜੋਗਿੰਦਰ ਸਿੰਘ ਮਾਨ** (ਫਗਵਾੜਾ, ਐਸ.ਸੀ.) : ਸਪੀਕਰ ਸਾਹਿਬ, ਮੈਂ ਪ੍ਰਸਤਾਵ ਕਰਦਾ ਹਾਂ :—

ਇਹ ਸਦਨ ਫਸਲ ਬੀਮਾ ਸਕੀਮ ਨੂੰ ਲਾਗੂ ਕਰਨ ਲਈ ਕਾਰਵਾਈ ਕਰਨ ਵਾਸਤੇ ਰਾਜ ਸਰਕਾਰ ਨੂੰ ਸਿਫਾਰਸ਼ ਕਰਦਾ ਹੈ ਤਾਂ ਜੋ ਕੁਦਰਤੀ ਆਫਤਾਂ ਜਾਂ ਦੂਜੇ ਕਾਰਨਾਂ ਕਰਕੇ ਹੋਏ ਨੁਕਸਾਨ ਦੇ ਸਮੇਂ ਕਿਸਾਨਾਂ ਨੂੰ ਪੂਰਾ ਮੁਆਵਜ਼ਾ ਦਿਤਾ ਜਾ ਸਕੇ।

*10.15 ਸਵੇਰ | (ਇਸ *ਸਮੇਂ ਸ੍ਰੀ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ)

Original with;
Punjab Vidhan Sabha
Digitized by;
Panjab Digital Library

ਡਿਪਟੀ ਸਪੀਕਰ ਸਾਹਿਬ, ਮੈਂ ਆਪ ਦਾ ਬਹੁਤ ਧੰਨਵਾਦੀ ਹਾਂ ਕਿ ਮੈਨੂੰ ਇਹ ਰੈਜ਼ੋਲਿਊਸ਼ਨ ਪਾਸ ਕਰਾਉਣ ਦਾ ਮੌਕਾ ਦਿਤਾ ਗਿਆ ਹੈ। ਮੈਨੂੰ ਪਿਛਲੇ ਸਮੇਂ ਦੀਆਂ ਬਹੁਤ ਔਕੜਾਂ ਦਾ ਕਰੜਾ ਤਜਰਬਾ ਹੈ ਕਿਉਂਕਿ ਮੈਂ ਇਕ ਬਹੁਤ ਹੀ ਛੋਟੇ ਕਿਸਾਨ ਪਰਿਵਾਰ ਨਾਲ ਸਬੰਧ ਰੱਖਣ ਵਾਲਾ ਆਦਮੀ ਹਾਂ। ਮੈਨੂੰ ਪਤਾ ਹੈ ਕਿ ਜਦੋਂ ਕੁਦਰਤੀ ਆਫਤਾਂ ਆਉਂਦੀਆਂ ਹਨ ਤਾਂ ਕਿਸ ਤਰ੍ਹਾਂ ਕਿਸਾਨ ਤੇ ਮੁਸ਼ਕਲਾਂ ਆਉਂਦੀਆਂ ਹਨ ਕਿਉਂਕਿ ਕੁਝ ਲੋਕ ਅਜਿਹੇ ਹੁੰਦੇ ਹਨ ਜਿਨ੍ਹਾਂ ਪਾਸ ਪੰਜ ਕਿਲੇ ਜਾਂ ਉਸ ਤੋਂ ਵੀ ਘੱਟ ਜ਼ਮੀਨ ਹੈ। ਅਗਰ ਮੈਂ ਹਾਊਸ ਵਿਚ ਕੁਝ ਆਂਕੜੇ ਪੇਸ਼ ਕਰਾਂ ਕਿ ਪੰਜਾਬ ਵਿਚ ਕਿੰਨੇ ਪਰੀਵਾਰਾਂ ਕੋਲ ਕਿੰਨੀ ਕਿੰਨੀ ਜ਼ਮੀਨ ਹੈ ਤਾਂ ਤੁਸੀਂ ਉਨ੍ਹਾਂ ਬਾਰੇ ਆਸਾਨੀ ਨਾਲ ਅੰਦਾਜ਼ਾ ਲਗਾ ਸਕਦੇ ਹੋ। 81,569 ਐਸੀਆਂ ਫੈਮਿਲੀਜ਼ ਹਨ ਜਿਨ੍ਹਾਂ ਪਾਸ 5 ਹੈਕਟੇਅਰ ਜ਼ਮੀਨ ਹੈ, ਇਹ ਕੋਈ ਸਵਾ ਕਿਲਾ ਜ਼ਮੀਨ ਬਣਦੀ ਹੈ ਜਿਸ ਤੇ ਉਹ ਖੇਤੀਬਾੜੀ ਕਰਦੇ ਹਨ। ਇਨ੍ਹਾਂ ਦੀ ਰੇਸ਼ੋ 7.94 ਬਣਦੀ ਹੈ। ਜਿਨ੍ਹਾਂ ਕੋਲ ਇਕ ਹੈਕਟੇਅਰ ਹੈ ਉਨ੍ਹਾਂ ਦੀ ਗਿਣਤੀ 1,15,754 ਹੈ ਔਰ ਉਨ੍ਹਾਂ ਦੀ ਰੇਸ਼ੋ 11.27 ਹੈ। ਜਿਨ੍ਹਾਂ ਪਾਸ 1 ਤੋਂ 2 ਹੈਕਟੇਅਰ ਜ਼ਮੀਨ ਹੈ ਉਹ 1,99,368 ਫੈਮਿਲੀਜ਼ ਹਨ, ਉਨ੍ਹਾਂ ਦੀ ਰੇਸ਼ੋ 19.48 ਹੈ। 2 ਤੋਂ 3 ਹੈਕਟੇਅਰ ਤਕ ਜਿਨ੍ਹਾਂ ਪਾਸ ਜ਼ਮੀਨ ਹੈ ਉਹ 1,76,427 ਫੈਮਿਲੀਜ਼ ਹਨ ਔਰ ਉਨ੍ਹਾਂ ਦੀ ਰੇਸ਼ੋ 17.18 ਬਣਦੀ ਹੈ। 3 ਤੋਂ 4 ਹੈਕਟੇਅਰ ਤਕ ਜਿਨ੍ਹਾਂ ਕੋਲ ਜ਼ਮੀਨ ਹੈ ਉਹ ਫੈਮਿਲੀਜ਼ ਹਨ 1,10,996 ਔਰ ਉਨ੍ਹਾਂ ਦੀ ਰੇਸ਼ੋ 10.81 ਬਣਦੀ ਹੈ। ਇਹ ਸਾਰੀਆਂ ਫੈਮਿਲੀਜ਼ ਖੇਤੀ ਬਾੜੀ ਕਰਦੀਆਂ ਹਨ। ਇਹ ਜਿਹੜੀ ਸਾਰੀ ਗਿਣਤੀ ਹੈ ਖੇਤੀ ਕਰਨ ਵਾਲਿਆਂ ਦੀ ਉਹ ਹੈ 66.66 । ਵੇਖਿਆ ਜਾਵੇ ਤਾਂ ਸਾਡੀ ਕੁੱਲ ਵਸੋਂ ਤੋਂ ਅੱਧੇ ਨਾਲੋਂ ਵੱਧ ਹਿੱਸਾ 10 ਕਿੱਲੇ ਤੇ ਖੇਤੀ ਬਾੜੀ ਕਰਦਾ ਹੈ। ਅਗਰ ਅਜਿਹੇ ਕਿਸਾਨ ਤੇ ਕੁਦਰਤ ਵਲੋਂ ਕੋਈ ਆਫਤ ਆ ਜਾਵੇ ਤਾਂ ਉਨ੍ਹਾਂ ਵਾਸਤੇ ਆਪਣਾ ਜੀਵਨ ਨਿਰਬਾਹ ਕਰਨਾ ਔਖਾ ਹੋ ਜਾਂਦਾ ਹੈ। ਹਾੜੀ ਹੋਵੇ ਜਾਂ ਸਾਉਣੀ ਹੋਵੇ ਜਾਂ ਕੋਈ ਵੀ ਫਸਲ ਹੋਵੇ ਉਸ ਦਾ ਉਸ ਦੀ ਸਮਾਜਿਕ ਅਤੇ ਆਰਥਿਕ ਅਵਸਥਾ ਤੇ ਕਾਫੀ ਅਸਰ ਪੈਂਦਾ ਹੈ। ਆਰਥਿਕ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਉਸ ਨੇ ਸਾਹੂਕਾਰ ਤੋਂ ਪੈਸੇ ਲਏ ਹੁੰਦੇ ਹਨ, ਖਾਦ ਲਈ ਪੈਸੇ ਲਏ ਹੁੰਦੇ ਹਨ, ਟਰੈਕਟਰ ਲਈ ਲੋਨ ਲਿਆ ਹੁੰਦਾ ਹੈ ਜਾਂ ਕੋਈ ਹੋਰ ਸਮਾਜਿਕ ਤੌਰ ਤੇ ਉਸ ਦੀਆਂ ਮਜ਼ਬੂਰੀਆਂ ਹੁੰਦੀਆਂ ਹਨ ਜਿਹੜੀਆਂ ਕਿ ਉਸ ਦੀ ਫਸਲ ਤੇ ਨਿਰਭਰ ਹੁੰਦੀਆਂ ਹਨ ਪਰ ਨੈਚੁਰਲ ਕਲੈਮਿਟੀ ਆਉਣ ਕਰਕੇ ਉਸ ਦੀ ਫਸਲ ਮਰ ਜਾਂਦੀ ਹੈ ਅਤੇ ਉਹ ਆਪਣੀਆਂ ਜ਼ਰੂਰਤਾਂ ਪੂਰੀਆਂ ਨਹੀਂ ਕਰ ਸਕਦਾ। ਕਈ ਵਾਰੀ ਐਸਾ ਵੀ ਹੋਇਆ ਕਿ ਦੋ-ਦੋ-ਤਿੰਨ, ਤਿੰਨ ਸਾਲ ਇਕ ਹੀ ਏਰੀਆ ਤੇ ਗੜੇ ਆਦਿ ਪੈ ਜਾਂਦੇ ਹਨ ਅਤੇ ਉਹ ਲੋਕ ਜ਼ਿੰਦਗੀ ਵਿਚ ਉਠ ਵੀ ਨਹੀਂ ਸਕਦੇ। ਜਲੰਧਰ ਜ਼ਿਲ੍ਹੇ ਵਿਚ ਖੁਰਾਲਾ ਕਿੰਗਰਾ ਪਿੰਡ ਹੈ ਉਥੇ ਤਿੰਨ ਸਾਲ ਲਗਾਤਾਰ ਫਸਲ ਤੇ ਗੜੇ ਪੈਂਦੇ ਰਹੇ ਉਨ੍ਹਾਂ ਕਿਸਾਨਾਂ ਦਾ ਕਾਫੀ ਨੁਕਸਾਨ ਹੋਇਆ, ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਪਿਛਲੇ ਸਾਲ 1985 ਦੀ ਸਾਉਣੀ ਦੀ ਫਸਲ ਤੇ ਕੇਂਦਰੀ ਸਰਕਾਰ ਨੇ ਇਕ ਸਕੀਮ ਲਾਗੂ ਕਰਨ ਲਈ ਰਾਜ ਭਰ ਦੀਆਂ ਸਾਰੀਆਂ ਸਟੇਟਾਂ ਵਿਚ ਭੇਜੀ ਕਿ ਇਹ ਸਕੀਮ ਲਾਗੂ ਕੀਤੀ ਜਾਵੇ ਤਾਂ ਕਿ ਛੋਟੇ ਕਿਸਾਨ ਨੂੰ ਰਾਹਤ ਮਿਲ ਸਕੇ। ਪਿਛੇ ਜਿਹੇ ਵੇਖਿਆ ਹੋਣਾ ਹੈ ਕਿ 1985 ਵਿਚ ਜਲੰਧਰ, ਕਪੂਰਥਲਾ, ਹੁਸ਼ਿਆਰਪੁਰ ਵਿਚ ਕਾਫੀ ਹੜ੍ਹ ਆਏ। ਉਸ ਦਾ ਸਾਡੀ ਉਪਜ ਤੇ ਕਾਫੀ ਅਸਰ ਹੋਇਆ ਔਰ ਇਸ ਦੇ ਨਾਲ ਹੀ ਜਿਸ ਤਰ੍ਹਾਂ ਮੈਂ ਦੱਸਿਆ ਹੈ ਕਿ 10 ਏਕੜ ਦੇ ਜ਼ਿਮੀਂਦਾਰ ਆਪਣੇ ਆਪ ਨੂੰ ਕਿਸ ਤਰ੍ਹਾਂ ਨਾਲ ਠੀਕ ਰਖ ਸਕਦੇ ਹਨ। ਉਨ੍ਹਾਂ ਦਾ ਜੀਵਨ ਨਿਰਬਾਹ ਕਿਸ ਤਰ੍ਹਾਂ ਹੋ ਸਕਦਾ ਹੈ। ਉਹ ਆਰਥਿਕ ਤੌਰ ਤੇ ਬਿਲਕੁਲ ਪਛੜ ਗਏ। ਉਹ ਸਮਾਜ ਦੇ ਪ੍ਰਤੀ ਆਪਣੇ ਫਰਜ਼ ਨਹੀਂ ਨਿਭਾ ਸਕਦੇ। ਇਸ ਲਈ ਖਾਸ ਕਰਕੇ ਉਨ੍ਹਾਂ ਵਾਸਤੇ ਇਹ ਸਕੀਮ ਬਹੁਤ ਅੱਛੀ ਹੈ । ਸਕੀਮ ਕਿਸ ਤਰ੍ਹਾਂ ਲਾਗੂ ਕੀਤੀ ਜਾਵੇ, ਕਿਸ ਤਰੀਕੇ ਨਾਲ

Original with;
Punjab Vidhan Sabha
Digitized by;
Panjab Digital Library

[ਸਰਦਾਰ ਜੋਗਿੰਦਰ ਸਿੰਘ ਮਾਨ]

ਤਿਆਰ ਕੀਤੀ ਜਾਵੇ, ਮੈਂ ਹਾਊਸ ਨੂੰ ਬੇਨਤੀ ਕਰਾਂਗਾ ਕਿ ਕੋਈ ਵੀ ਮੋਡੀਫਾਈਡ ਸਕੀਮ ਜਿਹੜੀ ਹੈ ਉਨ੍ਹਾਂ ਵਾਸਤੇ ਅੱਛੀ ਸਿੱਧ ਹੋ ਸਕਦੀ ਹੈ ਔਰ ਇਹ ਸਕੀਮ ਪਾਸ ਕਰਕੇ ਸਰਕਾਰ ਨੂੰ ਲਾਗੂ ਕਰਨੀ ਚਾਹੀਦੀ ਹੈ। ਜਿਥੋਂ ਤਕ ਪੰਜਾਬ ਦੇ ਮਾਹੌਲ ਦੀ ਗੱਲ ਹੈ ਮੈਂ ਇਕ ਛੋਟੇ ਕਿਸਾਨ ਫੈਮਿਲੀ ਵਿਚੋਂ ਹਾਂ। ਜਿਥੇ ਇਹ ਮਾਹੌਲ ਪੰਜਾਬ ਦੇ ਦੂਜੇ ਲੋਕਾਂ ਦੇ ਜੀਵਨ ਤੇ ਅਸਰ ਪਾਉਂਦਾ ਹੈ ਉਥੇ ਟਰਾਂਸ-ਪੋਰਟ, ਇੰਡਸਟਰੀ, ਇੰਡਸਟਰੀਅਲ ਵਰਕਰਾਂ ਅਤੇ ਹੋਰ ਲੋਕਾਂ ਦੀ ਜ਼ਿੰਦਗੀ ਤੇ ਅਸਰ ਪੈਂਦਾ ਹੈ। ਇਸ ਤਰ੍ਹਾਂ ਪੰਜਾਬ ਦੇ ਕਿਸਾਨ ਦੀ ਜ਼ਿੰਦਗੀ ਤੇ ਬਹੁਤ ਅਸਰ ਪੈਂਦਾ ਹੈ। ਅਗਰ ਸਰਕਾਰ ਇਹ ਸਕੀਮ ਲਾਗੂ ਕਰ ਦੇਵੇ ਜਿਸ ਨਾਲ ਕਿਸਾਨਾਂ ਨੂੰ ਰਾਹਤ ਮਿਲ ਜਾਵੇ, ਇਹ ਬਹੁਤ ਹੀ ਅੱਛਾ ਹੋਵੇਗਾ। ਮੈਨੂੰ ਪੂਰੀ ਪੂਰੀ ਆਸ ਹੈ ਕਿ ਇਹ ਹਾਊਸ ਇਸ ਮਤੇ ਨੂੰ ਪਾਸ ਕਰੇਗਾ ਕਿਉਂਕਿ ਇਸ ਦੇ ਨਾਲ ਜਿਹੜਾ ਛੋਟਾ ਕਿਸਾਨ ਹੈ ਉਸ ਨੂੰ ਰਾਹਤ ਮਿਲੇਗੀ।

ਮੇਰੀ ਇਕ ਬੇਨਤੀ ਇਹ ਹੈ ਕਿ 24 ਅਕਤੂਬਰ, 1985 ਨੂੰ ਇਕ ਯੂਨੀਅਨ ਮਨਿਸਟਰੀ ਆਫ ਐਗਰੀਕਲਚਰ ਦੀ ਮੀਟਿੰਗ ਹੋਈ ਸੀ ਜਿਸ ਵਿਚ ਸਪੋਰਟਸ ਪ੍ਰਾਈਸ ਪਰਚੇਜ਼ ਪਾਲਿਸੀ ਲਾਗੂ ਕੀਤੀ ਸੀ। ਇਸ ਦੇ ਤਹਿਤ 1985 ਵਿਚ ਸਰ੍ਹੋਂ ਦੀ ਕੀਮਤ 400 ਰੁਪਏ ਪਰ ਕੁਇੰਟਲ ਨੀਅਤ ਕੀਤੀ ਸੀ। ਇਸ ਤੋਂ ਪਹਿਲਾਂ ਭਾਵੇਂ ਇਨ੍ਹਾਂ ਦੇ ਭਾਅ ਉਪਰ ਥੱਲੇ ਹੋ ਜਾਂਦੇ ਸਨ ਪਰ ਹੁਣ ਫਿਕਸ ਕਰ ਦਿੱਤੇ ਹਨ। ਇਸ ਵਿਚ ਮੁਐਸਚਰ ਦੀ ਵੀ ਪਰਾਬਲਮ ਦੂਰ ਕਰ ਦਿੱਤੀ ਹੈ। ਪਹਿਲਾਂ ਜਿਹੜੀ 6 ਪੁਆਇੰਟ ਸੀ ਉਹ ਹੁਣ 8 ਪੁਆਇੰਟ ਕਰ ਦਿੱਤੀ ਹੈ। ਇਸੇ ਤਰ੍ਹਾਂ ਇਸ ਵਿਚ ਤੋਰੀਆ, ਸੋਇਆਬੀਨ ਔਰ ਮੂੰਗਫਲੀ ਆਦਿ ਪੰਜਾਬ ਦੇ ਕਿਸਾਨਾਂ ਲਈ ਬਹੁਤ ਹੀ ਫਾਇਦੇ ਵਾਲੀਆਂ ਕਿਸਮਾਂ ਹਨ, ਅਗਰ ਸਰਕਾਰ ਇਨ੍ਹਾਂ ਨੂੰ ਉਤਸਾਹਿਤ ਕਰੇਗੀ ਤਾਂ ਕਿਸਾਨਾਂ ਦਾ ਕਾਫੀ ਫਾਇਦਾ ਹੋਵੇਗਾ। ਇਸ ਤਰ੍ਹਾਂ ਹੀ ਕਣਕ ਔਰ ਝੋਨੇ ਵਿਚ ਕਿਸਾਨਾਂ ਨੂੰ ਜਿਹੜਾ ਮੁਐਸਚਰ ਕਾਰਨ ਮੁਸ਼ਕਲ ਦਾ ਸਾਹਮਣਾ ਕਰਨਾ ਪੈਂਦਾ ਹੈ ਔਰ ਸਰਕਾਰ ਖਰੀਦ ਨਹੀਂ ਕਰਦੀ, ਇਸ ਸਬੰਧ ਵਿਚ ਮੈਂ ਖੇਤੀਬਾੜੀ ਮੰਤਰੀ ਸਾਹਿਬ ਨੂੰ ਕਹਿਣਾ ਚਾਹਵਾਂਗਾ ਕਿ ਉਹ ਕਿਸਾਨਾਂ ਨੂੰ ਇਨਸੈਨਟਿਵ ਦੇਵੇ ਜਿਹੜੇ ਕਿਸਾਨਾਂ ਦੀਆਂ ਪ੍ਰਾਬਲਮਜ਼ ਹਨ ਉਨ੍ਹਾਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰਨ। ਕੁਦਰਤੀ ਆਫਤਾਂ ਕਰਕੇ ਜਾਂ ਕਿਸੇ ਹੋਰ ਕਾਰਨਾਂ ਕਰਕੇ ਉਨ੍ਹਾਂ ਨੂੰ ਮੁਸ਼ਕਿਲ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਲਈ ਮੇਰੀ ਬੇਨਤੀ ਹੈ ਕਿ ਬੀਮਾ ਸਕੀਮ ਸ਼ੁਰੂ ਕਰਕੇ ਉਨ੍ਹਾਂ ਕਿਸਾਨਾਂ ਦੀ ਆਰਥਿਕ ਔਰ ਸਮਾਜਿਕ ਹਾਲਤ ਨੂੰ ਸੁਧਾਰਨ ਦਾ ਯਤਨ ਕਰਨਾ ਚਾਹੀਦਾ ਹੈ।

**Mr. Deputy Speaker :** Motion Moved—

This House recommends to the State Government to take steps for the enforcement of a Crops Insurance Scheme so as to provide full compensation to the farmers at the time of damages caused by natural calamities or due to other factors.

**ਸਰਦਾਰ ਸੰਤ ਸਿੰਘ ਗਿੱਲ** (ਬਿਆਸ): ਡਿਪਟੀ ਸਪੀਕਰ ਸਾਹਿਬ, ਮੈਂ ਸਰਦਾਰ ਜੋਗਿੰਦਰ ਸਿੰਘ ਮਾਨ ਦਾ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਇਕ ਬੜਾ ਹੀ ਚੰਗਾ ਰੈਜ਼ੋਲਿਊਸ਼ਨ ਲਿਆਂਦਾ ਹੈ ਕਿਉਂਕਿ ਪੰਜਾਬ ਦੇ ਬਹੁਤ ਸਾਰੇ ਕਿਸਾਨਾਂ ਦੀ ਮਿਹਨਤ, ਕਿਸਮਤ ਖੇਤੀ ਦੇ ਨਾਲ ਬੱਝੀ ਹੋਈ ਹੈ। ਪੰਜਾਬ ਦਾ ਕਿਸਾਨ ਬਹੁਤ ਮਿਹਨਤ ਕਰਕੇ, ਦਿਨ ਰਾਤ ਇਕ ਕਰਕੇ ਆਪਣੇ ਬਾਲ ਬੱਚਿਆਂ ਅਤੇ ਸਾਰੇ ਪਰਿਵਾਰ ਨੂੰ ਨਾਲ ਲੈ ਕੇ ਸਿਆਲ ਦੀਆਂ ਠੰਢੀਆਂ ਰਾਤਾਂ ਵਿਚ ਆਪਣੇ ਖੇਤਾਂ ਨੂੰ ਪਾਣੀ ਲਾਉਂਦਾ ਹੈ ਅਤੇ ਗਰਮੀ ਵਿਚ ਸੜਦੀ ਧੁੱਪ ਦੇ ਵਿਚ ਉਹ ਉਥੇ ਕੰਮ ਕਰਕੇ ਆਪਣੀ ਲਹੂ ਪਸੀਨੇ ਦੀ ਕਮਾਈ ਕਰਦਾ ਹੈ। ਪਰ ਜਦੋਂ ਉਹ ਆਪਣੀ ਫਸਲ ਨੂੰ ਕੁਦਰਤੀ ਆਫਤਾਂ ਕਾਰਨ ਬਰਬਾਦ ਹੁੰਦਾ ਵੇਖਦਾ ਹੈ ਤਾਂ ਉਸ ਦਾ ਦਿਲ ਟੁੱਟ ਜਾਂਦਾ ਹੈ। ਕਿਸਾਨ ਨੇ ਇਸ ਦੇਸ਼ ਦੇ ਵਾਸਤੇ, ਜਿਥੇ ਅਨਾਜ ਦੀ

Original with;
Punjab Vidhan Sabha
Digitized by;
Panjab Digital Library

ਬਹੁਤ ਕਮੀ ਹੁੰਦੀ ਸੀ ਅਤੇ ਸਾਡਾ ਦੇਸ਼ ਅਨਾਜ ਵਾਸਤੇ ਦੂਜੇ ਮੁਲਕਾਂ ਵੱਲ ਵੇਖਦਾ ਰਹਿੰਦਾ ਸੀ ਉਸ ਕਿਸਾਨ ਨੇ ਆਪਣੀ ਮਿਹਨਤ ਦੇ ਸਦਕਾ ਆਪਣੀ ਪੂਰੀ ਮਿਹਨਤ ਦੇ ਨਾਲ ਇਥੇ ਅਨਾਜ ਪੈਦਾ ਕਰਕੇ ਇਸ ਦੇਸ਼ ਨੂੰ ਸੈਲਫ ਸਫੀਸ਼ੈਂਟ ਬਣਾ ਦਿੱਤਾ ਹੈ ਔਰ ਆਪਣੇ ਦੇਸ਼ ਦਾ ਜੋ ਮਾਣ ਸੀ ਉਸ ਨੂੰ ਬਰਕਰਾਰ ਰੱਖਿਆ ਹੈ। ਇਸ ਵਾਸਤੇ ਮੈਂ ਇਸ ਦੀ ਪੁੱਰਜ਼ੋਰ ਪ੍ਰੋੜ੍ਹਤਾ ਕਰਦਾ ਹਾਂ। ਇਸ ਕਰਾਪ ਇਨਸ਼ੋਰੈਂਸ ਸਕੀਮ ਦੇ ਲਾਗੂ ਹੋਣ ਨਾਲ ਜੋ ਕਿਸਾਨਾਂ ਦਾ ਨੁਕਸਾਨ ਹੁੰਦਾ ਹੈ ਉਸ ਨੂੰ ਮੁਆਵਜ਼ਾ ਮਿਲ ਜਾਵੇਗਾ। ਇਸ ਲਈ ਇਸ ਰੈਜ਼ੋਲਿਊਸ਼ਨ ਨੂੰ ਸਰਵਸੰਮਤੀ ਨਾਲ ਪਾਸ ਕਰਨਾ ਚਾਹੀਦਾ ਹੈ।

**ਸ੍ਰੀ ਜਗਜੀਤ ਸਿੰਘ** (ਕਰਤਾਰਪੁਰ, ਐਸ. ਸੀ.) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਡਿਪਟੀ ਸਪੀਕਰ ਸਾਹਿਬ, ਪੰਜਾਬ ਇਕ ਖੇਤੀ ਪ੍ਰਧਾਨ ਸੂਬਾ ਹੈ ਔਰ ਪੰਜਾਬ ਦਾ ਕਿਸਾਨ ਹਿੰਦੁਸਤਾਨ ਦੇ ਸਾਰੇ ਕਿਸਾਨਾਂ ਨਾਲੋਂ ਤਕੜਾ ਰਿਹਾ ਹੈ। ਮੈਂ ਇਥੇ ਇਹ ਕਹਿਣਾ ਚਾਹਵਾਂਗਾ ਕਿ ਜਦੋਂ ਮੁਲਕ ਦਾ ਬਟਵਾਰਾ ਹੋਇਆ ਤਾਂ ਉਧਰੋਂ ਬਹੁਤ ਸਾਰੇ ਸਾਡੇ ਜ਼ਿਮੀਦਾਰ ਭਰਾ ਉਜੜ ਕੇ ਪੰਜਾਬ ਵਿਚ ਆਏ ਤਾਂ ਉਨ੍ਹਾਂ ਦੀ ਰਿਹੈਬੀਲੀਟੇਸ਼ਨ ਲਈ ਗੌਰਮਿੰਟ ਆਫ ਇੰਡੀਆ ਨੇ ਬੜੇ ਅੱਛੇ ਢੰਗ ਨਾਲ ਇੰਤਜ਼ਾਮ ਕੀਤਾ ਔਰ ਇਸ ਨਾਲ ਉਹ ਉਜੜੇ ਹੋਏ ਕਿਸਾਨ ਜਿਨ੍ਹਾਂ ਦੇ ਕੋਲ ਕੋਈ ਵੀ ਸਾਧਨ ਨਹੀਂ ਸੀ ਉਨ੍ਹਾਂ ਨੇ ਆਪਣੀ ਮਿਹਨਤ ਦੇ ਨਾਲ ਪੰਜਾਬ ਵਿਚ ਖੇਤੀ ਕੀਤੀ ਔਰ ਜਿਹੜੀ ਪਰੋਡਕਸ਼ਨ ਸੀ ਉਸ ਵਿਚ ਵਾਧਾ ਕੀਤਾ। ਇਥੇ ਮੈਂ ਇਕ ਗੱਲ ਜ਼ਰੂਰ ਕਹਿਣੀ ਚਾਹਵਾਂਗਾ ਕਿ ਸੈਂਟਰ ਦੀ ਸਰਕਾਰ ਨੇ ਪੰਜਾਬ ਵਿਚ ਐਗਰੀ-ਕਲਚਰਲ ਯੂਨੀਵਰਸਿਟੀ ਕਾਇਮ ਕੀਤੀ। ਉਸ ਵੇਲੇ ਦੇ ਸਾਡੇ ਹਰਮਨ ਪਿਆਰੇ ਸਰਦਾਰ ਪ੍ਰਤਾਪ ਸਿੰਘ ਕੈਰੋਂ ਨੇ ਡਬਲ ਪਰੋਡਕਸ਼ਨ ਦਾ ਨਾਹਰਾ ਲਾਇਆ ਸੀ ਔਰ ਉਸ ਵੇਲੇ ਪੰਜਾਬ ਸਰਕਾਰ ਨੇ ਹਿੰਦ ਸਰਕਾਰ ਨਾਲ ਰਲ ਕੇ ਨਵੀਆਂ ਕਾਢਾਂ ਬੀਜਾਂ ਦੀਆਂ ਲਿਆਂਦੀਆਂ ਔਰ ਉਸ ਦੇ ਨਾਲ ਖਾਦ ਪਾਉਣ ਦੇ ਢੰਗ ਨੂੰ ਚੰਗੀ ਤਰ੍ਹਾਂ ਨਾਲ ਪਰਚਾਰਿਆ ਜਿਸ ਨਾਲ ਉਸ ਵੇਲੇ ਖੇਤੀਬਾੜੀ ਨੂੰ ਬਹੁਤ ਉਤਸ਼ਾਹ ਮਿਲਿਆ । ਸਾਡਾ ਇਸ ਗੱਲ ਨਾਲ ਸਿਰ ਉੱਚਾ ਕੀਤਾ ਕਿ ਪੰਜਾਬ ਦਾ ਕਿਸਾਨ ਔਰ ਪੰਜਾਬੀ ਨੇ ਆਪਣੀ ਮਿਹਨਤ ਨਾਲ ਖੇਤੀਬਾੜੀ ਵਿਚ ਐਨਾ ਵਾਧਾ ਕੀਤਾ ਹੈ ਕਿ ਹਿੰਦੁਸਤਾਨ ਦੇ ਅਨਾਜ ਦੇ ਭੰਡਾਰ ਭਰ ਦਿੱਤੇ ਔਰ ਸਾਰੀ ਦੁਨੀਆਂ ਵਿਚ ਨਾਂ ਉੱਚਾ ਕੀਤਾ।

ਮੈਂ, ਡਿਪਟੀ ਸਪੀਕਰ ਸਾਹਿਬ, ਤੁਹਾਡੀ ਮਾਰਫਤ ਇਹ ਕਹਿਣਾ ਚਾਹੁੰਦਾ ਹਾਂ ਕਿ ਖੇਤੀਬਾੜੀ ਵਿਚ ਜਿੰਨੀ ਮਿਹਨਤ ਪੰਜਾਬ ਦੇ ਕਿਸਾਨ ਨੇ ਕੀਤੀ ਹੈ ਔਰ ਉਸ ਦੀ ਮਿਹਨਤ ਦੇ ਨਾਲ ਜਿਹੜਾ ਪਰੋਡਕਸ਼ਨ ਵਿਚ ਵਾਧਾ ਹੋਇਆ ਹੈ ਉਤਨੀ ਉਸ ਦੀ ਆਰਥਿਕ ਹਾਲਤ ਨਹੀਂ ਸੁਧਰੀ। ਇਸ ਦਾ ਕਾਰਨ ਇਹ ਹੈ ਕਿ ਉਸ ਦਾ ਮਾਲ ਮਾਰਕਿਟ ਤੱਕ ਪਹੁੰਚਣ ਤੋਂ ਪਹਿਲਾਂ ਹੀ ਕੁਝ ਐਸੀਆਂ ਚੀਜ਼ਾਂ ਹੋ ਜਾਂਦੀਆਂ ਹਨ ਜਿਸ ਨਾਲ ਕਿਸਾਨ ਨੂੰ ਨੁਕਸਾਨ ਉਠਾਉਣਾ ਪੈਂਦਾ ਹੈ। ਹਰ ਸਾਲ ਗੜ੍ਹੇ ਪੈ ਜਾਂਦੇ ਹਨ ਪਿਛਲੇ ਸਾਲ ਪੰਜਾਬ ਵਿਚ ਜਿਹੜੇ ਗੜ੍ਹੇ ਪਏ ਉਸ ਨਾਲ ਜ਼ਿਮੀਦਾਰਾਂ ਦੀਆਂ ਸਾਰੀਆਂ ਫਸਲਾਂ ਤਬਾਹ ਹੋ ਗਈਆਂ ਸਨ । ਇਸ ਕਰਕੇ ਮੈਂ ਸਮਝਦਾ ਹਾਂ ਕਿ ਪੰਜਾਬ ਦੇ ਹਿੱਤਾਂ ਨੂੰ ਮੁੱਖ ਰਖਦੇ ਹੋਏ ਔਰ ਕੁਦਰਤੀ ਆਫਤਾਂ ਦਾ ਟਾਕਰਾ ਕਰਨ ਲਈ ਕਰਾਪ ਇਨਸ਼ੋਰੈਂਸ ਸਕੀਮ ਜ਼ਰੂਰ ਲਾਗੂ ਕਰਨੀ ਚਾਹੀਦੀ ਹੈ। ਇਹ ਸਕੀਮ ਲਾਗੂ ਕਰਨ ਲਈ ਇਸ ਸਦਨ ਵਿਚ ਕਾਫੀ ਵਾਰ ਵਿਚਾਰ ਹੋ ਚੁੱਕਾ ਹੈ। ਕਈ ਵਾਰ ਅਸੈਂਬਲੀ ਵਿਚ ਇਸ ਸਬੰਧੀ ਸਵਾਲ ਵੀ ਕੀਤੇ ਗਏ ਹਨ। ਬਹੁਤ ਵਾਰੀ ਇਹ ਕਿਹਾ ਜਾਂਦਾ ਰਿਹਾ ਹੈ ਕਿ ਉਨ੍ਹਾਂ ਦਾ ਮਸਲਾ ਜ਼ਰੂਰ ਹੱਲ ਕਰਨਾ ਚਾਹੀਦਾ ਹੈ। ਮੈਂ ਸਮਝਦਾ ਹਾਂ ਕਿ ਇਹ ਚੰਗਾ ਕਦਮ ਹੈ ਇਹ ਪੰਜਾਬ ਦੇ ਕਿਸਾਨ ਦੇ ਹਿੱਤਾਂ ਦਾ ਹੈ। ਉਨ੍ਹਾਂ ਦੀ ਮਿਹਨਤ ਨੂੰ ਕਾਇਮ ਰੱਖਣ ਲਈ ਸਾਨੂੰ ਕਰਾਪ ਇਨਸ਼ੋਰੈਂਸ ਸਕੀਮ ਜ਼ਰੂਰ ਲਾਗੂ ਕਰਨੀ

Original with;
Punjab Vidhan Sabha
Digitized by;
Panjab Digital Library

[ਸ੍ਰੀ ਜਗਜੀਤ ਸਿੰਘ]

ਚਾਹੀਦੀ ਹੈ। ਪੰਜਾਬ ਵਿਚ ਜਿਹੜੇ ਬਹੁਤ ਵੱਡੇ ਕਿਸਾਨ ਹਨ ਉਨ੍ਹਾਂ ਦੀ ਗਿਣਤੀ ਬਹੁਤ ਥੋੜ੍ਹੀ ਹੈ ਲੇਕਿਨ ਆਮ ਕਿਸਾਨਾਂ ਦੀ ਗਿਣਤੀ ਜਿਹੜੇ ਢਾਈ ਏਕੜ, 3 ਏਕੜ ਜਾਂ 10 ਏਕੜ ਦੇ ਮਾਲਕ ਹਨ ਉਨ੍ਹਾਂ ਦੀ ਬਿਹਤਰੀ ਵਾਸਤੇ ਜੇ ਇਹ ਸਕੀਮ ਲਾਗੂ ਕੀਤੀ ਜਾਵੇ ਤਾਂ ਇਹ ਚੰਗਾ ਕਦਮ ਹੋਵੇਗਾ। ਵੈਸੇ ਤਾਂ ਇਹ ਜਿਹੜੀ ਸਾਡੀ ਸਰਕਾਰ ਹੈ ਅਕਾਲੀ ਪਾਰਟੀ ਦੀ ਸਰਕਾਰ ਹੈ ਇਹ ਆਪਣੇ ਆਪ ਨੂੰ ਕਿਸਾਨਾਂ ਦੀ ਸਰਕਾਰ ਕਹਾਉਂਦੀ ਹੈ। ਇਸ ਲਈ ਇਹ ਕਿਸਾਨਾਂ ਦੇ ਹਿਤਾਂ ਲਈ ਇਸ ਗਲ ਨੂੰ ਸਮਝਣ ਔਰ ਉਨ੍ਹਾਂ ਨੂੰ ਸਹੂਲਤਾਂ ਦੇਣ ਲਈ ਉਨ੍ਹਾਂ ਦੀ ਮਦਦ ਕਰਨ ਵਾਸਤੇ ਜਿਸ ਤਰ੍ਹਾਂ ਇਹ ਆਪਣੇ ਆਪ ਨੂੰ ਵਚਨਬੱਧ ਸਮਝਦੇ ਹਨ, ਉਥੇ ਮੈਂ ਸਮਝਦਾ ਹਾਂ ਕਿ ਇਹ ਕਿਸਾਨਾਂ ਦੇ ਹਿਤ ਲਈ ਜੋ ਸਕੀਮ ਪੰਜਾਬ ਵਿਚ ਲਾਗੂ ਕਰਨ ਲਈ ਲਿਆਂਦੀ ਜਾ ਰਹੀ ਹੈ ਇਸ ਨੂੰ ਲਾਗੂ ਕਰਨਾ ਚਾਹੀਦਾ ਹੈ ਔਰ ਇਸ ਨਾਲ ਪੰਜਾਬ ਦਾ ਭਲਾ ਹੋ ਸਕੇਗਾ।

ਮੈਂ ਤੁਹਾਡੇ ਰਾਹੀਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜਿਥੇ ਕਿਸਾਨਾਂ ਦੀ ਹਾਲਤ ਬਿਹਤਰ ਕਰਨ ਲਈ ਕਰਾਪ ਇਨਸ਼ੋਰੈਂਸ ਸਕੀਮ ਲਾਗੂ ਕਰਨ ਲਈ ਕਹਿ ਰਹੇ ਹਾਂ ਉਥੇ ਉਨ੍ਹਾਂ ਦੀ ਹਾਲਤ ਹੋਰ ਚੰਗੀ ਸੁਧਾਰਨ ਵਾਸਤੇ ਹੋਰ ਵੀ ਬਹੁਤ ਸਾਰੀਆਂ ਗੱਲਾਂ ਹਨ ਜਿਸ ਨਾਲ ਉਨ੍ਹਾਂ ਦੀ ਆਰਥਿਕ ਹਾਲਤ ਸੁਧਰ ਸਕਦੀ ਹੈ। 1984-85 ਵਿਚ ਕਿਸਾਨਾਂ ਨੂੰ. ਕਣਕ ਵਿਚ ਜਿਹੜੀਆਂ ਆਮ ਜੜੀ ਬੂਟੀਆਂ ਹੋ ਜਾਂਦੀਆਂ ਹਨ ਉਨ੍ਹਾਂ ਦੀ ਰੋਕ ਥਾਮ ਵਾਸਤੇ, ਜਿਹੜੀ ਦਵਾਈ ਦਿੱਤੀ ਜਾਂਦੀ ਸੀ ਉਸ ਤੇ 25% ਸਬਸਿਡੀ ਦਿੱਤੀ ਜਾਂਦੀ ਸੀ ਪਰ 1985-86 ਵਿਚ ਇਹ ਸਬਸਿਡੀ 12% ਕਰ ਦਿੱਤੀ ਔਰ ਹੁਣ ਇਸ ਸਰਕਾਰ ਨੇ ਇਹ ਸਬਸਿਡੀ ਬਿਲਕੁਲ ਬੰਦ ਕਰ ਦਿੱਤੀ ਹੈ। ਇਹ ਦਵਾਈਆਂ ਕਿਸਾਨਾਂ ਦੇ ਹਿੱਤ ਵਿਚ ਹਨ ਅਤੇ ਇਹ ਸਬਸਿਡੀ ਮੁੜ ਬਹਾਲ ਕਰਨੀ ਚਾਹੀਦੀ ਹੈ। ਇਸ ਤੋਂ ਇਲਾਵਾ ਹੋਰ ਵੀ ਵ ਬਹੁਤ ਸਾਰੀਆਂ ਸਹੂਲਤਾਂ ਕਿਸਾਨਾਂ ਨੂੰ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ। ਜਿਹੜੀਆਂ ਕਿਸਾਨਾਂ ਦੀਆਂ ਜਰੂਰਤ ਦੀਆਂ ਚੀਜ਼ਾਂ ਹਨ ਉਹ ਕਿਸਾਨਾਂ ਨੂੰ ਥੋੜੇ ਪੈਸੇ ਤੇ ਉਨ੍ਹਾਂ ਨੂੰ ਦੇਣੀਆਂ ਚਾਹੀ-ਦੀਆਂ ਹਨ ਤਾਂਕਿ ਇਹ ਜਿਹੜੀ ਪਰੋਡਕਸ਼ਨ ਹੈ, ਉਸ ਵਿਚ ਵਾਧਾ ਕਰ ਸਕੇ, ਕਿਸਾਨ ਨੂੰ ਸਹੂਲਤ ਮਿਲ ਸਕੇ। ਬਦਕਿਸਮਤੀ ਦੀ ਗੱਲ ਹੈ ਕਿ ਸਾਡੇ ਸਾਹਮਣੇ ਜਿਹੜੀ ਸਰਕਾਰ ਆਈ ਹੈ ਉਸ ਨੇ ਸਬਸਿਡੀ ਬੰਦ ਕਰ ਦਿੱਤੀ ਹੈ। ਮੈਨੂੰ ਇਸ ਬਾਰੇ ਭਰੋਸੇਯੋਗ ਵਸੀਲੇ ਤੋਂ ਪਤਾ ਲੱਗਾ ਹੈ। ਕਿਸਾਨਾਂ ਨੂੰ ਜਿਹੜੀ ਸਬਸਿਡੀ ਦੇਣੀ ਹੈ, ਦਵਾਈਆਂ ਦੇਣੀਆਂ ਹਨ ਅਤੇ ਕਿਸਾਨ ਦੇ ਵਰਤਣ ਦੀਆਂ ਚੀਜ਼ਾਂ, ਇੰਪਲੀਮੈਂਟਸ ਹਨ, ਇਨ੍ਹਾਂ ਸਭ ਚੀਜ਼ਾਂ ਤੇ ਸਰਕਾਰ ਨੂੰ ਸਬਸਿਡੀ ਕਿਸਾਨਾਂ ਨੂੰ ਦੇਣੀ ਚਾਹੀਦੀ ਹੈ। ਕਿਸਾਨ ਸਾਰੇ ਪੰਜਾਬ ਲਈ ਔਰ ਸਾਰੇ ਦੇਸ਼ ਲਈ ਅਨਾਜ ਪੈਦਾ ਕਰਦਾ ਹੈ। ਕਿਸਾਨ ਤੇ ਅਸੀਂ ਜਿਤਨਾ ਮਾਣ ਕਰੀਏ, ਉਤਨਾ ਹੀ ਥੋੜ੍ਹਾ ਹੈ। ਉਨ੍ਹਾਂ ਨੂੰ ਸਹੂਲਤਾਂ ਦੇਣ ਵਾਸਤੇ ਅਤੇ ਉਨ੍ਹਾਂ ਕਿਸਾਨਾਂ ਨੂੰ ਹੋਰ ਬਿਹਤਰ ਬਣਾਉਣ ਵਾਸਤੇ ਹੋਰ ਚੰਗੀਆਂ ਸਹੂਲਤਾਂ ਦਿੱਤੀਆਂ ਜਾਣ। ਇਹ ਜਿਹੜਾ ਮਤਾ ਕਿਸਾਨਾਂ ਵਾਸਤੇ ਸਰਦਾਰ ਜੋਗਿੰਦਰ ਸਿੰਘ ਮਾਨ ਨੇ ਲਿਆਂਦਾ ਹੈ ਕਿ ਕਰਾਪ ਇਨਸ਼ੋਰੈਂਸ ਸਕੀਮ ਲਾਗੂ ਕੀਤੀ ਜਾਵੇ, ਉਹ ਸਰਬਸੰਮਤੀ ਨਾਲ ਪਾਸ ਕਰਨਾ ਚਾਹੀਦਾ ਹੈ। ਕਿਸਾਨਾਂ ਨੂੰ ਪਰੋਟੈਕਟ ਕਰਨਾ ਚਾਹੀਦਾ ਹੈ। ਜੇਕਰ, ਡਿਪਟੀ ਸਪੀਕਰ ਸਾਹਿਬ, ਕਿਸਾਨ ਦੀ ਹਾਲਤ ਬਿਹਤਰ ਹੋਵੇਗੀ ਤਾਂ ਸਾਰੇ ਹਿੰਦੁਸਤਾਨ ਦੀ ਹਾਲਤ ਬਿਹਤਰ ਹੋਵੇਗੀ। ਕਣਕ, ਚੌਲ ਅਤੇ ਹੋਰ ਚੀਜ਼ਾਂ ਕਿਸਾਨ ਪੈਦਾ ਕਰਦਾ ਹੈ। ਕਿਸਾਨ ਪੈਦਾਵਾਰ ਵਿਚ ਅੱਗੇ ਜਾ ਰਿਹਾ ਹੈ। ਇਸ ਲਈ ਮੈਂ ਜ਼ਰੂਰੀ ਸਮਝਦਾ ਹਾਂ ਕਿ ਸਾਰੇ ਹਾਊਸ ਨੂੰ ਇਹ ਮਤਾ ਯੂਨੈਨੀਮਸਲੀ ਪਾਸ ਕਰਨਾ ਚਾਹੀਦਾ ਹੈ ਜਿਹੜਾ ਕਿ ਸਾਡੀ ਪਾਰਟੀ ਨੇ ਇਥੇ ਲਿਆਂਦਾ ਹੈ। ਜਿਹੜੀਆਂ ਨੇਚੁਰਲ ਕਲਮਿਟੀਜ਼ ਨਾਲ ਕਿਸਾਨਾਂ ਦਾ ਨੁਕਸਾਨ ਹੁੰਦਾ ਹੈ। ਸਹੀ ਮਾਅਨਿਆਂ ਵਿਚ ਅਸੀਂ ਕਿਸਾਨਾਂ ਦੀ ਸਹਾਇਤਾ ਕਰ ਸਕੀਏ।

Original with;
Punjab Vidhan Sabha
Digitized by;
Panjab Digital Library

ਆਪਣੇ ਦੇਸ਼ ਦੇ ਅੰਨ ਦੇ ਭੰਡਾਰ ਵਿਚ ਜ਼ਿਆਦਾ ਅੰਨ ਦੇ ਸਕੀਏ । ਡਿਪਟੀ ਸਪੀਕਰ ਸਾਹਿਬ, ਮੈਂ ਆਪ ਜੀ ਦੀ ਮਾਰਫਤ ਪੰਜਾਬ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਆਉਣ ਵਾਲੇ ਸਮੇਂ ਵਿਚ ਜਦੋਂ ਮੰਡੀਆਂ ਵਿਚ ਕਣਕ ਆਉਣੀ ਹੈ ਕਣਕ ਆਉਣ ਤੋਂ ਪਹਿਲਾਂ ਹੀ ਖਰੀਦ ਦਾ ਇੰਤਜ਼ਾਮ ਪੰਜਾਬ ਸਰਕਾਰ ਨੂੰ ਕਰਨਾ ਚਾਹੀਦਾ ਹੈ। ਮੈਨੂੰ ਪਤਾ ਲਗਾ ਹੈ ਕਿ ਐਫ.ਸੀ.ਆਈ. ਕੋਲ ਕਣਕ, ਚਾਵਲ ਅਤੇ ਮਾਰਕਫੈਡ ਫੂਡ ਐਂਡ ਸਪਲਾਈਜ਼ ਕੋਲ ਅਨਾਜ ਦੇ ਸਟੋਰ ਭਰੇ ਪਏ ਹਨ। ਕਣਕ ਆਉਣ ਤੋਂ ਪਹਿਲਾਂ ਸਾਰੇ ਸਟੋਰ ਗੌਰਮਿੰਟ ਨੂੰ ਖਾਲੀ ਕਰਵਾਉਣੇ ਚਾਹੀਦੇ ਹਨ। ਸਾਡੇ ਪੰਜਾਬ ਦੇ ਕਿਸਾਨਾਂ ਨੇ ਕਣਕ ਲਿਆਉਣੀ ਹੈ, ਜੇਕਰ ਸਟੋਰ ਖਾਲੀ ਨਹੀਂ ਹੋਣਗੇ ਤਾਂ ਅਜੰਸੀਜ਼ ਸਟੋਰ ਕਿਥੇ ਕਰਨਗੀਆਂ ਅਤੇ ਇਸ ਤਰ੍ਹਾਂ ਨਾਲ ਕਿਸਾਨਾਂ ਨੂੰ ਨੁਕਸਾਨ ਹੋਵੇਗਾ । ਹਿੰਦ ਸਰਕਾਰ ਤੇ ਜ਼ੋਰ ਪਾ ਕੇ ਸਟੋਰ ਖਾਲੀ ਕਰਵਾਏ ਜਾਣ। ਪੰਜਾਬ ਦੀ ਐਗਰੀਕਲਚਰਲ ਯੂਨੀਵਰਸਿਟੀ ਕਿਸਾਨਾਂ ਨੂੰ ਚੰਗੇ ਬੀਜ ਦੇਵੇ, ਫਰਟੇਲਾਈਜ਼ਰ ਅਤੇ ਹੋਰ ਚੰਗੀ ਖਾਦ ਵਗੈਰਾ ਮੁਹਈਆ ਕਰੇ ਤਾਂਕਿ ਚੰਗੀ ਪੈਦਾਵਾਰ ਪੰਜਾਬ ਵਿਚ ਹੋ ਸਕੇ। ਇਨ੍ਹਾਂ ਸ਼ਬਦਾਂ ਨਾਲ, ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਹ ਜਿਹੜਾ ਰੈਜ਼ੋਲਿਊਸ਼ਨ ਹੈ, ਇਸਨੂੰ ਯੂਨਾਨੀਮਸਲੀ ਰਿਕਮੈਂਡ ਕੀਤਾ ਜਾਵੇ । ਕਰਾਪ ਇਨਸ਼ੋਰੈਂਸ ਸਕੀਮ ਪੰਜਾਬ ਵਿਚ ਲਾਗੂ ਕੀਤੀ ਜਾਵੇ ਜਿਸ ਨਾਲ ਪੰਜਾਬ ਦੇ ਕਿਸਾਨਾਂ ਦਾ ਭਲਾ ਹੋ ਸਕੇ । (ਥੰਪਿੰਗ)

**ਸਰਦਾਰ ਦਿਲਬਾਗ ਸਿੰਘ** (ਨਵਾਂ ਸ਼ਹਿਰ) : ਡਿਪਟੀ ਸਪੀਕਰ ਸਾਹਿਬ, ਇਹ ਕਰਾਪ ਇਨ-ਸ਼ੋਰੈਂਸ ਦਾ ਜਿਹੜਾ ਰੈਜ਼ੋਲਿਊਸ਼ਨ ਹੈ ਇਹ ਰੈਜ਼ੋਲਿਊਸ਼ਨ ਸਾਡੀ ਪਾਰਟੀ ਵਲੋਂ ਪੇਸ਼ ਹੋਇਆ ਹੈ । ਇਸ ਰਜ਼ੋਲਿਊਸ਼ਨ ਦਾ ਸਿਧਾ ਤੁਅੱਲਕ ਜ਼ਿਮੀਦਾਰਾਂ ਨਾਲ ਹੈ। ਇਹ ਸਾਹਮਣੇ ਬੈਠੀ ਰਸਕਾਰ ਜ਼ਿਮੇਵਾਰੀ ਨਾਲ ਗੱਲ ਨਹੀਂ ਕਰਦੀ । ਇਹ ਕਿਸਾਨਾਂ ਦੀ ਭਲਾਈ ਵਾਸਤੇ ਇਥੇ ਹਾਊਸ ਵਿਚ ਬੈਠ ਕੇ ਸੁਣਨ ਲਈ ਤਿਆਰ ਨਹੀਂ ਹਨ । ਟਰੇਜ਼ਰੀ ਬੈਂਚਿਜ਼ ਦੀਆਂ ਸੀਟਾਂ ਸਾਰੀਆਂ ਖਾਲ੍ਹੀ ਪਈਆਂ ਹਨ। ਇਹੋ ਜਿਹਾ ਰੈਜ਼ੋਲਿਊਸ਼ਨ ਹੋਵੇ ਜਿਸ ਦਾ ਸਿੱਧਾ ਤੁਅੱਲਕ ਜ਼ਿਮੀਂਦਾਰਾਂ ਨਾਲ ਹੋਵੇ, ਜਿਹੜੀ ਆਪਣੇ ਆਪ ਨੂੰ ਜ਼ਿਮੀਦਾਰਾਂ ਦੀ ਪਾਰਟੀ ਕਹਿੰਦੀ ਹੈ, ਉਹ ਇਸ ਵਿਚ ਦਿਲਚਸਪੀ ਨਾ ਲੈਣ ਤਾਂ ਫਿਰ ਅਕਾਲੀ ਸਰਕਾਰ ਜ਼ਿਮੀਂਦਾਰਾਂ ਨਾਲ ਧੋਖਾ ਕਰ ਰਹੀ ਹੈ । ਡਿਪਟੀ ਸਪੀਕਰ ਸਾਹਿਬ ਮੈਂ ਸਮਝਦਾ ਹਾਂ ਕਿ ਨੈਚੁਰਲ ਕਲੈਮਿਟੀਜ਼ ਕਰਕੇ ਕਰੋੜਾਂ ਰੁਪਏ ਦੀ ਸਹਾਇਤਾ ਸੈਂਟਰ ਦੀ ਸਰਕਾਰ ਵਲੋਂ ਪੰਜਾਬ ਨੂੰ ਦਿਤੀ ਜਾਂਦੀ ਹੈ । ਬਦਕਿਸਮਤੀ ਇਹ ਹੈ ਕਿ ਜਿਨ੍ਹਾਂ ਲੋਕਾਂ ਦਾ ਨੁਕਸਾਨ ਹੋਇਆ ਹੈ, ਉਨ੍ਹਾਂ ਨੂੰ ਉਹ ਪੈਸਾ ਨਹੀਂ ਮਿਲਦਾ ਔਰ ਇਹ ਰਸਤੇ ਵਿਚ ਹੀ ਹੜਪ ਕਰ ਲਿਆ ਜਾਂਦਾ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਨੂੰ ਇਕ ਮਿਸਾਲ ਦੇਣਾ ਚਾਹੁੰਦਾ ਹਾਂ ਕਿ ਨਵਾਂ ਸ਼ਹਿਰ ਵਿਚ 18 ਲੱਖ ਰੁਪਿਆ ਮਿਲਿਆ ਸੀ ਜਦੋਂ ਹੜ੍ਹ ਆਏ ਸਨ ਤਾਂ ਉਨ੍ਹਾਂ ਨੂੰ ਮੁਆਵਜ਼ਾ ਦੇਣਾ ਸੀ। 15 ਲੱਖ 44 ਹਜ਼ਾਰ ਰੁਪਿਆ ਤਹਿਸੀਲਦਾਰ ਨੇ ਵੰਡਿਆ ਸੀ ਬਾਕੀ ਜਿਹੜੇ ਰੁਪਏ ਸਨ, ਉਹ ਬੀ.ਡੀ.ਓ. ਅਤੇ ਨਾਇਬ-ਤਹਿਸੀਲਦਾਰ ਨੇ ਵੰਡਣਾ ਸੀ । ਡਿਪਟੀ ਸਪੀਕਰ ਸਾਹਿਬ, ਉਨ੍ਹਾਂ ਨੇ ਪਿੰਡਾਂ ਵਿਚ ਚਲੇ ਜਾਣਾ ਅਤੇ ਕਿਸਾਨਾਂ ਨੂੰ ਕਹਿਣਾ ਕਿ 3,000 ਰੁਪਏ ਤੇ ਦਸਤਖਤ ਕਰ ਅਤੇ ਇਹ 250 ਰੁਪਿਆ ਪਕੜ । ਬਾਕੀ ਸਾਰੇ ਦਾ ਸਾਰਾ ਰੁਪਿਆ ਤਹਿਸੀਲਦਾਰ ਦੀ ਜੇਬ ਵਿਚ ਪੈ ਗਿਆ। ਪੈਸੇ ਵੰਡੇ ਗਏ ਹਨ, ਇਹ ਮੇਰੇ ਕੋਲ ਲਿਸਟ ਹੈ । ਮੈਂ ਇਸ ਨੂੰ ਹਾਊਸ ਦੀ ਟੇਬਲ ਤੇ ਲੇਅ ਕਰਦਾ ਹਾਂ । ਇਹ ਪਿਛਲੇ ਸਾਲ ਦੀ ਪਿੰਡਾਂ ਦੀ ਲਿਸਟ ਹੈ। ਡਿਪਟੀ ਸਪੀਕਰ ਸਾਹਿਬ, ਇਸ ਦੀ ਇਨਕੁਆਇਰੀ ਕਰਾਓ । ਰਿਲੀਫ ਵੰਡਣ ਸਮੇਂ ਗਬਬੜ ਕੁਝ ਪਿੰਡਾਂ ਵਿਚ ਹੋਈ ਹੈ । ਉਥੇ ਨਾ ਪਟਵਾਰੀ ਦੇ ਦਸਤਖਤ ਹਨ ਨਾ ਕਾਨੂੰਗੋ ਦੇ ਦਸਤਖਤ ਹਨ। ਡਰ ਡਰ ਕੇ ਆਪਣੇ ਦਸਤਖਤ ਕਰਕੇ ਉਨ੍ਹਾਂ ਨੇ ਆਪਣਾ ਰਿਕਾਰਡ ਕੰਪਲੀਟ ਕਰ ਲਿਆ । ਮੈਂ ਇਹ ਲਿਸਟ ਹਾਊਸ ਦੀ ਟੇਬਲ ਤੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਦਿਲਬਾਗ ਸਿੰਘ]

ਡਿਪਟੀ ਸਪੀਕਰ ਸਾਹਿਬ, ਰੱਖ ਦਿੱਤੀ ਹੈ। ਘਟੋ ਘਟ 13 ਲੱਖ ਰੁਪਏ ਵਿਚੋਂ ਜੇਕਰ 2-3 ਲੱਖ ਰੁਪਿਆ ਖਰਚ ਹੋ ਗਿਆ ਤਾਂ 10 ਲੱਖ ਰੁਪਿਆ ਬਚ ਜਾਵੇਗਾ। ਇਸ ਤਰ੍ਹਾਂ ਜ਼ਿਮੀਦਾਰਾਂ ਨੂੰ ਫਾਇਦਾ ਨਹੀਂ ਪਹੁੰਚ ਸਕਦਾ ਔਰ ਇਸ ਤਰੀਕੇ ਨਾਲ ਕਿਸੇ ਕਿਸਾਨ ਦਾ ਭਲਾ ਨਹੀਂ ਹੋਵੇਗਾ। ਮੈਂ ਆਪਣੇ ਦੋਸਤਾਂ ਨੂੰ ਬੇਨਤੀ ਕਰਦਾ ਹਾਂ ਕਿ ਇਸ ਰੈਜ਼ੋਲਿਊਸ਼ਨ ਨੂੰ ਜ਼ਰੂਰ ਪਾਸ ਕਰਨਾ ਚਾਹੀਦਾ ਹੈ। ਕਰਾਪ ਇਨਸ਼ੋਰੈਂਸ ਸਕੀਮ ਨਾਲ ਜਿਹੜਾ ਰੁਪਿਆ ਪਹਿਲਾਂ ਥੱਲੇ ਤੋਂ ਲੈ ਕੇ ਉਪਰ ਤਕ ਖਾਈ ਜਾਂਦੇ ਸਨ, ਉਹ ਖਤਮ ਹੋ ਜਾਵੇਗਾ। ਇਸ ਨਾਲ ਕੁਰਪਸ਼ਨ ਘਟੇਗੀ। ਇਸ ਨਾਲ ਸਾਰੀ ਦੀ ਸਾਰੀ ਲਾਹਨਤ ਖਤਮ ਹੋ ਸਕਦੀ ਹੈ। ਇਸ ਨਾਲ ਜ਼ਿਮੀਂਦਾਰਾਂ ਦਾ ਫਾਇਦਾ ਹੋਵੇਗਾ। ਇਹ ਮੁਆਵਜ਼ਾ ਜਿਹੜਾ ਛੋਟੇ ਛੋਟੇ ਜ਼ਿਮੀਦਾਰਾਂ ਨੂੰ ਦੇਣਾ ਹੈ, ਇਸ ਸਬੰਧੀ ਮੈਂ ਬੇਨਤੀ ਕਰਦਾ ਹਾਂ ਕਿ ਇਹ ਇਕੋ ਹੀ ਗੱਲ ਨਹੀਂ ਹੈ। ਜਿਹੜੇ ਵੱਡੇ ਵੱਡੇ ਜ਼ਿਮੀਂਦਾਰ ਹਨ ਜਿਨ੍ਹਾਂ ਦੀ 35-35 ਏਕੜ ਜ਼ਮੀਨ ਹੈ, ਉਹ ਵੀ ਗਿਰਦਾਵਰੀਆਂ ਕੱਟ ਕੇ ਢਾਈ-ਢਾਈ ਏਕੜ ਜ਼ਮੀਨ ਬਹੁਤੇ ਬੰਦਿਆਂ ਦੇ ਨਾਂ ਪਾ ਕੇ ਇਹ ਸਾਰੇ ਦਾ ਸਾਰਾ ਪੈਸਾ ਆਪ ਲੈ ਜਾਂਦੇ ਹਨ। ਇਸ ਸਬੰਧੀ ਮੈਂ ਲਿਸਟ ਵੀ ਦੇ ਦਿੱਤੀ ਹੈ। ਇਨ੍ਹਾਂ ਪਿੰਡਾਂ ਵਿਚ ਇਨਕੁਆਇਰੀ ਕਰਵਾ ਲਵੋ। ਪਰ ਇਨਕੁਆਇਰੀ ਇਥੋਂ ਦੇ ਅਫਸਰ ਭੇਜ ਕੇ ਕਰਵਾਈ ਜਾਵੇ ਕਿਉਂਕਿ ਇਸ ਮਹਿਕਮੇਂ ਦੇ ਸਾਰੇ ਅਫਸਰ ਹੀ ਉਸ ਬੰਦੇ ਨੇ ਖਰੀਦੇ ਹੋਏ ਹਨ। ਇਹ ਸਿਰਫ ਨਵਾਂ ਸ਼ਹਿਰ ਦੀ ਹੀ ਗੱਲ ਨਹੀਂ। ਸਾਰੀ ਜਗ੍ਹਾ ਤੁਹਾਨੂੰ ਇਹੀ ਗੱਲ ਮਿਲੇਗੀ। ਲੋਕਾਂ ਨੂੰ ਇਸ ਮੁਆਵਜ਼ੇ ਦੇ ਚੈਕ ਦੇਣੇ ਚਾਹੀਦੇ ਸੀ। ਅਸੀਂ ਸ਼ੂਗਰ ਮਿੱਲ ਜਾਂਦੇ ਹਾਂ ਤਾਂ ਉਥੇ ਪੈਸਿਆਂ ਦੇ ਚੈਕ ਮਿਲਦੇ ਹਨ। ਇਥੇ ਛੋਟੇ ਗਰੀਬ ਜ਼ਿਮੀਂਦਾਰਾਂ ਨੂੰ 200 ਰੁਪਿਆ ਫੜਾ ਦਿੱਤਾ ਜਾਂਦਾ ਹੈ ਅਤੇ ਕਿਹਾ ਜਾਂਦਾ ਹੈ ਕਿ ਚਲਦਾ ਹੋ। ਇਸ ਤੋਂ ਵੱਡਾ ਧੋਖਾ ਪੰਜਾਬ ਦੇ ਲੋਕਾਂ ਨਾਲ, ਪੰਜਾਬ ਦੇ ਜ਼ਿਮੀਦਾਰਾਂ ਨਾਲ ਕੋਈ ਨਹੀਂ ਹੋ ਸਕਦਾ। ਪੰਜਾਬ ਦੇ ਅਫਸਰਾਂ ਦੀ ਧਾਂਦਲੀ ਇਸ ਤੋਂ ਵੱਡੀ ਹੋਰ ਕੋਈ ਨਹੀਂ। ਇਹ ਗੱਲ ਰਿਕਾਰਡ ਤੇ ਆ ਗਈ ਹੈ। ਵਜ਼ੀਰ ਸਾਹਿਬ ਇਸ ਨੂੰ ਪਰਸਨਲ ਤੌਰ ਤੇ ਦੇਖ ਲੈਣ ਜਾਂ ਹਾਊਸ ਦੀ ਇਕ ਕਮੇਟੀ ਬਣਾ ਦਿਓ ਜਿਸ ਵਿੱਚ ਇਧਰ ਦੇ ਵੀ ਅਤੇ ਉਧਰ ਦੇ ਵੀ, ਆਜ਼ਾਦ ਵੀ ਅਤੇ ਹੋਰ ਪਾਰਟੀਆਂ ਦੇ ਸਾਰੇ ਮੈਂਬਰ ਸਾਹਿਬਾਨ ਸ਼ਾਮਲ ਕਰ ਲਏ ਜਾਣ। ਕਿਸੇ ਵੀ ਤਹਿਸੀਲ, ਸਬ-ਡਿਵੀਜ਼ਨ ਨੂੰ ਦੇਖ ਲਓ, ਹਰ ਜਗ੍ਹਾ ਲੋਕਾਂ ਦੇ ਪੈਸੇ ਨਿਕਲ ਰਹੇ ਹਨ। ਜਿਹੜਾ ਆਦਮੀ ਇਹ ਪੈਸਾ ਖਾ ਗਿਆ ਹੈ ਉਹ ਫੇਰ ਵੀ ਬੜੇ ਜ਼ੋਰ ਨਾਲ ਕਹਿੰਦਾ ਹੈ ਕਿ ਇਹ ਪੈਸਾ ਮੈਂ ਖਾਵਾਂਗਾ। ਜਿਹੜਾ ਮੈਨੂੰ ਰੋਕ ਸਕਦਾ ਹੈ, ਰੋਕ ਲਵੇ।

ਮਾਲ **ਮੰਤਰੀ**: ਡਿਪਟੀ ਸਪੀਕਰ ਸਾਹਿਬ, ਕਿਉਂਕਿ ਮੇਰੇ ਮਹਿਕਮੇਂ ਦੀ ਇਨ੍ਹਾਂ ਨੇ ਸ਼ਿਕਾਇਤ ਕੀਤੀ ਹੈ ਅਤੇ ਇਹੋ ਜਿਹੀਆਂ ਸ਼ਿਕਾਇਤਾਂ ਆਮ ਹਨ। ਮੈਂ ਇਸ ਸਬੰਧੀ ਬੇਨਤੀ ਕਰਦਾ ਹਾਂ ਕਿ ਜਿਹੜਾ ਤੁਸੀਂ ਕਿਹਾ ਹੈ ਕਿ ਇਸਦੀ ਇਨਕੁਆਇਰੀ ਕਰਾਓ, ਉਸ ਲਈ ਤੁਸੀਂ ਜਿਹੜੇ ਅਫਸਰ ਕਹੋਗੇ, ਉਹ ਲੈ ਲੈਂਦੇ ਹਾਂ ਅਤੇ ਪਰਸੋਂ ਦਾ ਹੀ ਮੌਕਾ ਰਖ ਲਓ। ਤੁਸੀਂ ਟੇਬਲ ਆਫ ਦੀ ਹਾਊਸ ਤੇ ਜਿਹੜੀ ਲਿਸਟ ਰੱਖੀ ਹੈ, ਉਨ੍ਹਾਂ ਜਗ੍ਹਾ ਤੇ ਪਰਸੋਂ ਹੀ ਚੱਲ ਪੈਂਦੇ ਹਾਂ ਕਿਉਂਕਿ ਇਥੇ ਵਿਧਾਨ ਸਭਾ ਵਿੱਚ ਛੁੱਟੀ ਹੈ। ਤੁਸੀਂ ਵੀ ਆ ਜਾਓ ਅਤੇ ਮੈਂ ਵੀ ਚਲਦਾ ਹਾਂ। (ਥੰਪਿੰਗ) ਅਸੀਂ ਕਿਸੇ ਵੀ ਐਸੇ ਬੇਈਮਾਨ ਅਫਸਰ ਦਾ ਬਿਲਕੁਲ ਲਿਹਾਜ਼ ਨਹੀਂ ਕਰਨਾ ਚਾਹੁੰਦੇ। ਮੈਂ ਆਪਣੇ ਸਾਰੇ ਪ੍ਰੋਗਰਾਮ ਛੱਡ ਦੇਂਦਾ ਹਾਂ ਅਤੇ ਤੁਸੀਂ ਵੀ ਵੇਹਲੇ ਹੋ। ਹੋਰ ਵੀ ਇਲਾਕੇ ਦੇ ਮੈਂਬਰ ਸਾਹਿਬਾਨ ਨਾਲ ਚਲੇ ਚਲਣ। ਅਸੀਂ ਇਨਕੁਆਇਰੀ ਕਰ ਲੈਂਦੇ ਹਾਂ।

**ਸਰਦਾਰ ਦਿਲਬਾਗ ਸਿੰਘ**: ਮੈਂ, ਡਿਪਟੀ ਸਪੀਕਰ ਸਾਹਿਬ, ਮਨਿਸਟਰ ਸਾਹਿਬ ਦਾ ਬੜਾ

Original with;
Punjab Vidhan Sabha
Digitized by;
Panjab Digital Library

ਧੰਨਵਾਦ ਕਰਦਾ ਹਾਂ ਜਿਹੜਾ ਉਨ੍ਹਾਂ ਨੇ ਕਿਹਾ ਹੈ ਕਿ ਅਸੀਂ ਬਿਲਕੁਲ ਸਾਫ ਦਿਲ ਨਾਲ ਇਨਕੁਆਇਰੀ ਕਰਨ ਨੂੰ ਤਿਆਰ ਹਾਂ।

**ਟਰੈਜ਼ਰੀ ਬੈਂਚਿਜ਼ ਵਲੋਂ ਅਵਾਜ਼ਾਂ :** ਜਿਹੜਾ ਪਹਿਲਾਂ ਵਾਕ-ਆਊਟ ਕੀਤਾ ਸੀ, ਉਹ ਕੀ ਸੀ ?

**ਸਰਦਾਰ ਦਿਲਬਾਗ ਸਿੰਘ :** ਇਹ ਇਸ ਕਰਕੇ ਕੀਤਾ ਸੀ ਕਿਉਂਕਿ ਤੁਸੀਂ ਬੰਦੇ ਮਾਰਨ ਤੋਂ ਨਹੀਂ ਹਟਦੇ। ਇਹ ਕੰਮ ਪਿਛਲੇ 3 ਸਾਲ ਤੋਂ ਸ਼ੁਰੂ ਹੋਇਆ ਹੈ।

**ਸ਼੍ਰੀ ਡਿਪਟੀ ਸਪੀਕਰ :** ਤੁਸੀਂ ਆਪਣੇ ਇਸ਼ੂ ਤੇ ਬੋਲੋ ਜੀ।

**ਸਰਦਾਰ ਦਿਲਬਾਗ ਸਿੰਘ :** ਡਿਪਟੀ ਸਪੀਕਰ ਸਾਹਿਬ, ਮੈਂ ਇਥੇ ਰੋਜ਼ ਗਾਰਡਨ ਵਿਚ ਇਨ੍ਹਾਂ ਦੇ ਇਕ ਹੁਣ ਦੇ ਮਨਿਸਟਰ ਅਤੇ ਐਮ. ਐਲ. ਏ. ਨੂੰ ਮਿਲਿਆ ਅਤੇ ਮੈਂ ਕਿਹਾ ਕਿ ਬਹੁਤ ਹੋ ਗਿਆ, ਹੁਣ ਇਹ ਮਾਰਨ ਦਾ ਕੰਮ ਖਤਮ ਕਰੋ। ਇਨ੍ਹਾਂ ਨੇ ਕਿਹਾ ਕਿ ਜਿੰਨੇ ਕੁ ਮਾਰੇ ਹਨ, ਜੇ ਇਸ ਤੋਂ ਦੁਗਣੇ ਨਾ ਮਾਰੀਏ ਤਾਂ ਕੰਮ ਖਤਮ ਕਿਸ ਤਰ੍ਹਾਂ ਕਰ ਦੇਈਏ। (ਸ਼ੇਮ ਸ਼ੇਮ ਦੀਆਂ ਆਵਾਜ਼ਾਂ) ਇਹ ਸਾਡੇ ਵਾਕ-ਆਊਟ ਬਾਰੇ ਤਾਂ ਕਹਿੰਦੇ ਹਨ। ਇਨ੍ਹਾਂ ਨੇ ਤਾਂ ਗੋਲੀਆਂ ਅਤੇ ਬੰਦੇ ਮਾਰਨੇ ਹਨ। ਜੇ ਅਸੀਂ ਉਨ੍ਹਾਂ ਦੇ ਹੱਕ ਵਿੱਚ ਵਾਕ-ਆਊਟ ਕਰਦੇ ਹਾਂ ਤਾਂ ਤੁਸੀਂ ਔਖੇ ਕਿਉਂ ਹੁੰਦੇ ਹੋ ?

**ਟਰੈਜ਼ਰੀ ਬੈਂਚਿਜ਼ ਵਲੋਂ ਅਵਾਜ਼ਾਂ :** ਦਿੱਲੀ ਵਿੱਚ ਮਾਰਨ ਵਾਲੀ ਗੱਲ ਕਿਥੇ ਗਈ ?

**ਸ਼੍ਰੀ ਡਿਪਟੀ ਸਪੀਕਰ :** ਸਰਦਾਰ ਦਿਲਬਾਗ ਸਿੰਘ ਜੀ, ਤੁਸੀਂ ਰੈਜ਼ੋਲਿਊਸ਼ਨ ਤੇ ਬੋਲੋ।

**ਸਰਦਾਰ ਦਿਲਬਾਗ ਸਿੰਘ :** ਡਿਪਟੀ ਸਪੀਕਰ ਸਾਹਿਬ, ਤੁਸੀਂ ਇਨ੍ਹਾਂ ਨੂੰ ਸੰਭਾਲ ਲਓ। ਮੈਂ ਪ੍ਰੋਵੋਕ ਨਹੀਂ ਹੁੰਦਾ। ਇਹ ਹੀ ਹੁੰਦੇ ਹਨ।

**ਸ਼੍ਰੀ ਡਿਪਟੀ ਸਪੀਕਰ :** ਤੁਸੀਂ ਰੈਜ਼ੋਲਿਊਸ਼ਨ ਤੇ ਬੋਲੋ।

**ਸਰਦਾਰ ਦਿਲਬਾਗ ਸਿੰਘ :** ਡਿਪਟੀ ਸਪੀਕਰ ਸਾਹਿਬ, ਰੈਵੇਨਿਊ ਮਨਿਸਟਰ ਜੀ ਨੇ ਬੜੇ ਖੁਲ੍ਹੇ ਦਿਲ ਨਾਲ ਕਿਹਾ ਹੈ ਕਿ ਪਰਸੋਂ ਹੀ ਇਨਕੁਆਇਰੀ ਕਰਨ ਨੂੰ ਤਿਆਰ ਹਾਂ। ਇਨ੍ਹਾਂ ਦੀ ਔਫਰ ਸਾਨੂੰ ਬਿਲਕੁਲ ਮਨਜ਼ੂਰ ਹੈ। ਇਨ੍ਹਾਂ ਪਿੰਡਾਂ ਵਿਚ ਚਲੇ ਚਲਾਂਗੇ ਅਤੇ ਮੈਂ ਇਹ ਵੀ ਕਹਿੰਦਾ ਹਾਂ ਕਿ ਜੇ ਮੇਰੀ ਕੋਈ ਗੱਲ ਗਲਤ ਹੋਵੇ ਤਾਂ ਰੈਵੇਨਿਊ ਮਨਿਸਟਰ ਸਾਹਿਬ ਜੋ ਸਜ਼ਾ ਮੈਨੂੰ ਦੇਣਗੇ, ਉਹ ਮੈਂ ਸਹਿਣ ਨੂੰ ਤਿਆਰ ਹਾਂ।

**ਮਾਲ ਮੰਤਰੀ :** ਸਜ਼ਾ ਤੁਹਾਨੂੰ ਨਹੀਂ, ਅਫਸਰਾਂ ਨੂੰ ਦਿਆਂਗੇ।

**ਸਰਦਾਰ ਦਿਲਬਾਗ ਸਿੰਘ :** ਇਸ ਗੱਲ ਨੂੰ 3 ਮਹੀਨੇ ਪਹਿਲਾਂ ਹੀ ਨੋਟਿਸ ਵਿਚ ਲਿਆਂਦਾ ਹੈ। ਉਸਦੇ ਬਾਰੇ ਮੈਂ ਇਹ ਵੀ ਕਹਿੰਦਾ ਹਾਂ ਕਿ ਜਿਹੜਾ ਰਿਕਾਰਡ ਚੁਕ ਕੇ ਲੈ ਗਿਆ ਸੀ, ਉਸ ਵਿੱਚ ਰੋਜ਼ ਹੀ ਨਾਇਬ-ਤਹਿਸੀਲਦਾਰ ਗਿਰਦਾਵਰੀਆਂ ਠੀਕ ਕਰਾਉਂਦਾ ਰਿਹਾ ਹੈ, ਕਦੇ ਕਿਸੇ ਤੋਂ ਲਿਖਵਾਉਂਦਾ ਹੈ ਅਤੇ ਕਦੇ ਕਿਸੇ ਤੋਂ ਲਿਖਵਾਉਂਦਾ ਹੈ। ਜਿਹੜੀ ਇਹ 3 ਮਹੀਨੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਦਿਲਬਾਗ ਸਿੰਘ]

ਦੀ ਡਿਲੇਅ ਹੋਈ ਹੈ, ਉਸ ਦੀ ਵੀ ਇਨਕੁਆਇਰੀ ਹੋਣੀ ਚਾਹੀਦੀ ਹੈ। ਇਹ ਗਲ ਨਵਾਂ ਸ਼ਹਿਰ ਦੀ ਹੀ ਨਹੀਂ, ਚਾਹੇ ਕਿਸੇ ਹੋਰ ਜਗ੍ਹਾ ਚਲ ਕੇ ਵੀ ਵੇਖ ਲਵੋ।

**ਮਾਲ ਮੰਤਰੀ** : ਇਹ ਤੁਸੀਂ ਬੜਾ ਇੰਪਾਰਟੈਂਟ ਮਸਲਾ ਰੇਜ਼ ਕੀਤਾ ਹੈ। ਮੈਨੂੰ ਵੀ ਬੜੀਆਂ ਸ਼ਿਕਾਇਤਾਂ ਆ ਰਹੀਆਂ ਹਨ। ਰੈਵੇਨਿਊ ਮਹਿਕਮੇ ਦੀਆਂ, ਬੜੀ ਬਦਕਿਸਮਤੀ ਦੀ ਗੱਲ ਹੈ ਕਿ ਬੜੀਆਂ ਸ਼ਿਕਾਇਤਾਂ ਆ ਰਹੀਆਂ ਹਨ। ਮੈਂ ਸਾਰੇ ਕੰਮ-ਕਾਜ ਛੱਡ ਕੇ ਪਰਸੋਂ ਚਲਣ ਨੂੰ ਤਿਆਰ ਹਾਂ।

**ਸਰਦਾਰ ਦਿਲਬਾਗ ਸਿੰਘ** : ਡਿਪਟੀ ਸਪੀਕਰ ਸਾਹਿਬ, ਮੈਂ ਇਹ ਬੇਨਤੀ ਕਰਦਾ ਹਾਂ ਕਿ ਪਰਸੋਂ ਮੈਂ ਨਹੀਂ ਚਲ ਸਕਦਾ। ਸਾਡੇ ਸਾਧੂ ਸਿੰਘ ਹਮਦਰਦ ਦੀ ਕਿਤਾਬ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਰਾਸ਼ਟਰਪਤੀ ਜੀ ਨੇ ਰਿਲੀਜ਼ ਕਰਨੀ ਹੈ। ਮੈਂ ਉਸ ਟਰੱਸਟ ਦਾ ਚੇਅਰਮੈਨ ਹਾਂ। ਮੇਰਾ ਉਥੇ ਜਾਣਾ ਜ਼ਰੂਰੀ ਹੈ। ਇਸ ਤੋਂ ਬਾਅਦ ਸਾਡੀ ਪਾਰਟੀ ਦੀ ਵੀ ਮੀਟਿੰਗ ਹੈ। ਥੋੜ੍ਹਾ ਜਿਹਾ ਪਰੋਗਰਾਮ ਅੱਗੇ ਪਿਛੇ ਕਰ ਲਵੋ। ਮੇਰੀ ਥੋੜ੍ਹੀ ਜਿਹੀ ਮਜਬੂਰੀ ਹੈ। ਮਨੂੰ ਪਤਾ ਹੈ ਕਿ ਤੁਸੀਂ ਮੇਰੇ ਤੋਂ ਵੀ ਕਾਹਲੇ ਹੋ ਅਤੇ ਮੈਂ ਆਪ ਵੀ ਕਾਹਲਾ ਹਾਂ, ਇਹ ਗੱਲ ਸਿਰੇ ਚੜ੍ਹ ਜਾਵੇਗੀ। ਜਿਹੜਾ ਇਹ ਪੈਸਾ ਜ਼ਾਇਆ ਜਾ ਰਿਹਾ ਹੈ, ਇਹ ਜਾਣੋਂ ਹਟੇਗਾ। ਜਿਹੜਾ ਪੈਸਾ ਅਸੀਂ ਹੜ੍ਹ ਮਾਰੇ ਬੰਦਿਆਂ ਨੂੰ ਦੁਆਉਂਦੇ ਹਾਂ, ਉਹੀ ਪੈਸਾ ਜੋ ਇਨਸ਼ੋਰੈਂਸ਼ ਦੀ ਪਾਲਿਸੀ ਤੇ ਖਰਚ ਕਰ ਦੇਈਏ ਤਾਂ ਉਸ ਨਾਲ ਕੁਰੱਪਸ਼ਨ ਵੀ ਦੂਰ ਹੋ ਜਾਵੇਗੀ ਅਤੇ ਅਫਸਰਾਂ ਦੀ ਧਾਂਧਲੀ ਵੀ ਖਤਮ ਹੋ ਸਕਦੀ ਹੈ। ਇਸ ਲਈ ਇਸ ਰੈਜ਼ੋਲਿ-ਊਸ਼ਨ ਨੂੰ ਪੂਰੀ ਤਰ੍ਹਾਂ ਸਪੋਰਟ ਦੇ ਕੇ ਪਾਸ ਕਰਨਾ ਚਾਹੀਦਾ ਹੈ।

**ਖੇਤੀ ਬਾੜੀ ਮੰਤਰੀ** (ਕੈਪਟਨ ਅਮਰਿੰਦਰ ਸਿੰਘ) : ਡਿਪਟੀ ਸਪੀਕਰ ਸਾਹਿਬ, ਮੈਂ ਇੰਟਰਵੀਨ ਇਸ ਲਈ ਕਰ ਰਿਹਾ ਹਾਂ ਕਿਉਂਕਿ ਜ਼ਿਆਦਾ ਡਿਸਕਸ਼ਨ ਜਾਂ ਬਹਿਸ ਦੀ ਲੋੜ ਉਦੋਂ ਹੁੰਦੀ ਹੈ ਅਗਰ ਸਰਕਾਰ ਕਨਵਿੰਸ ਨਾ ਹੁੰਦੀ ਹੋਵੇ ਔਰ ਆਪੋਜ਼ੀਸ਼ਨ ਕਨਵਿੰਸ ਕਰਾਉਣਾ ਚਾਹੁੰਦੀ ਹੋਵੇ। ਅੱਜ ਏਥੇ ਜਿਹੜਾ ਜ਼ਿਕਰ ਹੋਇਆ ਹੈ ਕਿ ਟਰੇਜ਼ਰੀ ਬੈਂਚਿਜ਼ ਤੋਂ ਕੋਈ ਬੋਲਿਆ ਨਹੀਂ, ਉਹ ਇਸ ਲਈ ਨਹੀਂ ਬੋਲ ਰਿਹਾ ਕਿਉਂਕਿ ਸਾਡਾ ਪਹਿਲਾਂ ਹੀ ਫੈਸਲਾ ਹੈ ਕਿ ਕਰਾਪ ਇਨਸ਼ੋਰੈਂਸ ਸਕੀਮ ਅਸੀਂ ਲਿਆਉਣੀ ਹੈ। ਇਹ ਕਾਫੀ ਦੇਰ ਦਾ ਫੈਸਲਾ ਹੋਇਆ ਹੋਇਆ ਹੈ। ਸਾਡੀ ਸਕੀਮ ਤਿਆਰ ਪਈ ਹੈ। ਇਹ ਜਿਹੜੀ ਸਕੀਮ ਹੈ। ਇਹ ਗੌਰਮਿੰਟ ਆਫ ਇੰਡੀਆ ਵਲੋਂ ਆਈ ਸੀ ਔਰ ਇਹ ਪਿਛਲੀ ਖਰੀਫ ਦੀ ਫਸਲ ਤੋਂ ਲਾਗੂ ਕਰਾਉਣਾ ਚਾਹੁੰਦੀ ਸੀ ਲੇਕਿਨ ਅਸੀਂ ਵੇਖਿਆ ਸੀ ਇਹ ਸਕੀਮ ਪੰਜਾਬ ਨੂੰ ਸੂਟ ਨਹੀਂ ਕਰਦੀ। ਇਸ ਲਈ ਅਸੀਂ ਗੌਰਮਿੰਟ ਆਫ ਇੰਡੀਆ ਨੂੰ ਲਿਖਿਆ ਸੀ ਕਿ ਇਸ ਸਕੀਮ ਨੂੰ ਹਾਲੇ ਪੋਸਟਪੋਨ ਕਰ ਦਿਓ, ਅਸੀਂ ਇਸ ਵਿਚ ਕੁਝ ਤਬਦੀਲੀ ਲਿਆਉਣਾ ਚਾਹੁੰਦੇ ਹਾਂ। ਉਨ੍ਹਾਂ ਨੇ ਜਿਹੜੀ ਸਕੀਮ ਭੇਜੀ ਹੈ, ਜ਼ਿਲ੍ਹੇ ਜਾਂ ਬਲਾਕ ਜਾਂ ਤਹਿਸੀਲ ਨੂੰ ਯੂਨਿਟ ਮੰਨ ਕੇ ਬਣਾਈ ਹੈ ਔਰ ਉਨ੍ਹਾਂ ਨੇ ਇਕ ਫਾਰਮੂਲਾ ਬਣਾਇਆ ਹੈ ਕਿ ਅਗਰ ਪੂਰੇ ਜ਼ਿਲ੍ਹੇ ਜਾਂ ਤਹਿਸੀਲ ਵਿਚ ਕੋਈ ਤਬਾਹੀ ਆਵੇਗੀ ਤਾਂ ਹੀ ਇਹ ਸਕੀਮ ਲਾਗੂ ਹੋਵੇਗੀ ਦੂਜੇ ਪਾਸੇ ਅਸੀਂ ਚਾਹੁੰਦੇ ਹਾਂ ਕਿ ਇਨਡਿਵੀਜੁਅਲ ਜਾਂ ਪਿੰਡ ਦੇ ਆਧਾਰ ਤੇ ਲਾਗੂ ਕੀਤੀ ਜਾਣੀ ਚਾਹੀਦੀ ਹੈ। ਅਸੀਂ ਇਹ ਵੇਖਿਆ ਹੈ ਕਿ ਕੁਝ ਇਲਾਕੇ ਅਜਿਹੇ ਹਨ ਜਿਥੇ ਹਰ ਸਾਲ ਰੱਬੀ ਵਿਚ ਵੀ ਖਰੀਫ ਦੇ ਮੌਸਮ ਵਿਚ ਵੀ ਕੁਝ ਨਾ ਕੁਝ ਤਬਾਹੀ ਜਿਵੇਂ ਹੜ੍ਹ ਜਾਂ ਬਿਮਾਰੀ ਆ ਜਾਂਦੀ ਹੈ। ਮੈਂ ਤੁਹਾਨੂੰ ਪਟਿਆਲੇ ਦੀ ਮਿਸਾਲ ਦਿੰਦਾ ਹਾਂ। ਗੂਹਲਾ ਦੀ ਸੜਕ ਤੇ 5 ਪਿੰਡ ਹਨ ਉਥੇ 3 ਹਾੜੀਆਂ ਅਤੇ 3 ਸਾਉਣੀਆਂ ਖਤਮ ਹੋ ਗਈਆਂ। ਲਗਾਤਾਰ 6 ਫਸਲਾਂ ਉਥੇ ਖਤਮ ਹੋ ਗਈਆਂ ਹਨ। ਜੇ ਸੈਂਟਰ ਦੀ ਸਕੀਮ ਇਨ ਟੋਟੋ ਲਾਗੂ ਕਰ ਲਈ ਜਾਵੇ ਤਾਂ ਇਹ ਪਿੰਡ ਕਵਰ ਨਹੀਂ ਹੋ ਸਕਣਗੇ। ਸੈਂਟਰ ਦੀ ਸਕੀਮ ਵਿਚ ਇਹੀ ਨੁਕਸ ਹੈ। ਅਸੀਂ ਚਾਹੁੰਦੇ

Original with;
Punjab Vidhan Sabha
Digitized by;
Panjab Digital Library

ਹਾਂ ਕਿ ਕੰਪੋਜ਼ਿਟ ਸਕੀਮ ਬਣਾਈਏ । ਕੋਈ ਇਹੋ ਜਿਹਾ ਹੱਲ ਕਢਿਆ ਜਾਵੇ ਕਿ ਸਾਰੇ ਲੋਕਾਂ ਨੂੰ ਫਾਇਦਾ ਪਹੁੰਚ ਸਕੇ । ਅਜਿਹੀ ਸਕੀਮ ਬਣਾ ਕੇ ਅਸੀਂ ਜਲਦੀ ਹੀ ਸੈਂਟਰ ਨੂੰ ਵਾਪਸ ਭੇਜ ਰਹੇ ਹਾਂ । ਫਿਰ ਇਸ ਹਾਊਸ ਦੇ ਵਿਚ ਬਿਲ ਲਿਆਂਦਾ ਜਾਵੇਗਾ ਔਰ ਹਾਊਸ ਦੀ ਅਪਰੂਵਲ ਲਈ ਜਾਵੇਗੀ। ਇਸ ਲਈ ਮੈਂ ਇਥੇ ਇੰਟਰਵੀਨ ਕਰਨਾ ਚਾਹੁੰਦਾ ਸਾਂ। ਇਹ ਸਕੀਮ ਤਿਆਰ ਪਈ ਹੈ, ਸਿਰਫ ਕੁਝ ਮਹੀਨਿਆਂ ਦੀ ਹੀ ਗੱਲ ਹੈ। ਇਥੇ ਬਿੱਲ ਆਵੇਗਾ, ਫਿਰ ਬਹਿਸ ਹੋਵੇਗੀ, ਡਿਸਕਸ਼ਨ ਹੋਵੇਗੀ।

**ਕੁਝ ਅਵਾਜ਼ਾਂ** ; ਫਿਰ ਇਸ ਨੂੰ ਪਾਸ ਕਰ ਦਿਓ ।

**ਖੇਤੀਬਾੜੀ ਮੰਤਰੀ** : ਸਾਨੂੰ ਕੋਈ ਇਤਰਾਜ ਨਹੀਂ ।

**ਮਾਸਟਰ ਮੋਹਨ ਲਾਲ** (ਪਠਾਨਕੋਟ) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਮਸ਼ਕੂਰ ਹਾਂ ਕਿ ਤੁਸੀਂ ਮੈਨੂੰ ਬੋਲਣ ਵਾਸਤੇ ਟਾਈਮ ਦਿੱਤਾ ਹੈ । ਡਿਪਟੀ ਸਪੀਕਰ ਸਾਹਿਬ, ਪੰਜਾਬ ਦੇ ਛੋਟੇ ਕਿਸਾਨਾਂ ਦੀ ਹਾਲਤ ਬਹੁਤ ਮਾੜੀ ਹੈ । ਪੰਜਾਬ ਦਾ ਛੋਟਾ ਕਿਸਾਨ ਫਸਲ ਨੂੰ ਬੀਜ ਲੈਂਦਾ ਹੈ। ਫਸਲ ਬੀਜਣ ਤੋਂ ਬਾਦ ਉਹ ਅਸਮਾਨ ਵਲ ਦੇਖਦਾ ਰਹਿੰਦਾ ਹੈ ਕਿ ਕਦੋਂ ਵਰਖਾ ਹੁੰਦੀ ਹੈ। ਕਦੀ ਵਰਖਾ ਘੱਟ ਹੁੰਦੀ ਹੈ ਅਤੇ ਕਦੀ ਜ਼ਿਆਦਾ ਹੋ ਜਾਂਦੀ ਹੈ। ਉਸ ਨੂੰ ਆਪਣੀ ਫਸਲ ਦਾ ਸਹੀ ਮੁੱਲ ਨਹੀਂ ਮਿਲਦਾ। ਮੈਂ ਆਪਣੇ ਇਲਾਕੇ ਦੀ ਗੱਲ ਕਰਦਾ ਹਾਂ। ਪਿਛਲੇ 2 ਸਾਲ ਤੋਂ ਉਥੇ ਇਹੋ ਜਿਹੀ ਔੜ ਲਗੀ ਹੈ ਕਿ ਨਾ ਹੀ ਉਥੇ ਕਣਕ ਦੀ ਫਸਲ ਹੋਈ ਹੈ ਅਤੇ ਨਾ ਹੀ ਛੋਲੇ ਦੀ। ਧਾਰ ਬਲਾਕ ਵਰਗੇ ਇਲਾਕਿਆਂ ਵਿਚ ਅਗਰ ਇਹ ਸਕੀਮ ਲਾਗੂ ਕਰ ਦਿੱਤੀ ਜਾਵੇ ਤਾਂ ਕੁਦਰਤੀ ਆਫਤਾਂ ਤੋਂ ਕਿਸਾਨ ਦਾ ਬਹੁਤ ਬਚਾ ਹੋ ਸਕਦਾ ਹੈ । ਸਾਡੇ ਧਾਰ ਬਲਾਕ ਵਿਚ ਟਮਾਟਰਾਂ ਦੀ ਫਸਲ ਬਹੁਤ ਜ਼ਿਆਦਾ ਹੁੰਦੀ ਸੀ ਪਰ ਇਸ ਵਾਰ ਕੀ ਹੋਇਆ ਕਿ ਪਹਿਲਾਂ ਤਾਂ ਕੁਝ ਬਿਮਾਰੀਆਂ ਲਗ ਗਈਆਂ ਤੇ ਉਹ ਫਸਲ ਮਾਰੀ ਗਈ ਔਰ ਇਸ ਵਾਰ ਇਹ ਹੋਇਆ ਕਿ ਐਨੇ ਗੜੇ ਪਏ ਕਿ 13 ਪਿੰਡਾਂ ਦੀਆਂ ਫਸਲਾਂ ਜੋ ਉਨ੍ਹਾਂ ਦੀਆਂ ਜ਼ਿੰਦਗੀਆਂ ਦਾ ਸਹਾਰਾ ਸਨ, ਤਬਾਹ ਹੋ ਗਈਆਂ । ਇਸ ਕਰਕੇ ਬਿਨਾਂ ਕਿਸੇ ਪਾਰਟੀ ਦੇ ਭੇਦ-ਭਾਵ ਦੇ ਇਹ ਜਿਹੜਾ ਰਜ਼ੋਲਿਊਸ਼ਨ ਸਰਦਾਰ ਜੋਗਿੰਦਰ ਸਿੰਘ ਮਾਨ ਨੇ ਹਾਊਸ ਵਿਚ ਲਿਆਂਦਾ ਹੈ, ਇਸ ਦੀ ਸਾਰਿਆਂ ਨੂੰ ਪਰੋੜਤਾ ਕਰਨੀ ਚਾਹੀਦੀ ਹੈ ਔਰ ਇਹ ਸਕੀਮ ਲਾਗੂ ਕਰਨੀ ਚਾਹੀਦੀ ਹੈ । ਵੈਸੇ ਵੀ ਫਰਟੀਲਾਈਜ਼ਰ ਦੇ ਭਾਅ, ਕੈਮੀਕਲਜ਼ ਦੇ ਭਾਅ ਐਨੇ ਵਧ ਗਏ ਹਨ ਕਿ ਅਗਰ ਮੌਸਮ ਦੀ ਮਾਰ ਪੈ ਜਾਵੇ ਤਾਂ ਕਿਸਾਨ ਕੀਮਤਾਂ ਦਾ ਮੁਕਾਬਲਾ ਨਹੀਂ ਕਰ ਸਕਦਾ । ਮੇਰੇ ਹਲਕੇ ਦੇ ਨਾਲ ਜੰਮੂ-ਕਸ਼ਮੀਰ ਅਤੇ ਹਿਮਾਚਲ ਪ੍ਰਦੇਸ਼ ਦਾ ਇਲਾਕਾ ਲਗਦਾ ਹੈ। ਉਥੇ ਖਾਦ ਤੇ 40 ਪ੍ਰਤੀਸ਼ਤ ਤੱਕ ਸਬ-ਸਿਡੀ ਮਿਲੀ ਹੈ। ਪਰ ਸਾਡੇ ਕਿਸਾਨਾਂ ਨੂੰ ਇਹ ਨਹੀਂ ਮਿਲਦੀ। ਅਗਰ ਐਨੇ ਮਹਿੰਗੇ ਭਾਅ ਤੇ ਫਰਟੀਲਾਈਜ਼ਰਜ਼ ਲੈ ਕੇ ਪਾਈਆਂ ਜਾਣ ਅਤੇ ਕੁਦਰਤੀ ਆਫਤਾਂ ਦੀ ਮਾਰ ਪੈ ਜਾਵੇ ਤਾਂ ਕਿਸਾਨ ਦਾ ਕੀ ਹਾਲ ਹੋਵੇਗਾ ? ਇਸ ਕਰਕੇ ਇਨ੍ਹਾਂ ਫਸਲਾਂ ਦਾ ਬੀਮਾ ਕਰ ਦਿੱਤਾ ਜਾਵੇ ਤਾਂਕਿ ਆਉਣ ਵਾਲੇ ਨੁਕਸਾਨ ਤੋਂ ਕਿਸਾਨ ਨੂੰ ਬਚਾਇਆ ਜਾ ਸਕੇ। ਫਸਲਾਂ ਦੀਆਂ ਕਮੀਤਾਂ ਵੀ ਫਲਕਚੂਏਟ ਹੁੰਦੀਆ ਰਹਿੰਦੀਆ ਹਨ। ਕਪਾਹ ਦੀ ਕੀਮਤ ਪਹਿਲਾਂ 700 ਰੁਪਏ ਕੁਇੰਟਲ ਸੀ, ਹੁਣ ਕੇਵਲ 400 ਰੁਪਏ ਕੁਇੰਟਲ ਰਹਿ ਗਈ ਹੈ । ਕਦੇ ਤੇਜ਼ੀ ਹੁੰਦੀ ਹੈ ਅਤੇ ਕਦੇ ਮੰਦੀ। ਅਗਰ ਇਹ ਸਕੀਮ ਲਾਗੂ ਕਰ ਦਿੱਤੀ ਜਾਵੇ ਤਾਂ ਇਸ ਚੀਜ਼ ਤੋਂ ਵੀ ਕਿਸਾਨ ਨੂੰ ਸਹੂਲਤ ਮਿਲ ਸਕਦੀ ਹੈ ਹਿੰਦੁਸਤਾਨ ਵਿਚ ਖੇਤੀ, ਖਾਸ ਕਰਕੇ ਛੋਟੇ ਕਿਸਾਨਾਂ ਦੀ ਖੇਤੀ ਤਾਂ ਇਕ ਜੂਆ ਹੀ ਹੈ। ਮੰਨ ਲਵੋ ਕਿ ਇਕ ਕਿਸਾਨ ਨੇ 5 ਸਾਲ ਫਸਲ ਬੀਜੀ । ਉਸ ਵਿਚੋਂ 2 ਸਾਲ ਤਾਂ ਵਰਖਾ ਹੋਈ ਹੀ ਨਹੀਂ ਅਤੇ 2 ਸਾਲ ਐਨੀ ਵਰਖਾ ਹੋਈ ਕਿ ਜੋ ਕੁਝ ਉਸ ਨੇ ਬੀਜਿਆ ਹੈ ਉਹ ਹੜ੍ਹਾਂ ਵਿਚ ਰੁੜ੍ਹ ਜਾਂਦਾ ਹੈ । ਇਸ ਤਰ੍ਹਾਂ

Original with;
Punjab Vidhan Sabha
Digitized by;
Panjab Digital Library

[ਮਾਸਟਰ ਮੋਹਨ ਲਾਲ]

ਇਕ ਸਾਲ ਦੀ ਕਮਾਈ ਹੀ ਉਸ ਦੇ ਪੱਲੇ ਪੈਂਦੀ ਹੈ। ਕਦੀ ਗੜੇ ਪੈ ਜਾਂਦੇ ਹਨ ਅਤੇ ਕਦੀ ਕੋਈ ਹੋਰ ਬਿਮਾਰੀ ਲਗ ਜਾਂਦੀ ਹੈ। ਇਸ ਕਰਕੇ ਮੈਂ ਸਮਝਦਾ ਹਾਂ ਕਿ ਸਰਦਾਰ ਜੋਗਿੰਦਰ ਸਿੰਘ ਮਾਨ ਨੇ ਜੋ ਪ੍ਰਸਤਾਵ ਇਥੇ ਲਿਆਂਦਾ ਹੈ, ਉਸ ਨੂੰ ਪ੍ਰਵਾਨ ਕਰ ਲਿਆ ਜਾਵੇ ਤਾਂਕਿ ਪੰਜਾਬ ਦੇ ਛੋਟੇ ਛੋਟੇ ਕਿਸਾਨ ਅਤੇ ਮੁਜ਼ਾਰੇ ਜਿਨ੍ਹਾਂ ਕੋਲ ਜ਼ਮੀਨ ਬਹੁਤ ਥੋੜ੍ਹੀ ਹੈ ਅਤੇ ਪੈਸਾ ਵੀ ਬਹੁਤ ਥੋੜ੍ਹਾ ਹੁੰਦਾ ਹੈ, ਉਨ੍ਹਾਂ ਨੂੰ ਇਸ ਤੋਂ ਕੁਝ ਫਾਇਦਾ ਹੋ ਸਕੇ। ਇਸ ਲਈ ਮੈਂ ਇਸ ਪ੍ਰਸਤਾਵ ਦੀ ਪ੍ਰੋੜਤਾ ਕਰਦਾ ਹਾਂ।

**ਪ੍ਰੋਫੈਸਰ ਕੁਮਾਰੀ ਸੁਸ਼ੀਲ ਮਹਾਜਨ** (ਗੁਰਦਾਸਪੁਰ) : ਡਿਪਟੀ ਸਪੀਕਰ ਸਾਹਿਬ, ਪੰਜਾਬ ਦਾ ਕਿਸਾਨ ਆਪਣੀ ਫਸਲ ਤੇ ਆਪਣੀ ਸਾਰੀ ਪੂੰਜੀ ਲਾ ਦਿੰਦਾ ਹੈ। ਆਪਣੀ ਖੂਨ-ਪਸੀਨੇ ਦੀ ਕਮਾਈ ਲਾ ਦਿੰਦਾ ਹੈ। ਇਥੋਂ ਤੱਕ ਕਿ ਆਪਣੀ ਘਰ ਵਾਲੀ ਦੀਆਂ ਟੂੰਮਾਂ ਵੀ ਲਾ ਦਿੰਦਾ ਹੈ। ਫਿਰ ਉਸ ਨੂੰ ਨਜ਼ਰ ਕੀ ਆਉਂਦਾ ਹੈ? ਉਹ ਚਾਵਲ ਬੀਜਦਾ ਹੈ ਤਾਂ ਚੌਲ ਨਜ਼ਰ ਆਉਂਦਾ ਹੈ। ਕਣਕ ਨਜ਼ਰ ਆਉਂਦੀ ਹੈ, ਕਮਾਦ ਨਜ਼ਰ ਆਉਂਦਾ ਹੈ, ਮੂੰਗਫਲੀ ਨਜ਼ਰ ਆਉਂਦੀ ਹੈ। ਲੇਕਿਨ ਕੁਦਰਤ ਐਸਾ ਕ੍ਰਿਸ਼ਮਾ ਹੈ, ਕੁਦਰਤ ਨੂੰ ਕਿਸੇ ਨੇ ਨਹੀਂ ਜਾਣਿਆ। ਬਾਰਸ਼ਾਂ ਹੋ ਗਈਆਂ ਤਾਂ ਫਸਲਾਂ ਰੁੜ੍ਹ ਜਾਂਦੀਆਂ ਹਨ। ਸੋਕਾ ਪੈ ਗਿਆ ਤਾਂ ਫਸਲਾਂ ਪੁੰਗਰਦੀਆਂ ਨਹੀਂ ਹਨ, ਉਠਦੀਆਂ ਨਹੀਂ ਹਨ। ਇਸ ਕਰਕੇ ਸਾਡਾ ਪੰਜਾਬ ਦਾ ਕਿਸਾਨ ਸਾਈਕਾਲੋਜੀਕਲੀ ਰਿਟਾਰਡਿਡ ਹੋ ਜਾਂਦਾ ਹੈ। ਉਸ ਦੇ ਦਿਲ ਦਿਮਾਗ ਤੇ ਟੈਨਸ਼ਨ ਹੋ ਜਾਂਦੀ ਹੈ। ਹਰ ਵੇਲੇ ਉਸ ਨੂੰ ਇਹੀ ਫਿਕਰ ਰਹਿੰਦਾ ਹੈ ਕਿ ਮੈਂ ਕੀ ਕਰਾਂਗਾ। ਸਰਕਾਰ ਜੇਕਰ ਇਨ੍ਹਾਂ ਨੂੰ ਕਰਾਪ ਇਨਸ਼ੋਰੈਂਸ ਦੇ ਦੇਵੇ ਤਾਂ ਕਮ-ਅਜ਼-ਕਮ ਉਹ ਮੈਂਟਲੀ ਸੈਟਿਸਫਾਈਡ ਰਹੇ ਔਰ ਆਪਣੀ ਮਿਹਨਤ ਨਾਲ ਕਮਾਈ ਕਰ ਸਕੇ। ਬਾਰਸ਼ਾਂ ਹੋ ਗਈਆਂ ਤਾਂ ਫਸਲਾਂ ਦੇ ਰੁੜ੍ਹਨ ਦਾ ਡਰ ਰਹਿੰਦਾ ਹੈ ਔਰ ਅਗਰ ਬਾਰਸ਼ਾਂ ਨਾ ਹੋਈਆਂ ਤਾਂ ਸੋਕਾ ਪੈ ਜਾਂਦਾ ਹੈ। ਔਰ ਫਿਰ ਕਈ ਵਾਰੀ ਟਿੱਡੀ ਦਲ ਆ ਜਾਂਦਾ ਹੈ ਜਿਸ ਨਾਲ ਉਨ੍ਹਾਂ ਦੀ ਫਸਲ ਦਾ ਨੁਕਸਾਨ ਹੋ ਜਾਂਦਾ ਹੈ। ਇਸ ਕਰਕੇ ਪੰਜਾਬ ਦੇ ਕਿਸਾਨ ਨੂੰ ਪਰੋਟੈਕਸ਼ਨ ਦੇਣੀ ਚਾਹੀਦੀ ਹੈ। ਕਰਾਪ ਇਨਸ਼ੋਰੈਂਸ ਇਨ੍ਹਾਂ ਨੂੰ ਦੇਣੀ ਚਾਹੀਦੀ ਹੈ। ਇਨ੍ਹਾਂ ਨੂੰ ਖਾਦ, ਬੀਜ ਖਰੀਦਣ ਵਾਸਤੇ ਸਰਕਾਰ ਵਲੋਂ ਪਰੋਵੀਜ਼ਨ ਸਟੋਰ ਹੋਣੇ ਚਾਹੀਦੇ ਹਨ। ਉਨ੍ਹਾਂ ਨੂੰ ਵਧੀਆ ਬੀਜ ਔਰ ਅੱਛੀ ਖਾਦ ਵਾਜਬ ਭਾਅ ਤੇ ਦੇਣੀ ਚਾਹੀਦੀ ਹੈ ਤਾਕਿ ਉਹ ਖਰੀਦ ਕਰਕੇ ਆਪਣੇ ਖੇਤਾਂ ਵਿਚ ਪਾ ਸਕਣ। ਪੰਜਾਬ ਵਿਚ ਥੋੜ੍ਹੇ ਜ਼ਿਮੀਂਦਾਰ ਹਨ ਜਿਨ੍ਹਾਂ ਦੀ ਜ਼ਮੀਨ ਜ਼ਿਆਦਾ ਹੈ ਲੇਕਿਨ ਜ਼ਿਆਦਾਤਰ ਉਹ ਜ਼ਿਮੀਂਦਾਰ ਹਨ ਜਿਨ੍ਹਾਂ ਦੀ ਜ਼ਮੀਨ 5 ਏਕੜ ਤੋਂ ਥੱਲੇ ਹੈ। ਮੇਰੇ ਆਪਣੇ ਹਲਕੇ ਵਿਚ ਬੇਟ ਔਰ ਕੰਡੀ ਏਰੀਆ ਵਿਚ ਜਦੋਂ ਬਾਰਸ਼ਾਂ ਆ ਜਾਂਦੀਆਂ ਹਨ ਤਾਂ ਛੋਟੇ ਛੋਟੇ ਕਿਸਾਨਾਂ ਨੂੰ ਮੁਸੀਬਤ ਆ ਜਾਂਦੀ ਹੈ ਅਤੇ ਉਨ੍ਹਾਂ ਦੀਆਂ ਫਸਲਾਂ ਰੁੜ੍ਹ ਜਾਂਦੀਆਂ ਹਨ। ਸੋਕਾ ਪੈਣ ਤੇ ਉਥੇ ਸਿੰਚਾਈ ਦਾ ਇੰਤਜ਼ਾਮ ਨਹੀਂ ਹੋ ਸਕਦਾ। ਇਸ ਕਰਕੇ ਮਾਨ ਸਾਹਿਬ ਨੇ ਜੋ ਮਤਾ ਪੇਸ਼ ਕੀਤਾ ਹੈ ਕਰਾਪ ਇਨਸ਼ੋਰੈਂਸ ਦਾ ਇਸ ਦੀ ਮੈਂ ਪੁਰਜ਼ੋਰ ਤਾਈਦ ਕਰਦੀ ਹਾਂ ਅਤੇ ਇਹ ਪਾਸ ਹੋਣਾ ਚਾਹੀਦਾ ਹੈ।

ਬਾਕੀ, ਡਿਪਟੀ ਸਪੀਕਰ ਸਾਹਿਬ, ਇਸ ਵੇਲੇ ਐਗਰੀਕਲਚਰ ਮਨਿਸਟਰ ਸਾਹਿਬ ਇਥੇ ਬੈਠੇ ਨਹੀਂ ਹਨ। ਮੈਂ ਤੁਹਾਡੇ ਦੁਆਰਾ ਇਹ ਕਹਿਣਾ ਚਾਹੁੰਦੀ ਹਾਂ ਕਿ ਛੋਟੇ ਕਿਸਾਨਾਂ ਨੂੰ ਸਬਸਿਡੀ ਦਿੱਤੀ ਜਾਏ। ਵੱਡੇ ਕਿਸਾਨਾਂ ਨੂੰ ਭਾਵੇਂ ਇਹ ਸਬਸਿਡੀ ਨਾ ਦਿਓ। ਛੋਟੇ ਕਿਸਾਨ self sufficient ਨਹੀਂ ਹਨ ਉਨ੍ਹਾਂ ਨੂੰ ਸਬਸਿਡੀ ਦਿੱਤੀ ਜਾਏ। ਹਰ ਪੰਚਾਇਤ ਵਾਸਤੇ ਟੈਲੀਵੀਜ਼ਨ ਸੈਟ ਦਿੱਤਾ ਜਾਏ ਤਾਕਿ ਰਾਤ ਨੂੰ ਉਹ ਉਥੇ ਬੈਠਣ ਔਰ ਦੇਸ਼ ਦੀ ਇੰਟੈਗਰਿਟੀ ਦੀਆਂ ਗੱਲਾਂ ਕਰਨ, ਦੇਸ਼ ਨੂੰ ਅੱਗੇ ਵਧਾਉਣ ਦੀਆਂ ਗੱਲਾਂ ਕਰਨ। ਪਰ ਬਦਕਿਸਮਤੀ ਦੀ ਗੱਲ ਹੈ ਕਿ ਪੰਜਾਬ ਵਿਚ ਮਹੌਲ ਵਿਗੜਿਆ

Original with;
Punjab Vidhan Sabha
Digitized by;
Panjab Digital Library

ਹੈ, ਉਸ ਤੇ ਆਪਸ ਵਿਚ ਗੱਲਾਂ ਕਰਕੇ ਸੁਖਾਵਾਂ ਮਹੌਲ ਬਣਾਉਣ ਦੀ ਕੋਸਿਸ਼ ਕਰਨ । ਸਰਦਾਰ ਦਿਲਬਾਗ ਸਿੰਘ ਜੀ ਨੇ ਬਹੁਤ ਅੱਛਾ ਕਿਹਾ ਹੈ । ਸਾਡੇ ਪੰਜਾਬ ਦੇ ਕਰਮਚਾਰੀ, ਸਾਡੇ ਆਪਣੇ ਅਫਸਰ, ਤਹਿਸੀਲਦਾਰ, ਪਟਵਾਰੀ ਹਨ ਇਨ੍ਹਾਂ ਨੇ ਪਿੰਡਾਂ ਵਿਚ ਬੜੀ ਧਾਂਧਲੀ ਪਾਈ ਹੋਈ ਹੈ । ਡਿਪਟੀ ਸਪੀਕਰ ਸਾਹਿਬ, ਤੁਸੀਂ ਵੀ ਮੇਰੇ ਹਲਕੇ ਵਿਚੋਂ ਆਏ ਹੋ । ਜੋ ਉਨ੍ਹਾਂ ਨੇ ਧਾਂਧਲੀ ਪਾਈ ਹੋਈ ਹੈ ਉਸ ਬਾਰੇ ਤੁਹਾਨੂੰ ਚੰਗੀ ਤਰ੍ਹਾਂ ਨਾਲ ਪਤਾ ਹੈ । ਇਸ ਨਾਲ ਕਿਸਾਨਾਂ ਨੂੰ ਨੁਕਸਾਨ ਹੁੰਦਾ ਹੈ । ਜੋ ਉਨ੍ਹਾਂ ਨੂੰ ਪੈਸਾ ਨਹੀਂ ਦੇ ਸਕਦਾ ਉਨ੍ਹਾਂ ਦੀਆਂ ਉਜੜੀਆਂ ਫਸਲਾਂ ਬਾਰੇ ਰਿਕਾਰਡ ਵਿਚ ਜ਼ਿਕਰ ਨਹੀਂ ਆਉਂਦਾ ਜਿਸ ਕਰਕੇ ਉਨ੍ਹਾਂ ਨੂੰ ਕੋਈ ਮੁਆਵਜ਼ਾ ਨਹੀਂ ਮਿਲਦਾ । ਮੈਂ ਆਪਣੇ ਹਲਕੇ ਦੇ ਕਿਸਾਨਾਂ ਨੂੰ ਆਪਣਾ ਇੱਕ ਪ੍ਰੀਵਾਰ ਸਮਝਦੀ ਹਾਂ ਅਤੇ ਉਨ੍ਹਾਂ ਦੇ ਦੁੱਖ ਸੁਖ ਨੂੰ ਮੈਂ ਆਪਣਾ ਦੁਖ ਸੁਖ ਸਮਝਦੀ ਹਾਂ । ਜਿਹੜਾ ਕਿਸਾਨ ਫਸਲ ਬੀਜਦਾ ਹੈ ਉਹ ਇਕੱਲਾ ਫਸਲ ਨਹੀਂ ਖਾਂਦਾ ਬਲਕਿ ਉਹ ਆਪਣੀ ਮਿਹਨਤ ਕਰਕੇ ਖੂਨ ਪਸੀਨਾ ਇੱਕ ਕਰਕੇ ਜੋ ਫਸਲ ਉਗਾਉਂਦਾ ਹੈ ਉਸ ਨਾਲ ਸਾਡੇ ਸਾਰਿਆਂ ਦਾ ਸਰੀਰ ਪਾਲਦਾ ਹੈ । ਕਿਸਾਨਾਂ ਦੀ ਭਲਾਈ ਵਾਸਤੇ ਸੋਚਣਾ ਚਾਹੀਦਾ ਹੈ। ਜੇਕਰ ਕਿਸਾਨ ਦੀ ਹਾਲਤ ਠੀਕ ਹੋਏਗੀ ਤਾਂ ਹੀ ਉਸ ਦੇ ਬੱਚੇ ਚੰਗੇ ਉਠ ਸਕਣਗੇ, ਅੱਛੀ ਸ਼ਿਕਸ਼ਾ ਪਾ ਸਕਣਗੇ ਅਤੇ ਬੜੇ ਹੋਕੇ ਉਹ ਸਾਡੇ ਦੇਸ਼ ਦੀ ਰਖਸ਼ਾ ਕਰ ਸਕਣਗੇ । ਉਹ ਚੰਗੇ ਚੰਗੇ ਡਾਕਟਰ engineer, professor, scientist ਬਣ ਸਕਣਗੇ । ਜੇਕਰ ਛੋਟੇ ਕਿਸਾਨ ਨੂੰ ਭਰ ਪੇਟ ਖਾਣਾ ਮਿਲੇਗਾ ਤਾਂ ਜਿਹੜਾ ਇਸ ਵੇਲੇ ਨੌਜਵਾਨ ਯੁਵਕ ਦੂਸਰੇ ਦੇਸ਼ ਦੇ ਹੱਥਾਂ ਵਿਚ ਖੇਲ੍ਹ ਰਿਹਾ ਹੈ, ਵਿਕ ਰਿਹਾ ਹੈ, ਉਹ ਨਹੀਂ ਵਿਕੇਗਾ । ਉਨ੍ਹਾਂ ਨੂੰ ਪਤਾ ਹੋਵੇਗਾ ਕਿ ਸਾਡੀ ਸਰਕਾਰ, ਸੈਂਟਰਲ ਸਰਕਾਰ ਉਨ੍ਹਾਂ ਵਾਸਤੇ ਕੀ ਸੋਚ ਰਹੀ ਹੈ ਤਾਂਕਿ ਉਹ ਤਨ ਮਨ ਔਰ ਦਿਲ ਨਾਲ ਦੇਸ਼ ਦੀ ਸੇਵਾ ਕਰ ਸਕਣ, ਦੇਸ਼ ਦੀ ਇੰਟੈਗਰਿਟੀ ਵਾਸਤੇ ਕੰਮ ਕਰ ਸਕਣ ਔਰ ਭੁਖੇ ਨੰਗਿਆਂ ਨੂੰ ਰੋਟੀ ਦੇਣ ਵਾਸਤੇ ਕੰਮ ਕਰ ਸਕਣ । ਪੰਜਾਬ ਦਾ ਕਿਸਾਨ ਆਪਣੇ ਗੁਰੂਆਂ ਦੀ ਦੇਣ ਨੂੰ ਨਹੀਂ ਭੁਲ ਸਕਦਾ । ਗੁਰੂ ਨੇ ਇੱਕ ਨਹੀਂ, ਦੋ ਨਹੀਂ, ਤਿੰਨ ਨਹੀਂ ਬਲਕਿ ਚਾਰ ਲਾਲ ਵਾਰੇ ਤਾਕਿ ਪੰਜਾਬ ਦਾ ਨਕਸ਼ਾ ਸੋਹਣਾ ਬਣ ਸਕੇ । ਪਰ ਅਫਸੋਸ ਹੈ ਕਿ ਪੰਜਾਬ ਨੂੰ ਆਪਣੇ ਹੱਥੋਂ ਬਰਬਾਦ ਕੀਤਾ ਜਾ ਰਿਹਾ ਹੈ । ਮੈਂ ਫਿਰ ਕਹਾਂਗੀ ਕਿ ਪੰਜਾਬ ਦੀ ਸਾਰੀ ਸਮੱਸਿਆ ਛੋਟੇ ਕਿਸਾਨ ਨਾਲ ਜੁੜੀ ਹੋਈ ਹੈ । ਜਿੰਨੀਆਂ ਛੋਟੇ ਕਿਸਾਨਾਂ ਨੂੰ ਰਿਆਇਤਾਂ ਦਿਉਗੇ ਇਨ੍ਹਾਂ ਦਾ ਮਾਰਲ ਹਾਈ ਕਰੋਗੇ, ਉਨਾਂ ਸਾਡਾ ਦੇਸ਼, ਸਾਡਾ ਪੰਜਾਬ, ਸਮੁੱਚੇ ਹਿੰਦੁਸਤਾਨ ਦੀ ਇੰਟੈਗਰਿਟੀ ਸੇਫ ਰਹਿ ਸਕਦੀ ਹੈ । (ਥੰਪਿੰਗ) ਜੈ ਹਿੰਦ।

ਸ਼੍ਰੀ ਰਾਮ ਕਿਸ਼ਨ ਕਟਾਰੀਆ (ਬਲਾਚੌਰ) : ਡਿਪਟੀ ਸਪੀਕਰ ਸਾਹਿਬ, ਪੰਜਾਬ ਖੇਤੀ ਪ੍ਰਧਾਨ ਸੂਬਾ ਹੈ (ਵਿਘਨ) ਇਸ ਗੱਲ ਦਾ ਸਾਨੂੰ ਮਾਣ ਪ੍ਰਾਪਤ ਹੈ ਕਿ ਪੰਜਾਬ ਨੇ, ਇਥੋਂ ਦੇ ਕਿਸਾਨ ਨੇ ਆਪਣੀ ਮਿਹਨਤ ਨਾਲ ਸਮੁੱਚੇ ਦੇਸ਼ ਨੂੰ ਖਾਣਾ ਖਿਲਾਇਆ ਹੈ, ਸਾਰੇ ਦੇਸ਼ ਨੂੰ ਰੋਟੀ ਦਿੱਤੀ ਹੈ । ਦੇਸ਼ ਦੇ ਅਨਾਜ ਭੰਡਾਰ ਵਿਚ 65 ਫੀਸਦੀ ਤਕ ਪੰਜਾਬ ਨੇ ਆਪਣਾ ਹਿੱਸਾ ਪਾਇਆ ਹੈ। ਇਸ ਗੱਲ ਦਾ ਸਾਨੂੰ ਮਾਣ ਪ੍ਰਾਪਤ ਹੈ। ਇਥੇ ਗਰੀਨ ਰੈਵੋਲਿਊਸ਼ਨ ਅਤੇ ਵ੍ਹਾਈਟ ਰੈਵੋਲਿਊਸ਼ਨ ਆਇਆ ਹੈ। ਪੰਜਾਬ ਵਿਚ ਖੇਤੀਬਾੜੀ ਪੱਧਰ ਤੇ ਬਹੁਤ ਤਰੱਕੀ ਹੋਈ ਹੈ ਔਰ ਇਥੋਂ ਤੱਕ ਸੋਚ ਰਹੇ ਹਾਂ ਕਿ ਕਰਾਪਸ ਦੀ ਡਾਈਵਰਸੀਫੀਕੇਸ਼ਨ ਹੋਣੀ ਜ਼ਰੂਰੀ ਹੈ। ਪੰਜਾਬ ਦੀ ਖੇਤੀ ਬਾੜੀ ਦੀ ਤਰੱਕੀ ਸੈਚੂਰੇਸ਼ਨ ਸਟੇਜ ਤਕ ਪਹੁੰਚ ਗਈ ਹੈ ਲੇਕਿਨ ਅੱਜ ਜੋ ਮਤਾ ਪੇਸ਼ ਕੀਤਾ ਹੈ ਉਸ ਵਿਚ ਨੈਚੂਰਲ ਕਲੈਮਿਟੀਜ਼ ਦੀ ਗੱਲ ਕੀਤੀ ਹੈ। ਪੰਜਾਬ ਦੀ ਖੇਤੀ ਬਾਰੇ ਬੜੇ ਫਖਰ ਨਾਲ ਕਹਿ ਸਕਦੇ ਹਾਂ ਲੇਕਿਨ ਕੁਝ ਏਰੀਆ ਨੈਚੂਰਲ ਕਲੈ-ਮਿਟੀਜ਼ ਨਾਲ ਅਫੈਕਟਿਡ ਨਹੀਂ ਹੈ ਬਲਕਿ ਕਾਂਗਰਸ ਕਲੈਮਿਟੀਜ਼ ਨਾਲ ਅਫੈਕਟਿਡ ਹੈ। ਕੰਡੀ ਏਰੀਆ ਜਿਸ ਨੂੰ ਮੈਂ ਰਿਪਰਜ਼ੈਂਟ ਕਰਦਾ ਹਾਂ ਬਲਾਚੌਰ ਦਾ ਏਰੀਆ ਹੈ। ਮੈਂ ਕਹਿ ਸਕਦਾ ਹਾਂ ਕਿ

Original with;
Punjab Vidhan Sabha
Digitized by;
Panjab Digital Library

[ਸ੍ਰੀ ਰਾਮ ਕਿਸ਼ਨ ਕਟਾਰੀਆ]

ਪੰਜਾਬ ਖੇਤੀਬਾੜੀ ਦੇ ਸਿਲਸਿਲੇ ਵਿਚ ਤਰੱਕੀ ਤੇ ਹੈ । ਇਥੇਂ ਦੀਆਂ ਕਰਾਪਸ ਵਗੈਰਾ ਦਾ ਉੱਚੀ ਕੁਆਲਿਟੀ ਤੇ ਪੱਧਰ ਆ ਰਿਹਾ ਹੈ। ਪਰ ਇਸ ਵਿਚ ਜੋ ਏਰੀਆ ਲਗਾਤਾਰ ਨਗਲੈਕਟਿਡ ਰਿਹਾ ਹੈ, ਕੰਡੀ ਦਾ ਏਰੀਆ ਹੈ, ਇਹ ਜੋ ਮੇਰੇ ਸਾਹਮਣੇ ਬੈਠੀ ਪਾਰਟੀ ਦੀ ਹਕੂਮਤ ਪਹਿਲਾਂ ਰਹੀ ਹੈ ਔਰ ਬੜੀ ਦੇਰ ਤਕ ਰਹੀ ਹੈ ਇਨ੍ਹਾਂ ਦੀ ਮਿਹਰਬਾਨੀ ਕਰਕੇ ਉਹ ਏਰੀਆ ਨਜ਼ਰਅੰਦਾਜ਼ ਕੀਤਾ ਜਾਂਦਾ ਰਿਹਾ ਹੈ । ਇਸ ਦਾ ਕਰੈਡਿਟ ਇਨ੍ਹਾਂ ਦੋਸਤਾਂ ਨੂੰ ਜਾਂਦਾ ਹੈ । ਉਸ ਇਲਾਕੇ ਬਾਰੇ ਸੋਚਣਾ ਚਾਹੀਦਾ ਹੈ। ਇਥੇ ਕਿਹਾ ਗਿਆ ਹੈ ਕਿ ਕੀੜੇ ਮਾਰ ਦਵਾਈ ਆਦਿ ਦਾ ਜਹਾਜ਼ਾਂ ਰਾਹੀਂ ਛਿੜਕਾਅ ਕੀਤਾ ਜਾਂਦਾ ਹੈ। ਮੈਂ ਕਹਿੰਦਾ ਹਾਂ ਕਿ ਉਸ ਇਲਾਕੇ ਵਿਚ ਇਹ ਰਿਆਇਤਾਂ ਕਦੋਂ ਤਕ ਪਹੁੰਚ ਜਾਣਗੀਆਂ ? ਉਨ੍ਹਾਂ ਦੀਆਂ ਤਕਲੀਫਾਂ ਕਦੋਂ ਤਕ ਦੂਰ ਕੀਤੀਆਂ ਜਾਣਗੀਆਂ ? ਮੈਂ 1977—80 ਤਕ ਵਿਧਾਨ ਸਭਾ ਵਿਚ ਆਇਆ ਸੀ। ਮੈਂ ਉਦੋਂ ਦੇ ਮੁੱਖ ਮੰਤਰੀ ਜੀ ਨੂੰ ਕਾਇਲ ਕੀਤਾ ਸੀ ਕਿ ਉਹ ਮੇਰੇ ਇਲਾਕੇ ਵਿਚ ਜਾਕੇ ਦੇਖਣ ਪਰ ਇਨ੍ਹਾਂ ਦੇ ਮੁੱਖ ਮੰਤਰੀ ਸਾਡੇ ਇਲਾਕੇ ਵਿਚ ਨਹੀਂ ਗਏ । 22 ਅਕਤੂਬਰ, 1978 ਨੂੰ ਸਵੇਰ ਦੇ 7 ਵਜੇ ਤੋਂ ਸ਼ਾਮ ਦੇ 7 ਵਜੇ ਤੱਕ ਉਸ ਵੇਲੇ ਦੇ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਮੇਰਾ ਕੰਡੀ ਦਾ ਇਲਾਕਾ ਵਿਜ਼ਿਟ ਕੀਤਾ । ਉਨ੍ਹਾਂ ਨੇ ਮਹਿਸੂਸ ਕੀਤਾ ਅਤੇ ਕਹਿਣ ਲਗੇ ਕਿ ਮੈਂ ਇਹ ਸੋਚ ਵੀ ਨਹੀਂ ਸੀ ਸਕਦਾ ਕਿ ਪੰਜਾਬ ਦਾ ਕੋਈ ਹਿੱਸਾ ਐਨਾ ਭੈੜਾ ਹੋ ਸਕਦਾ ਹੈ। ਬੜੇ ਅਫਸੋਸ ਦੀ ਗੱਲ ਹੈ ਕਿ ਉਥੋਂ ਜਦ ਕਾਂਗਰਸ ਦੇ ਰੀਪਰੀਜ਼ੈਂਟੇਟਿਵਜ਼ ਆਉਂਦੇ ਰਹੇ ਤਾਂ ਇਨ੍ਹਾਂ ਨੇ ਉਸ ਇਲਾਕੇ ਵਾਸਤੇ ਕੁਝ ਨਹੀਂ ਕੀਤਾ। ਬਾਦਲ ਸਾਹਿਬ ਨੇ ਉਥੇ ਭਾਸ਼ਣ ਦਿੰਦੇ ਹੋਏ ਕਿਹਾ ਸੀ ਕਿ ਅਸੀਂ ਵਿਚਾਰ ਕਰਕੇ ਢਾਈ ਸਾਲ ਦੇ ਅੰਦਰ ਉਥੇ ਲਿਫਟ ਇਰੀਗੇਸ਼ਨ ਦੀ ਸਕੀਮ ਲਿਆਵਾਂਗੇ। ਉਨ੍ਹਾਂ ਨੇ ਇਹ ਵੀ ਕਿਹਾ ਕਿ ਅਸੀਂ ਆਪਣੇ ਇੰਜੀਨੀਅਰ ਵੀ ਬਾਹਰ ਟਰੇਨਿੰਗ ਲੈਣ ਲਈ ਭੇਜਾਂਗੇ ਅਤੇ ਉਹ ਟਰੇਨਿੰਗ ਲੈਣ ਤੋਂ ਬਾਅਦ ਇਥੇ ਕੰਮ ਕਰਨਗੇ । ਸੋ ਉਨ੍ਹਾਂ ਨੇ ਉਥੇ ਲਿਫਟ ਇਰੀਗੇਸ਼ਨ ਦੀ ਸਕੀਮ ਲਾਗੂ ਕਰਨ ਲਈ ਮੰਨ ਲਿਆ ਸੀ। ਉਹ ਸਕੀਮ ਤਿਆਰ ਹੋਈ, ਐਸਟੀਮੇਟ ਬਣਿਆ ਪਰ ਬਦਕਿਸਮਤੀ ਦੀ ਗੱਲ ਹੈ ਕਿ ਫਿਰ ਇਹ (ਅਪੋਜ਼ੀਸ਼ਨ ਵੱਲ ਇਸ਼ਾਰਾ) ਆ ਗਏ ਅਤੇ ਇਨ੍ਹਾਂ ਨੇ ਉਹ ਲਿਫਟ ਇਰੀਗੇਸ਼ਨ ਦੀ ਸਕੀਮ ਨੂੰ ਖੁੱਡੇ ਲਾਈਨ ਲਾ ਦਿੱਤਾ । ਇਹ ਕਹਿ ਦਿੱਤਾ ਕਿ ਇਹ ਸਕੀਮ ਇਕਨਾਮੀਕਲ ਨਹੀਂ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਕਦੋਂ ਇਕਨਾਮੀਕਲ ਹੋ ਸਕਦੀ ਹੈ ? ਅਸੀਂ 35—40 ਸਾਲਾਂ ਤੋਂ ਉਡੀਕਦੇ ਆ ਰਹੇ ਹਾਂ ਪਰ ਸਾਡੇ ਪਾਸੇ ਕੋਈ ਧਿਆਨ ਨਹੀਂ ਕੀਤਾ ਜਾਂਦਾ । ਮੈਂ ਬੇਨਤੀ ਕਰਾਂਗਾ ਕਿ ਜਿਥੇ ਨੈਚੁਰਲ ਕਲੈਮਿਟੀ ਨਾਲ ਨੁਕਸਾਨ ਹੁੰਦਾ ਹੈ ਉਥੇ ਅੰਸ਼ੋਰੈਂਸ ਦੇ ਰਹੇ ਹਨ ਕਿ ਰਾਹਤ ਦਿਆਂਗੇ ਲੇਕਿਨ ਜਿਥੇ ਕਾਂਗਰਸ ਕਲੈਮਿਟੀ ਹੋਈ ਹੈ, ਉਥੇ ਵੀ ਕੁਝ ਕਰਨਾ ਚਾਹੀਦਾ ਹੈ । ਇਨ੍ਹਾਂ ਨੇ (ਆਪੋਜ਼ੀਸ਼ਨ ਵੱਲ ਇਸ਼ਾਰਾ) ਕੋਈ ਆਸ ਨਹੀਂ ਬੰਧਾਈ ਤਾਕਿ ਅਸੀਂ ਤਰੱਕੀ ਨਾ ਕਰ ਸਕੀਏ ।

**ਸ੍ਰੀ ਅਸ਼ਵਨੀ ਸੇਖੜੀ** : ** ** **

**ਸ੍ਰੀ ਡਿਪਟੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

**ਸ੍ਰੀ ਰਾਮ ਕਿਸ਼ਨ ਕਟਾਰੀਆ** : ਮੈਂ ਸਾਰੀ ਗਲ ਮਤੇ ਦੇ ਬਾਰੇ ਕਹਿ ਰਿਹਾ ਹਾਂ । ਇਹ ਮਤਾ ਅਸੀਂ ਪਾਸ ਕਰ ਰਹੇ ਹਾਂ ਪਰ ਮੈਂ ਆਪਣੇ ਹਲਕੇ ਦੀਆਂ ਗੱਲਾਂ ਤਾਂ ਕਰਨੀਆਂ ਹੀ ਹਨ। ਮੈਂ ਦੱਸ ਰਿਹਾ ਸੀ ਕਿ ਲੋਕਾਂ ਦੀ ਇਨ੍ਹਾਂ ਨੇ (ਆਪੋਜ਼ੀਸ਼ਨ ਵਲ ਇਸ਼ਾਰਾ) ਕੋਈ ਉਮੀਦ ਨਹੀਂ ਛੱਡੀ। ਉਥੇ ਰੀਸਰਚ ਸੈਂਟਰ ਇਨ੍ਹਾਂ ਨੇ ਖੋਲ੍ਹਿਆ ਹੋਇਆ ਹੈ। ਇਹ ਲੋਕਾਂ ਨੂੰ ਕਹਿੰਦੇ ਹਨ ਕਿ ਅਸੀਂ ਤੁਹਾਨੂੰ ਸਿਖਾਵਾਂਗੇ ਕਿ ਧਰਤੀ ਵਿਚ ਤੁਸੀਂ ਕੀ ਬੀਜ ਬੀਜਣਾ ਹੈ, ਹਾਲਾਂਕਿ ਸਾਡੇ ਬਾਪ ਦਾਦਾ ਅਤੇ ਸਾਡੇ

** Expunged as ordered by the Chair.

Original with;
Punjab Vidhan Sabha
Digitized by;
Panjab Digital Library

ਜੱਦੀ ਪੁਸ਼ਤੀ ਇਹ ਕੰਮ ਕਰਦੇ ਆ ਰਹੇ ਹਨ । ਅਸੀਂ ਉਨ੍ਹਾਂ ਨੂੰ ਦੱਸਾਂਗੇ ਕਿ ਇਸ ਧਰਤੀ ਵਿਚ ਕਿਹੜੀ ਫਸਲ ਬੀਜ ਸਕਦੇ ਹਾਂ । ਇਨ੍ਹਾਂ ਵਲੋਂ ਸਾਨੂੰ ਕੋਈ ਆਸ ਨਹੀਂ ਮਿਲੀ। ਸਾਨੂੰ ਕਿਹਾ ਜਾਂਦਾ ਹੈ ਕਿ ਅਸੀਂ ਤੁਹਾਨੂੰ ਬਿਆਸ ਦਾ ਪਾਣੀ ਦਿਆਂਗੇ ਜਦ ਦਰਿਆ ਸਤਲੁਜ ਸਾਡੇ ਨਾਲ ਲਗਦਾ ਹੈ ਅਤੇ ਜਿਸ ਦਾ ਪਾਣੀ ਰਾਜਸਥਾਨ ਅਤੇ ਹਰਿਆਣਾ ਆਦਿ ਨੂੰ ਦੇਣਾ ਹੈ, ਅਸੀਂ ਬਿਆਸ ਦਾ ਪਾਣੀ ਨਹੀਂ ਲੈਣਾ । ਸਾਨੂੰ ਦਰਿਆ ਸੁਤਲੁਜ ਦਾ ਪਾਣੀ ਦਿਤਾ ਜਾਵੇ । ਉਥੇ ਲਿਫਟ ਇਰੀਗੇਸ਼ਨ ਸਕੀਮ ਨਾਲ ਪਾਣੀ ਦਿੱਤਾ ਜਾ ਸਕਦਾ ਹੈ। ਉਸ ਇਲਾਕੇ ਵੱਲ ਖਾਸ ਧਿਆਨ ਦਿੱਤਾ ਜਾਵੇ । ਜੇ ਸਾਡੇ ਕੰਡੀ ਦੇ ਇਲਾਕੇ ਵਲ ਕੋਈ ਧਿਆਨ ਨਹੀਂ ਦੇਣਾ ਤਾਂ ਫਿਰ ਸਾਨੂੰ ਇਸ ਮਤੇ ਦੀ ਪ੍ਰੋੜ੍ਹਤਾ ਕਰਨ ਦੀ ਲੋੜ ਨਹੀਂ ਹੈ । ਸਾਡਾ ਕੰਡੀ ਦਾ ਇਲਾਕਾ ਸੁੱਕਾ ਪਿਆ ਹੈ ਅਤੇ ਜਦੋਂ ਤੱਕ ਇਹ ਕੋਈ ਉਥੇ ਵਾਸਤੇ ਇੰਤਜ਼ਾਮ ਨਹੀਂ ਕਰਦੇ ਉਨ੍ਹਾਂ ਨੂੰ ਉਦੋਂ ਤੱਕ ਅਲਾਊਂਸ ਦੇਣਾ ਚਾਹੀਦਾ ਹੈ ਅਤੇ ਉਨ੍ਹਾਂ ਦੀ ਜੀਵਕਾ ਦਾ ਪ੍ਰਬੰਧ ਕੀਤਾ ਜਾਵੇ ।

**Mr. Deputy Speaker :** Question is—

This House recommends to the State Government to take steps for the enforcement of a Crops Insurance Scheme so as to provide full compensation to the farmers at the time of damages caused by natural calamities or due to other factors.

*The motion was carried.*

(Thumping)

**Mr. Deputy Speaker :** Shri Hans Raj Arya to move the next Resolution.

---

## RESOLUTION RE. TAKING OF EFFECTIVE STEPS TO IMPLEMENT THE PROGRAMME OF ADULT EDUCATION

**Shri Hans Raj Arya (Balluana, S.C.) :** Sir, I beg to move—

This House recommends to the Government to take effective steps so that the programme of Adult Education is fully and effectively implemented.

ਐਡਲਟ ਐਜੂਕੇਸ਼ਨ ਦੇ ਰਾਹੀਂ ਮੈਂ ਹਾਊਸ ਨੂੰ ਬੇਨਤੀ ਕਰਾਂਗਾ ਕਿ ਪੰਜਾਬ ਸਰਕਾਰ ਨੇ ਭਾਰਤ ਸਰਕਾਰ ਦੀ ਸਕੀਮ ਦੇ ਤਹਿਤ ਇਹ ਐਡਲਟ ਐਜੂਕੇਸ਼ਨ ਸਕੀਮ ਚਲਾਈ ਹੈ ਔਰ ਇਸ ਸਕੀਮ ਨੂੰ ਪੰਜਾਬ ਐਜੂਕੇਸ਼ਨ ਦਾ ਮਹਿਕਮਾ ਚਲਾ ਰਿਹਾ ਹੈ। ਉਸ ਨੇ ਹਰ ਜ਼ਿਲ੍ਹੇ ਵਿਚ ਇਕ ਐਡਲਟ ਐਜੂਕੇਸ਼ਨ ਪ੍ਰਾਜੈਕਟ ਅਫਸਰ ਰੱਖਿਆ ਹੋਇਆ ਹੈ। ਹਰ ਜ਼ਿਲ੍ਹਾ ਬਲਾਕਾਂ ਵਿਚ ਵੰਡਿਆ ਗਿਆ ਹੈ ਅਤੇ ਹਰ ਬਲਾਕ ਵਿਚ ਇਕ ਐਡਲਟ ਐਜੂਕੇਸ਼ਨ ਸੁਪਰਵਾਈਜ਼ਰ ਰੱਖਿਆ ਹੋਇਆ ਹੈ। ਇਹ ਸੁਪਰਵਾਈਜ਼ਰ ਸਾਰੇ ਸੈਂਟਰਾਂ ਤੇ ਇਸ ਸਕੀਮ ਨੂੰ ਸੁਪਰਵਾਈਜ਼ ਕਰਦਾ ਹੈ । ਉਥੇ 1-2 ਟੀਚਰ ਰੱਖੇ ਹੋਏ ਹਨ ਜਿਨ੍ਹਾਂ ਨੂੰ ਇਹ 75 ਰੁਪਏ ਮਹੀਨਾ ਦਿੰਦੇ ਹਨ ।

**ਸ੍ਰੀ ਬ੍ਰਿਜ ਭੂਸ਼ਨ ਮਹਿਰਾ :** ਡਿਪਟੀ ਸਪੀਕਰ ਸਾਹਿਬ, ਇਹ ਰੇਜ਼ੋਲਿਊਸ਼ਨ ਐਜੂਕੇਸ਼ਨ ਨਾਲ ਤੁਅਲਕ ਰਖਦਾ ਹੈ ਇਸ ਲਈ ਜ਼ਰੂਰੀ ਹੈ ਕਿ ਐਜੂਕੇਸ਼ਨ ਮਨਿਸਟਰ ਸਾਹਿਬ ਇਥੇ ਹਾਊਸ ਵਿਚ ਹੋਣ।

**ਆਵਾਜ਼ਾਂ :** ਉਹ ਹਾਊਸ ਵਿਚ ਹਨ ।

Original with;
Punjab Vidhan Sabha
Digitized by;
Panjab Digital Library

**ਸ੍ਰੀ ਹੰਸ ਰਾਜ ਆਰੀਆ** : ਉਨ੍ਹਾਂ ਨੂੰ 75 ਰੁਪਏ ਮਹੀਨਾ ਤਨਖਾਹ ਦਿੰਦੇ ਹਨ। ਮੈਂ ਸਮਝਦਾ ਹਾਂ ਕਿ ਇਸ ਸਮੇਂ ਵਿਚ 75 ਰੁਪਏ ਮਹੀਨਾ ਕੋਈ ਤਨਖਾਹ ਨਹੀਂ ਹੈ। ਇਸ ਨੂੰ ਵਧਾਉਣਾ ਚਾਹੀਦਾ ਹੈ ਅਤੇ ਉਨ੍ਹਾਂ ਉਤੇ ਹੋਰ ਜ਼ਿਮੇਂਵਾਰੀ ਪਾਉਣੀ ਚਾਹੀਦੀ ਹੈ। ਉਨ੍ਹਾਂ ਦੇ ਇਮਤਿਹਾਨ ਲਏ ਜਾਣ, ਉਨ੍ਹਾਂ ਦੇ ਟੈਸਟ ਲਏ ਜਾਣ। ਉਨ੍ਹਾਂ ਦੇ ਕੰਮ ਦਾ ਪਤਾ ਲੈਣਾ ਚਾਹੀਦਾ ਹੈ ਕਿ ਕੀ ਉਹ ਠੀਕ ਕੰਮ ਕਰ ਰਹੇ ਹਨ ਜਾਂ ਨਹੀਂ। ਉਨ੍ਹਾਂ ਦੇ ਇਮਤਿਹਾਨ ਰੱਖੇ ਜਾਣ ਤਾਕਿ ਉਨ੍ਹਾਂ ਦੀਆਂ ਐਫਰਟਸ ਦਾ ਪਤਾ ਚਲ ਸਕੇ। ਡਿਪਟੀ ਸਪੀਕਰ ਸਾਹਿਬ, ਇਹ ਸਕੀਮ ਸਾਰੀਆਂ ਸਟੇਟਾਂ ਵਿਚ ਲਾਗੂ ਹੈ। ਪੰਜਾਬ ਵਿਚ ਵੀ ਇਹ ਸਕੀਮ ਲਾਗੂ ਹੈ। ਪੰਜਾਬ ਵਿਚ ਇਹ ਸਕੀਮ ਕਈ ਭਾਗਾਂ ਵਿਚ ਵੰਡੀ ਹੋਈ ਹੈ। ਹਰ ਭਾਗ ਵਿਚ ਉਨ੍ਹਾਂ ਦੀ ਆਪਸ ਵਿਚ ਕੋਆਰਡੀਨੇਸ਼ਨ ਨਹੀਂ ਹੈ। ਉਨ੍ਹਾਂ ਦੀ ਆਪਸ ਵਿਚ ਮਿਲਵਰਤਣ ਨਹੀਂ ਹੈ ਜਿਸ ਕਰਕੇ ਇਸ ਸਕੀਮ ਦਾ ਲਾਭ ਪਿੰਡਾਂ ਵਿਚ ਲੋਕਾਂ ਨੂੰ ਨਹੀਂ ਹੋ ਰਿਹਾ। ਮੈਂ ਬੇਨਤੀ ਕਰਾਂਗਾ ਕਿ ਸਾਰੇ ਵਿਭਾਗਾਂ ਨੂੰ ਹਦਾਇਤਾਂ ਹੋਣੀਆਂ ਚਾਹੀਦੀਆਂ ਹਨ ਕਿ ਉਹ ਆਪਸ ਵਿਚ ਕੋਆਰਡੀਨੇਸ਼ਨ ਕਰਨ ਤਾਕਿ ਇਹ ਸਕੀਮ ਚੰਗੀ ਤਰ੍ਹਾਂ ਚੱਲ ਸਕੇ ਅਤੇ ਲੋਕਾਂ ਨੂੰ ਫਾਇਦਾ ਹੋ ਸਕੇ। ਪੰਜਾਬ ਵਿਚ ਮੁਢਲੀ ਸਿਖਿਆ ਬੜੀ ਜ਼ਰੂਰੀ ਹੈ। ਪਿੰਡਾਂ ਵਿਚ ਬੜੀ ਤਕਲੀਫ ਲੋਕਾਂ ਨੂੰ ਹੁੰਦੀ ਹੈ। ਕੋ-ਆਪਰੇਟਿਵ ਸੁਸਾਇਟੀਆਂ ਵਾਲਿਆਂ ਦੇ ਝਗੜੇ ਚਲ ਰਹੇ ਹਨ ਅਤੇ ਉਹ ਲੋਕਾਂ ਦੇ ਅੰਗੂਠੇ ਲਗਾਵਾ ਲੈਂਦੇ ਹਨ, ਐਵੇਂ ਦਸਤਖਤ ਕਰਵਾ ਲੈਂਦੇ ਹਨ ਜਿਸ ਕਰਕੇ ਝਗੜੇ ਚਲ ਰਹੇ ਹਨ। ਇਹ ਝਗੜੇ ਬੰਦ ਕਰਨੇ ਚਾਹੀਦੇ ਹਨ। ਜ਼ਿਮੀਦਾਰਾਂ ਨੂੰ ਇਸ ਦਾ ਬਹੁਤ ਨੁਕਸਾਨ ਉਠਾਉਣਾ ਪੈਂਦਾ ਹੈ। ਇਸ ਲਈ ਮੁਢਲੀ ਸਿਖਿਆ ਬਹੁਤ ਜ਼ਰੂਰੀ ਹੈ। ਇਸ ਮੁਢਲੀ ਸਿਖਿਆ ਪ੍ਰਤੀ ਪੰਜਾਬ ਸਰਕਾਰ ਦੀ ਜ਼ਿਮੇ-ਵਾਰੀ ਹੈ। (ਵਿਘਨ) ਮੈਂ ਦੱਸ ਰਿਹਾ ਸੀ ਕਿ ਜਿਹੜੇ ਉਨ੍ਹਾਂ ਸੈਂਟਰਾਂ ਵਿਚ ਟੀਚਰ ਰਖੇ ਹਨ ਉਨ੍ਹਾਂ ਦੇ ਟੈਸਟ ਲਏ ਜਾਣ, ਉਨ੍ਹਾਂ ਦੇ ਇਮਤਿਹਾਨ ਲਏ ਜਾਣ ਅਤੇ ਜਿਹੜੇ ਪਾਸ ਨਾ ਹੋਣ, ਆਪਣੇ ਕੰਮ ਵਿਚ ਪੂਰੇ ਨਾ ਉਤਰਨ, ਉਨ੍ਹਾਂ ਨੂੰ ਹਟਾ ਕੇ ਉਥੇ ਜ਼ਿਮੇਂਵਾਰ ਲੋਕ ਲਾਏ ਜਾਣ।

ਐਡਲਟ ਐਜੂਕੇਸ਼ਨ ਲਈ ਡਿਪਾਰਟਮੈਂਟ ਬਾਲਵਾੜੀ ਸਕੂਲ ਚਲਾ ਰਿਹਾ ਹੈ ਇਸ ਸਕੀਮ ਨੂੰ ਲਾਗੂ ਕਰਨ ਵਾਸਤੇ ਪੂਰਾ ਧਿਆਨ ਦੇਣਾ ਚਾਹੀਦਾ ਹੈ। ਜਿਹੜੀਆਂ ਆਰਗੇਨਾਈਜ਼ੇਸ਼ਨਜ਼ ਇਹ ਬਾਲਵਾੜੀ ਸਕੂਲ ਚਲਾ ਰਹੀਆਂ ਹਨ ਉਨ੍ਹਾਂ ਵੱਲ ਪੂਰਾ ਧਿਆਨ ਦੇਣਾ ਚਾਹੀਦਾ ਹੈ। ਇਸ ਐਡਲਟ ਐਜੂਕੇਸ਼ਨ ਦੇ ਪਰੋਗਰਾਮ ਨੂੰ ਇਕ ਪ੍ਰਾਜੈਕਟ ਬਣਾ ਕੇ ਚਲਾਇਆ ਜਾਵੇ। ਜਦ ਇਹ ਸਕੀਮ ਬਰਨਾਲਾ ਵਿਖੇ ਚਾਲੂ ਕੀਤੀ ਸੀ ਤਾਂ ਉਥੇ ਵੀ ਇਹ ਪੂਰੀ ਤਰ੍ਹਾਂ ਕਾਮਯਾਬ ਨਹੀਂ ਸੀ ਹੋਈ। ਜਿਹੜੀਆਂ ਇਸ ਵਿਚ ਖਾਮੀਆਂ ਹਨ, ਉਹ ਦੂਰ ਕਰਨੀਆਂ ਚਾਹੀਦੀਆਂ ਹਨ ਅਤੇ ਇਸ ਸਕੀਮ ਨੂੰ ਲਾਗੂ ਕਰਨ ਵੱਲ ਪੰਜਾਬ ਸਰਕਾਰ ਨੂੰ ਪੂਰਾ ਧਿਆਨ ਦੇਣਾ ਚਾਹੀਦਾ ਹੈ। ਜਿਹੜੇ ਮਹਿਕਮੇ ਇਸ ਵਿਚ ਕੰਮ ਕਰ ਰਹੇ ਹਨ ਉਨ੍ਹਾਂ ਨੂੰ ਇਹ ਕਹੋ ਕਿ ਇਸ ਸਕੀਮ ਨੂੰ ਚੰਗੀ ਤਰ੍ਹਾਂ ਲਾਗੂ ਕੀਤਾ ਜਾਵੇ ਅਤੇ ਇਸ ਸਕੀਮ ਨੂੰ ਇੰਪਲੀ-ਮੈਂਟ ਕੀਤਾ ਜਾਵੇ।

**Mr. Deputy Speaker :** Motion moved—

This House recommends to the Government to take effective steps so that the programme of Adult Education is fully and effectively implemented.

**ਡਾਕਟਰ ਦਲਬੀਰ ਸਿੰਘ** (ਵੇਰਕਾ, ਐਸ.ਸੀ.) : ਡਿਪਟੀ ਸਪੀਕਰ ਸਾਹਿਬ ਮੈਂ ਸ੍ਰੀ ਹੰਸ ਰਾਜ ਜੀ ਆਰੀਆ ਵਲੋਂ ਮੂਵ ਕੀਤਾ ਜੋ ਰੈਜ਼ੋਲਿਊਸ਼ਨ ਹੈ ਉਸ ਨੂੰ ਸੈਕੰਡ ਕਰਦਾ ਹਾਂ ਅਤੇ ਇਸ ਦੇ ਬਾਰੇ ਵਿੱਚ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਪਰੋਗਰਾਮ ਹੈ ਇਹ ਬਿਲਕੁਲ ਕਾਗਜ਼ਾਂ ਵਿੱਚ ਹੀ ਪਰੋਗਰਾਮ ਹੈ, ਬੜਾ ਇਨਇਫੈਕਟਿਵ ਪਰੋਗਰਾਮ ਹੈ। ਐਕਚੁਅਲੀ ਪਿੰਡਾਂ ਵਿੱਚ ਕੁਝ ਵੀ ਨਹੀਂ ਹੋ ਰਿਹਾ। ਕਿਉਂਕਿ ਜਿਹੜੇ ਟੀਚਰਜ਼ ਇਸ ਕੰਮ ਵਾਸਤੇ ਰਖੇ ਹਨ ਉਨ੍ਹਾਂ ਦੀਆਂ ਤਨਖਾਹਾਂ ਵੀ ਬੜੀਆਂ

Original with;
Punjab Vidhan Sabha
Digitized by;
Panjab Digital Library

ਥੋੜ੍ਹੀਆਂ ਹਨ ਜਿਸ ਕਰਕੇ ਉਹ ਇਫੈਕਟਿਵਲੀ ਕੰਮ ਨਹੀਂ ਕਰਦੇ । ਉਹ ਕੀ ਕਰਦੇ ਹਨ ? ਉਹ ਇਹ ਕਰਦੇ ਹਨ ਕਿ ਬੇਨਾਮੀ ਅਪਾਇੰਟਮੈਂਟਸ਼ਨ ਲਿਖ ਦਿੰਦੇ ਹਨ, ਬੇਨਾਮੀ ਪੀਅਨ ਰਖੇ ਹੋਏ ਹਨ ਅਤੇ ਸਾਰਾ ਕੁਝ ਹੀ ਬੇਨਾਮੀ ਚਲ ਰਿਹਾ ਹੈ ਔਰ ਜਿਹੜੀ ਤਨਖਾਹ ਵਗੈਰਾ ਉਨ੍ਹਾਂ ਦੀ ਮਿਲਦੀ ਹੈ ਉਹ ਅੱਧੀ ਆਪ ਖਾ ਜਾਂਦੇ ਹਨ ਅਤੇ ਅੱਧੀ ਉਨ੍ਹਾਂ ਬੇਨਾਮੀਆਂ ਨੂੰ ਦੇ ਦਿੰਦੇ ਹਨ। ਇਸ ਪਰੋਗਰਾਮ ਦੇ ਵਾਸਤੇ ਕੋਈ ਕਮਰਾ ਨਹੀਂ, ਕੋਈ ਸਟਾਫ ਨਹੀਂ, ਸਾਰਾ ਕੁਝ ਬੇਨਾਮੀ ਹੀ ਚਲ ਰਿਹਾ ਹੈ । ਇਸ ਲਈ ਮੈਂ ਮੰਤਰੀ ਜੀ ਨੂੰ, ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਦਰਖਾਸਤ ਕਰਾਂਗਾ ਕਿ ਇਹ ਜਿਹੜਾ ਬੇ-ਨਾਮੀ ਪਰੋਗਰਾਮ ਚਲ ਰਿਹਾ ਹੈ ਇਸ ਪਰੋਗਰਾਮ ਨੂੰ ਸੁਚੱਜੇ ਢੰਗ ਨਾਲ ਚਲਾਉਣ ਵਾਸਤੇ ਇਫੈਕਟਿਵ ਕਦਮ ਚੁਕੇ ਜਾਣ ਤਾਕਿ ਫਰਾਡ ਖ਼ਤਮ ਹੋ ਸਕੇ। ਇਸ ਫਰਾਡ ਨਾਲੋਂ ਤਾਂ ਜੇ ਇਹ ਸਕੀਮ ਨਾ ਹੋਵੇ ਤਾਂ ਜ਼ਿਆਦਾ ਬੇਟਰ ਹੈ। ਇਹ ਇਨਇਫੈਕਟਿਵ ਸਕੀਮ ਠੋਸ ਕੇ ਹੇਰਾ ਫੇਰੀ ਵਾਸਤੇ ਲੋਕਾਂ ਨੂੰ ਇਕ ਗਲਤ ਰਸਤਾ ਦੱਸਿਆ ਗਿਆ ਹੈ । ਮੈਂ, ਇਸ ਕਰਕੇ ਚਾਹੁੰਦਾ ਹਾਂ ਕਿ ਇਸ ਦੇ ਲਈ ਕੋਈ ਸਟਰੌਂਗ ਸਟੈਪਸ ਲਏ ਜਾਣ ਤਾਕਿ ਇਸ ਸਕੀਮ ਦਾ ਜੋ ਅਸਲ ਮਕਸਦ ਹੈ ਉਹ ਅਸਲ ਮਕਸਦ ਪੂਰਾ ਹੋ ਸਕੇ । ਜਿਹੜੇ ਸੁਪਰਵਾਈਜ਼ਰਜ਼ ਹਨ ਜਾਂ ਜਿਹੜੇ ਟੀਚਰਜ਼ ਹਨ ਇਸ ਸਕੀਮ ਵਿੱਚ ਡੈਪੂਟੇਸ਼ਨ ਤੇ ਮਹਿਕਮੇ ਨਾਲ ਅਟੈਚ ਕੀਤੇ ਗਏ ਹਨ ਔਰ ਉਹ ਜ਼ਿੰਮੇਵਾਰੀ ਨਾਲ ਕੰਮ ਨਹੀਂ ਕਰ ਰਹੇ। ਮੈਂ ਸਜੈਸਟ ਕਰਾਂਗਾ ਕਿ ਜੇਕਰ ਅਡੱਲਟ ਐਜੂਕੇਸ਼ਨ ਨੂੰ ਇਫੈਕਟਿਵ ਬਣਾਉਣਾ ਹੈ ਤਾਂ ਉਥੋਂ ਦੇ ਕੰਸਰਨਡ ਇਲਾਕੇ ਦੇ ਹਾਈ ਸਕੂਲ ਹਨ ਉਥੋਂ ਦਾ ਕੋਈ ਟੀਚਰ ਡਿਪਿਊਟ ਕਰਕੇ ਜਾਂ ਤਾਂ ਉਸੇ ਸਕੂਲ ਵਿਚ ਇਨ੍ਹਾਂ students ਦੀ ਕਲਾਸ ਲਾਵੇ ਜਾਂ ਕੋਈ ਵੱਖਰੇ ਤੌਰ ਤੇ ਟਾਈਮ ਫਿਕਸ ਕਰਕੇ ਉਸੇ ਪਿੰਡ ਵਿੱਚ ਜਾਂ ਆਲੇ ਦੁਆਲੇ ਦੇ 2—4 ਪਿੰਡਾਂ ਦੇ ਲੋਕ ਇਕੱਠੇ ਕਰਕੇ ਉਨ੍ਹਾਂ ਨੂੰ ਸਟੱਡੀ ਕਰਾਏ, ਉਨ੍ਹਾਂ ਨੂੰ ਪੜ੍ਹਾਏ ਤਾਂਕਿ ਜਿਹੜਾ ਇਸ ਸਕੀਮ ਦਾ ਅਸਲੀ ਮਕਸਦ ਹੈ ਉਹ ਅਸਲੀ ਮਕਸਦ ਪੂਰਾ ਹੋ ਸਕੇ ਅਤੇ ਇਸ ਸਕੀਮ ਦਾ ਲੋਕਾਂ ਨੂੰ ਕੋਈ ਫਾਇਦਾ ਹੋ ਸਕੇ। ਇਨ੍ਹਾਂ ਸ਼ਬਦਾਂ ਨਾਲ, ਡਿਪਟੀ ਸਪੀਕਰ ਸਾਹਿਬ, ਮੈਂ ਇਸ ਰੈਜ਼ੋਲਿਊਸ਼ਨ ਦੀ ਤਾਈਦ ਕਰਦਾ ਹਾਂ।

ਪ੍ਰੋਫੈਸਰ ਕੁਮਾਰੀ ਸੁਸ਼ੀਲ ਮਹਾਜਨ (ਗੁਰਦਾਸਪੁਰ) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਥਰੂ ਐਜੂਕੇਸ਼ਨ ਮਨਿਸਟਰ ਸਾਹਿਬ ਨੂੰ ਇਕ ਚੀਜ਼ ਕਹਾਂਗੀ ਕਿ ਅਡੱਲਟ ਐਜੂਕੇਸ਼ਨ ਸਿਰਫ ਓ, ਅ ਦਾ ਲੋਕਾਂ ਨੂੰ ਗਿਆਨ ਨਹੀਂ ਦਿੰਦੀ ਬਲਕਿ ਪਿੰਡਾਂ ਵਿੱਚ ਜਿਹੜਾ ਸਾਡਾ ਪਿਛੜਾਪਨ ਹੈ, ਇਹ ਅਡੱਲਟ ਐਜੂਕੇਸ਼ਨ ਪਿੰਡਾਂ ਦਾ ਪਿਛੜਾਪਨ ਵੀ ਦੂਰ ਕਰਦੀ ਹੈ। ਉਹ ਪਿਛੜਾਪਨ ਕਿਸ ਤਰ੍ਹਾਂ ਦੂਰ ਹੋ ਸਕਦਾ ਹੈ ? ਇਕ ਤਾਂ ਇਹ ਬਹੁਤ ਵਡੀ ਸੱਟ ਹੈ। ਜਿਹੜਾ ਟੀਚਰ ਇਸ ਦੇ ਲਈ ਰੱਖਿਆ ਜਾਂਦਾ ਹੈ ਉਸ ਨੂੰ ਸਿਰਫ 75 ਰੁਪਏ ਅਲਾਊਂਸ ਮਿਲਦਾ ਹੈ। ਡਿਪਟੀ ਸਪੀਕਰ ਸਾਹਿਬ, ਤੁਸੀਂ ਆਪ ਹੀ ਅੰਦਾਜ਼ਾ ਲਗਾਓ ਕਿ 75 ਰੁਪਏ ਅਲਾਊਂਸ ਨਾਲ ਅੱਜ ਕੱਲ ਦੇ ਜ਼ਮਾਨੇ ਵਿਚ ਜਦ ਕਿ ਮਹਿੰਗਾਈ ਦਿਨ ਦੁੱਗਣੀ ਤੇ ਰਾਤ ਚੌਗੁਣੀ ਉੱਨਤੀ ਕਰ ਰਹੀ ਹੈ, ਉਨ੍ਹਾਂ ਨੂੰ 75 ਰੁਪਏ ਦੇਣਾ ਉਨ੍ਹਾਂ ਦੀ ਡਿਗਨਿਟੀ ਦੇ ਖਿਲਾਫ ਹੈ, ਟੀਚਰਜ਼ ਦੀ ਡਿਗਨਿਟੀ ਦੇ ਖਿਲਾਫ ਹੈ। ਉਨ੍ਹਾਂ ਨੂੰ 75 ਰੁਪਏ ਦੇਣਾ ਇਹ ਸਭ ਤੋਂ ਵੱਡੀ ਉਨ੍ਹਾਂ ਤੇ ਸੱਟ ਹੈ। ਡਿਪਟੀ ਸਪੀਕਰ ਸਾਹਿਬ, ਪ੍ਰੈਕਟੀਕਲ ਇੰਪਲੀਮੈਂਟੇਸ਼ਨ ਅਡੱਲਟ ਐਜੂ-ਕੇਸ਼ਨ ਦੀ ਤਾਂ ਹੀ ਹੋ ਸਕਦੀ ਹੈ ਜੇ ਆਦਮੀਆਂ ਨੂੰ, ਬੀਬੀਆਂ ਨੂੰ ਪਿੰਡਾਂ ਵਿੱਚ ਉਨ੍ਹਾਂ ਦੀਆਂ ਰੋਜ਼ ਵਰਤੋਂ ਦੀਆਂ ਚੀਜ਼ਾਂ ਵੀ ਸਿਖਾਈਆਂ ਜਾਣ । ਇਕ ਕਿਸਾਨ ਨੂੰ ਸਿਖਿਆ ਦਿੱਤੀ ਜਾਵੇ ਕਿ ਤੁਸੀਂ ਕਿਸ ਤਰ੍ਹਾਂ ਖੇਤਾਂ ਨੂੰ ਮੇਨਟੇਨ ਕਰਨਾ ਹੈ, ਕਿਸ ਤਰ੍ਹਾਂ ਖੇਤਾਂ ਵਿਚ ਬੀਜ ਪਾਉਣਾ ਹੈ, ਕਿਸ ਤਰ੍ਹਾਂ ਖੇਤਾਂ ਨੂੰ ਪਾਣੀ ਦੇਣਾ ਹੈ, ਕਿਸ ਤਰ੍ਹਾਂ ਖਾਦ ਪਾਉਣੀ ਹੈ ਅਤੇ ਕਿਸ ਤਰੀਕੇ ਨਾਲ ਟਰੈਕਟਰ ਜਾਂ ਹੋਰ ਦੂਸਰੀ ਮਸ਼ੀਨਰੀਜ਼ ਹਨ, ਉਨ੍ਹਾਂ ਦੀ ਵਰਤੋਂ ਕਰਨੀ ਹੈ । ਇਸੇ ਤਰ੍ਹਾਂ ਪਿੰਡਾਂ ਵਿੱਚ ਬੀਬੀਆਂ ਨੂੰ ਸਿਖਾਉਣਾ ਚਾਹੀਦਾ ਹੈ ਕਿ ਤੁਸੀਂ ਕਿਸ ਤਰ੍ਹਾਂ ਆਪਣੇ ਬੱਚਿਆਂ ਦਾ ਪਾਲਣ ਪੋਸ਼ਣ ਕਰਨਾ ਹੈ,

Original with;
Punjab Vidhan Sabha
Digitized by;
Panjab Digital Library

[ਪ੍ਰੋਫੈਸਰ ਕੁਮਾਰੀ ਸੁਸ਼ੀਲ ਮਹਾਜਨ]

ਕਿਸ ਤਰੀਕੇ ਨਾਲ ਆਪਣੇ ਬੱਚਿਆਂ ਨੂੰ ਚੰਗੇ ਕੰਮਾਂ ਵਿੱਚ ਲਾ ਕੇ ਉਨ੍ਹਾਂ ਨੂੰ ਸੁਚੱਜੇ ਢੰਗ ਨਾਲ ਪਾਲ ਕੇ ਉਨ੍ਹਾਂ ਨੂੰ ਦੇਸ਼ ਭਗਤ ਬਣਾਉਣਾ ਹੈ। ਕਿਸ ਤਰੀਕੇ ਨਾਲ ਭੋਜਨ ਉਨ੍ਹਾਂ ਨੂੰ ਬੈਲੈਂਸਡ ਦੇਣਾ ਹੈ। ਪਿੰਡਾਂ ਦੇ ਲੋਕਾਂ ਦੀ ਆਮਦਨ ਘੱਟ ਹੁੰਦੀ ਹੈ ਜਿਸ ਕਰਕੇ ਉਹ ਸ਼ਹਿਰਾਂ ਦੇ ਲੋਕਾਂ ਦੇ ਵਾਂਗਰ ਖਾਣ ਪੀਣ ਦੀਆਂ ਚੀਜ਼ਾਂ ਇਸਤੇਮਾਲ ਨਹੀਂ ਕਰ ਸਕਦੇ। ਉਨ੍ਹਾਂ ਨੂੰ ਦੱਸਿਆ ਜਾ ਸਕਦਾ ਹੈ ਕਿ ਜਿਹੜੀਆਂ ਗਾਜਰਾਂ, ਮੂਲੀਆਂ ਹਨ ਉਹ ਸਿਹਤ ਵਾਸਤੇ ਕਿਸ ਤਰ੍ਹਾਂ ਨਾਲ ਫਾਇਦੇਮੰਦ ਹਨ। ਉਨ੍ਹਾਂ ਨੂੰ ਦੱਸਿਆ ਜਾ ਸਕਦਾ ਹੈ ਕਿ ਫੈਟ ਅਤੇ ਪ੍ਰੋਟੀਨ ਦੀ ਰੇਸ਼ੋ ਉਹ ਗਾਜਰਾਂ, ਮੂਲੀਆਂ ਤੋਂ ਹੀ ਲੈ ਸਕਦੇ ਹਨ। ਇਸ ਤਰੀਕੇ ਨਾਲ ਜਿਹੜੀਆਂ ਪਿੰਡਾਂ ਵਿਚ ਗਰਾਮ ਸੇਵਕਾਵਾਂ ਹਨ, ਜਿਹੜੇ ਪਿੰਡਾਂ ਵਿੱਚ ਡਾਕਟਰ ਹਨ, ਜਿਹੜੀਆਂ ਵਾਲੰਟੀਅਰ ਇੰਸਟੀਚਿਊਸ਼ਨਜ਼ ਹਨ, ਜਿਹੜੇ ਲੋਕ ਪਿੰਡਾਂ ਵਿਚ ਕੰਮ ਕਰਦੇ ਹਨ ਉਨ੍ਹਾਂ ਦੇ ਲਈ ਸਰਕਾਰ ਨੂੰ ਪਿੰਡਾਂ ਵਿਚ ਕੋਈ ਟਰੇਨਿੰਗ ਕੈਂਪਸ ਲਾਉਣੇ ਚਾਹੀਦੇ ਹਨ ਤਾਂਕਿ ਉਹ ਪਿੰਡਾਂ ਦੇ ਲੋਕਾਂ ਨੂੰ ਦੱਸ ਸਕਣ। ਇਹ ਨਹੀਂ ਕਿ ਪਿੰਡਾਂ ਦੇ ਲੋਕਾਂ ਨੂੰ ਸ਼ਹਿਰਾਂ ਵਿੱਚ ਟਰੇਨਿੰਗ ਦਿਓ। ਕਿਸੇ ਤਰੀਕੇ ਨਾਲ ਪਬਲਿਕ ਰਿਲੇਸ਼ਨ ਨੂੰ ਐਕਟੀਵੇਟ ਕਰਕੇ ਜਾਂ ਕਿਸੇ ਹੋਰ ਤਰੀਕੇ ਨਾਲ ਆਦਮੀਆਂ ਅਤੇ ਬੀਬੀਆਂ ਨੂੰ ਪਿੰਡਾਂ ਵਿੱਚ ਅਡੱਲਟ ਐਜੂਕੇਸ਼ਨ ਦੇ ਰਾਹੀਂ ਉਨ੍ਹਾਂ ਨੂੰ ੳ, ਅ ਦੇ ਗਿਆਨ ਤੋਂ ਬਿਨਾਂ ਉਨ੍ਹਾਂ ਨੂੰ ਡਿਵੈਲਪ ਕਰਨ ਵਾਸਤੇ ਹਰ ਪਾਸੇ ਦਾ ਗਿਆਨ ਮਿਲ ਸਕੇ।

ਇਸ ਦੇ ਨਾਲ ਹੀ ਮੈਂ ਐਜੂਕੇਸ਼ਨ ਮਨਿਸਟਰ ਸਾਹਿਬ ਨੂੰ ਉਨ੍ਹਾਂ ਦੀ ਆਮਦਨੀ ਵਧਾਉਣ ਵਾਸਤੇ ਵੀ ਕਹਾਂਗੀ ਕਿ ਅਡੱਲਟ ਐਜੂਕੇਸ਼ਨ ਦੇ ਨਾਲ ਨਾਲ ਉਨ੍ਹਾਂ ਨੂੰ ਕੋਈ ਪਾਰਟ ਟਾਈਮ ਕੰਮ ਵੀ ਦਿੱਤਾ ਜਾਵੇ ਜਿਸ ਦੇ ਵਿੱਚ ਕੋਈ ਸਬਸਿਡੀ ਦਿੱਤੀ ਜਾਵੇ ਅਤੇ ਉਨ੍ਹਾਂ ਤੋਂ ਕੰਮ ਕਰਵਾਇਆ ਜਾਵੇ ਅਤੇ ਕੰਮ ਕਰਵਾ ਕੇ ਉਸ ਦੀ ਜੋ ਪ੍ਰੋਡਕਸ਼ਨ ਹੋਵੇ ਉਹ ਸਰਕਾਰ ਆਪ ਖਰੀਦੇ ਅਤੇ ਉਨ੍ਹਾਂ ਨੂੰ ਸ਼ਹਿਰਾਂ ਵਿਚ ਵੇਚੇ। ਟਾਈਮ ਟੂ ਟਾਈਮ ਪਿੰਡਾਂ ਦੀਆਂ ਬੀਬੀਆਂ ਅਤੇ ਆਦਮੀਆਂ ਨੂੰ ਕੰਮ ਤੇ ਲਗਾ ਕੇ ਜੋ ਕੰਮ ਹੋਵੇ ਉਸ ਨੂੰ ਆਪਣੀ ਦੇਖ ਰੇਖ ਵਿੱਚ ਸ਼ਹਿਰਾਂ ਵਿੱਚ ਕੋਈ ਔਰਗ਼ਨਾਈਜ਼ੇਸ਼ਨ ਵਗੈਰਾ ਵੀ ਸਰਕਾਰ ਲਗਾਏ ਅਤੇ ਹਾਈ ਔਫਸ ਦੀ ਇਸ ਦੇ ਵਿੱਚ ਡਿਊਟੀ ਲਗਾਈ ਜਾਵੇ ਅਤੇ ਅਫਸਰਾਂ ਨੂੰ ਬੁਲਾ ਕੇ ਉਨ੍ਹਾਂ ਤੋਂ ਸੁਜੇਸ਼ਨਜ਼ ਲਈਆਂ ਜਾਣ ਅਤੇ ਜੋ ਅੱਛੀਆਂ ਸੁਜੈਸ਼ਨਜ਼ ਹੋਣ ਉਨ੍ਹਾਂ ਨੂੰ ਮੰਨ ਕੇ ਉਨ੍ਹਾਂ ਦੇ ਕੰਮ ਵਿੱਚ ਹੋਰ ਸੁਧਾਰ ਕਰਕੇ ਉਨ੍ਹਾਂ ਨੂੰ ਸਰਕਾਰ ਸਹੂਲਤ ਦੇਵੇ। ਤਾਂ ਹੀ ਅਡੱਲਟ ਐਜੂਕੇਸ਼ਨ ਪ੍ਰੈਕਟੀਕਲੀ ਇੰਮਪਲੀਮੈਂਟ ਕਰ ਸਕਾਂਗੇ ਨਹੀਂ ਤਾਂ 75 ਰੁਪਏ ਦੇ ਕੇ ੳ, ਅ ਦਾ ਗਿਆਨ ਦੇ ਕੇ ਅਡੱਲਟ ਐਜੂਕੇਸ਼ਨ ਦਾ ਪਿੰਡਾਂ ਵਿਚ ਕੋਈ ਫਾਇਦਾ ਨਹੀਂ। ਪਿੰਡਾਂ ਵਿੱਚ ਗਰੀਬ ਔਰਤਾਂ ਹਨ, ਉਨ੍ਹਾਂ ਕੋਲ ਪੈਸੇ ਨਹੀਂ ਹਨ ਪਰ ਉਹ ਕੰਮ ਕਰਕੇ ਆਪਣੀ ਆਮਦਨ ਵਧਾਉਣਾ ਚਾਹੁੰਦੀਆਂ ਹਨ। ਉਥੇ ਸਰਕਾਰ ਕੋਈ ਸਬਸਿਡੀ ਦੇ ਕੇ ਪ੍ਰੋਡੈਕਸ਼ਨ ਕਰਾਵੇ ਅਤੇ ਉਸ ਦੇ ਵੇਚਣ ਦੀ ਸਰਕਾਰ ਆਪਣੇ ਤੇ ਜ਼ਿੰਮੇਵਾਰੀ ਲਵੇ। ਜਿਸ ਤਰ੍ਹਾਂ ਮੇਰੇ ਇਲਾਕੇ ਵਿਚ ਰੇਸ਼ਮ ਦਾ ਕੰਮ ਬੜੀ ਅੱਛੀ ਤਰ੍ਹਾਂ ਹੋ ਸਕਦਾ ਹੈ, ਪਸ਼ਮੀਨੇ ਦਾ ਕੰਮ ਬੜੀ ਅੱਛੀ ਤਰ੍ਹਾਂ ਹੋ ਸਕਦਾ ਹੈ, ਇਸ ਨਾਲ ਵਕਤ ਵਕਤ ਤੇ ਸਰਕਾਰ ਨੂੰ ਤਕਲੀਫ ਤਾਂ ਬੜੀ ਹੋਵੇਗੀ ਲੇਕਿਨ ਇਸ ਹਾਊਸ ਵਿੱਚ ਸਰਕਾਰ ਬਣ ਕੇ ਆਉਂਦੀ ਹੈ, ਮਨਿਸਟਰਜ਼ ਬਣ ਕੇ ਆਉਂਦੇ ਹਨ ਅਤੇ ਲੋਕੀਂ ਉਨ੍ਹਾਂ ਨੂੰ ਚੁਣ ਕੇ ਭੇਜਦੇ ਹਨ। ਜੋ ਲੋਕ ਇਤਨਾ ਮਾਣ ਤੁਹਾਨੂੰ ਦਿੰਦੇ ਹਨ ਤਾਂ ਉਨ੍ਹਾਂ ਲੋਕਾਂ ਦਾ ਮਾਣ, ਇਜ਼ਤ ਰਖਣ ਵਾਸਤੇ ਉਨ੍ਹਾਂ ਨੂੰ ਕੰਮ ਵੀ ਦੇਣਾ ਚਾਹੀਦਾ ਹੈ ਜਿਸ ਦੇ ਨਾਲ ਉਨ੍ਹਾਂ ਦੀ ਅਟ੍ਰੈਕਸ਼ਨ ਵਧੇ। ਅਡੱਲਟ ਐਜੂਕੇਸ਼ਨ ਵਾਸਤੇ ਜਿਹੜੀ ਤਨਖਾਹ ਟੀਚਰਜ਼ ਨੂੰ 75 ਰੁਪਏ ਦਿੱਤੀ ਜਾਂਦੀ ਹੈ ਇਹ ਵੀ ਜ਼ਿਆਦਾ ਤੋਂ ਜ਼ਿਆਦਾ ਦੇਣੀ ਚਾਹੀਦੀ ਹੈ ਤਾਂ ਕਿ ਕੋਈ ਇਸ ਕੰਮ ਵਿਚ ਉਨ੍ਹਾਂ ਦੀ ਅਟ੍ਰੈਕਸ਼ਨ ਵਧੇ। ਬਜਟ ਵਿਚ ਇਸ ਵਾਧੇ ਲਈ ਪਰੋਵੀਜ਼ਨ ਕਰ ਲੈਣਾ ਚਾਹੀਦਾ ਹੈ। ਪੇ, ਅਲਾਊਂਸ ਗਰਾਮ ਸੇਵਕਾਂ, ਗਰਾਮ ਸੇਵਕਾਵਾਂ ਨੂੰ ਵੀ ਜ਼ਿਆਦਾ ਦੇਣੇ ਚਾਹੀਦੇ ਹਨ ਅਤੇ ਗਰਾਮ

Original with;
Punjab Vidhan Sabha
Digitized by;
Panjab Digital Library

ਸੇਵਕਾਂ ਵਿਚ ਵੀ ਇਹ ਨਹੀਂ ਹੋਣਾ ਚਾਹੀਦਾ ਕਿ 4.00 ਵਜੇ ਛੁੱਟੀ ਹੁੰਦੀ ਹੈ ਤੇ 3.00 ਵਜੇ ਹੀ ਬੱਸ ਫੜ ਕੇ ਆ ਜਾਣ । ਪੰਜਾਬ ਦੇ ਵਿੱਚ ਜੀਵਨ ਵੀ, ਡਿਪਟੀ ਸਪੀਕਰ ਸਾਹਿਬ, 24 ਘੰਟਿਆਂ ਦੀ ਥਾਂ 12 ਘੰਟਿਆਂ ਦਾ ਹੋ ਗਿਆ ਹੈ। ਸ਼ਾਮ ਨੂੰ 6.00 ਵਜੇ ਤੋਂ ਬਾਅਦ ਘਰੋਂ ਬਾਹਰ ਨਹੀਂ ਨਿਕਲ ਸਕਦੇ, ਸਵੇਰੇ 6.00 ਵਜੇ ਤੋਂ ਪਹਿਲਾਂ ਘਰੋਂ ਬਾਹਰ ਨਹੀਂ ਜਾ ਸਕਦੇ । ਇਸ ਲਈ ਪਿੰਡਾਂ ਵਿੱਚ ਜਿਹੜੀਆਂ ਗਰਾਮ ਸੇਵਕਾਵਾਂ ਹਨ, ਜਿਹੜੇ ਡਾਕਟਰਜ਼ ਹਨ ਉਨ੍ਹਾਂ ਨੂੰ ਇਹੋ ਜਿਹੀਆਂ ਫੈਸਿਲਿਟੀਜ਼ ਦਿੱਤੀਆਂ ਜਾਣ ਤਾਂਕਿ ਉਹ ਪਿੰਡਾਂ ਵਿਚ ਹੀ ਰਹਿਣ ਤਾਂ ਹੀ ਅਡੱਲਟ ਐਜੂਕੇਸ਼ਨ ਦੀ ਪੂਰੀ ਤਰ੍ਹਾਂ ਇੰਪਲੀਮੈਂਟੇਸ਼ਨ ਹੋਵੇਗੀ। ਮੈਨੂੰ ਖੁਸ਼ੀ ਹੈ ਕਿ ਆਰੀਆ ਸਾਹਿਬ ਨੇ ਇਹ ਰੈਜ਼ੋਲਿਊਸ਼ਨ ਇਸ ਹਾਊਸ ਵਿਚ ਪੇਸ਼ ਕੀਤਾ ਹੈ। ਮੈਂ ਕਹਿਣਾ ਚਾਹੁੰਦੀ ਹਾਂ ਕਿ ਬੀਬੀਆਂ ਨੂੰ ਜ਼ਿਆਦਾ ਤੋਂ ਜ਼ਿਆਦਾ ਅਡੱਲਟ ਐਜੂਕੇਸ਼ਨ ਵਿੱਚ ਫੈਸਿਲਿਟੀਜ਼ ਦੇਣੀਆਂ ਚਾਹੀਦੀਆਂ ਹਨ। ਜੇ ਅਸੀਂ ਇਕ ਬੀਬੀ ਨੂੰ ਐਜੂਕੇਟ ਕਰ ਦਿੱਤਾ ਤਾਂ ਸਮਝੋ ਸਾਰੇ ਇਕ ਪਰੀਵਾਰ ਨੂੰ ਐਜੂਕੇਟ ਕਰ ਦਿੱਤਾ ਕਿਉਂਕਿ ਉਹ ਹੀ ਸਾਰੇ ਪਰੀਵਾਰ ਦਾ ਪਾਲਣ ਪੋਸ਼ਣ ਕਰਦੀ ਹੈ। ਮੈਂ ਇਸ ਰੈਜ਼ੋਲਿਊਸ਼ਨ ਦੀ ਤਾਈਦ ਕਰਦੀ ਹਾਂ ਜੋ ਆਰੀਆ ਸਾਹਿਬ ਨੇ ਅਡੱਲਟ ਐਜੂਕੇਸ਼ਨ ਵਾਸਤੇ ਲਿਆਂਦਾ ਹੈ ।

ਸ੍ਰੀ ਅਸ਼ਵਨੀ ਸੇਖੜੀ (ਬਟਾਲਾ) : ਡਿਪਟੀ ਸਪੀਕਰ ਸਾਹਿਬ, ਇਹ ਰੈਜ਼ੋਲਿਊਸ਼ਨ ਇਕ ਬੜਾ ਹੀ ਇੰਪਾਰਟੈਂਟ ਰੈਜ਼ੋਲਿਊਸ਼ਨ ਹੈ। ਅਡਲਟ ਐਜੂਕੇਸ਼ਨ ਵਾਲਾ ਪਰੋਗਰਾਮ ਬੜੀ ਅਹਿਮੀਅਤ ਰਖਦਾ ਹੈ। ਇਸ ਚੀਜ਼ ਦਾ ਇਸ ਗੱਲ ਤੋਂ ਪਤਾ ਚਲਦਾ ਹੈ ਕਿ ਇਕ ਪੁਰਾਣੀ ਕਹਾਵਤ ਹੈ 'citizenship begins from the home' ਮਤਲਬ ਇਹ ਹੈ ਕਿ ਇਕ ਅੱਛਾ ਨਾਗਰਿਕ ਜਿਹੜਾ ਹੈ ਉਸ ਦੀ ਸਭ ਤੋਂ ਪਹਿਲਾਂ ਜਿਹੜੀ ਐਜੂਕੇਸ਼ਨ ਹੈ ਉਹ ਘਰ ਤੋਂ ਹੀ ਸ਼ੁਰੂ ਹੁੰਦੀ ਹੈ । ਵਜ਼ੀਰ ਸਾਹਿਬ ਉਧਰ ਗੱਲਾਂ ਕਰਦੇ ਪਏ ਹਨ । ਮੈਂ ਤੁਹਾਡੇ ਦੁਆਰਾ ਐਜੂਕੇਸ਼ਨ ਮਨਿਸਟਰ ਸਾਹਿਬ ਨੂੰ ਰਿਕੁਐਸਟ ਕਰਾਂਗਾ ਕਿ ਇਹ ਬੜਾ ਅਹਿਮ ਰੈਜ਼ੋਲਿਊਸ਼ਨ ਹੈ ਇਸ ਲਈ ਮੈਂਬਰ ਸਾਹਿਬ ਜਿਹੜੇ ਆਪਣੇ ਸੁਜੈਸ਼ਨਜ਼ ਦੇ ਰਹੇ ਹਨ ਉਹ ਨੋਟ ਕੀਤੇ ਜਾਣ । ਘਰ ਦੇ ਵਿਚ ਮਾਂ ਬਾਪ ਅਗਰ ਪੜ੍ਹੇ ਲਿਖੇ ਹੋਣ ਤਾਂ ਉਨ੍ਹਾਂ ਦਾ ਬੇਟਾ ਜਾਂ ਬੇਟੀ ਬੜੀ ਅੱਛੀ ਤਰ੍ਹਾਂ ਆਪਣੀ ਐਜੂਕੇਸ਼ਨ ਪੂਰੀ ਕਰਕੇ ਇਕ ਅੱਛਾ ਇਨਸਾਨ, ਇਕ ਅੱਛਾ ਨਾਗਰਿਕ ਬਣਦਾ ਹੈ । ਦੂਸਰੀ ਤਰਫ ਅਗਰ ਬਦਕਿਸਮਤੀ ਨਾਲ ਘਰ ਵਿਚ ਪਹਿਲਾਂ ਐਜੂਕੇਸ਼ਨ ਨਹੀਂ ਤਾਂ ਉਸ ਘਰ ਦੇ ਬੱਚਿਆਂ ਵਿਚ ਕਾਫ਼ੀ ਕਮੀਆਂ ਆਉਂਦੀਆਂ ਹਨ । ਜਿਸ ਤਰ੍ਹਾਂ ਹਾਲਾਤ ਬਦਲ ਰਹੇ ਹਨ, ਵਿਦਿਆ ਤਰੱਕੀ ਕਰ ਰਹੀ ਹੈ, ਇਸ ਪ੍ਰੋਗਰਾਮ ਦੀ ਅਹਿਮੀਅਤ ਹੋਰ ਵੀ ਵੱਧ ਜਾਂਦੀ ਹੈ। ਇਸ ਪਰੋਗਰਾਮ ਵਿਚ ਕੁਝ ਮੇਰੀਆਂ ਸੁਜੈਸ਼ਨਜ਼ ਹਨ । ਜਦੋਂ ਵੀ ਸਾਡੇ ਡਿਪਾਰਟਮੈਂਟ ਵਾਲੇ ਇਸ ਦੇ ਲਈ ਜਾਂਦੇ ਹਨ ਤਾਂ ਉਥੇ ਟੀ.ਵੀ. ਜਾਂ ਵੀ.ਡੀ.ਓ. ਨਾਲ ਲਿਜਾਇਆ ਜਾਵੇ । ਜਿਥੇ ਅਸੀਂ ਉਨ੍ਹਾਂ ਨੂੰ ਲੀਟਰੇਟ ਕਰਨਾ ਹੈ ਉਥੇ ਉਨ੍ਹਾਂ ਨੂੰ ਰਹਿਣ ਸਹਿਣ ਦਾ ਤਰੀਕਾ ਵੀ ਦੱਸਣਾ ਚਾਹੀਦਾ ਹੈ। ਐਜੂਕੇਸ਼ਨ ਦਾ ਮਤਲਬ ਸਿਰਫ ਪੜ੍ਹਾਉਣਾ ਲਿਖਾਉਣਾ ਹੀ ਨਹੀਂ ਸਗੋਂ ਆਪਣੇ ਅਧਿਕਾਰਾਂ, ਡਿਊਟਜ਼ੀ ਬਾਰੇ ਵੀ ਜਾਗਰੂਕ ਕਰਨਾ ਹੈ । ਇਸ ਦੇ ਬਾਰੇ ਸਾਡੀ ਯੂਥ ਕਾਂਗਰਸ ਨੇ ਇਕ ਪਰੋਗਰਾਮ ਸ਼ੁਰੂ ਕੀਤਾ ਹੋਇਆ ਹੈ 'ਭਾਰਤ ਦਰਸ਼ਨ' ਦੇ ਨਾਂ ਤੇ ਇਹ ਜਾਣਿਆ ਜਾਂਦਾ ਹੈ । ਇਹ ਲੋਕਾਂ ਨੂੰ ਦਿੱਲੀ ਲਿਜਾਂਦੇ ਹਨ ਜਾਂ ਹੋਰ ਕਿਸੇ ਸਟੇਟ ਦੀ ਕੈਪੀਟਲ ਵਿਚ ਲਿਜਾਂਦੇ ਹਨ ਤਾਂ ਕਿ ਇਹ ਉਥੋਂ ਦੇ ਲੋਕਾਂ ਦਾ ਰਹਿਣ ਸਹਿਣ ਵੇਖ ਸਕਣ । ਇਸ ਤੋਂ ਇਲਾਵਾ ਜਿਹੜੇ ਵੱਡੇ ਵੱਡੇ ਪ੍ਰੋਫੈਸਰਜ਼ ਹਨ ਉਨ੍ਹਾਂ ਨਾਲ ਮਿਲਾਉਂਦੇ ਹਨ ਵੱਡੇ ਵੱਡੇ ਲੋਕਾਂ ਨਾਲ, ਮੰਤਰੀਆਂ ਨਾਲ, ਪ੍ਰਾਈਮ ਮਨਿਸਟਰ ਨਾਲ ਮਿਲਾਇਆ ਜਾਂਦਾ ਹੈ ਤਾਕਿ ਉਨ੍ਹਾਂ ਵਿਚ ਜਾਗ੍ਰਿਤੀ ਆਵੇ । ਅਜਿਹੀ ਸਕੀਮ ਸਾਡੀ ਗੌਰਮਿੰਟ ਬਣਾਏ ਸਾਡੇ ਪਿੰਡਾਂ ਵਿਚ ਬਜ਼ੁਰਗ ਹਨ ਜਾਂ ਮਾਂ ਬਾਪ ਹਨ ਐਸੇ ਵੀ ਬਹੁਤ ਸਾਰੇ ਹਨ ਜਿਨ੍ਹਾਂ ਨੇ ਅਜੇ ਤਕ ਚੰਡੀਗੜ੍ਹ ਨਹੀਂ ਵੇਖਿਆ।

Original with;
Punjab Vidhan Sabha
Digitized by;
Panjab Digital Library

[ਸ਼੍ਰੀ ਅਸ਼ਵਨੀ ਸੇਖੜੀ]

ਕੋਈ ਸਕੀਮ ਬਣਾਈ ਜਾਵੇ ਪਿੰਡਾਂ ਦੇ ਲੋਕਾਂ ਨੂੰ ਚੰਡੀਗੜ੍ਹ ਦਿਖਾਇਆ ਜਾਵੇ, ਪੰਜਾਬ ਯੂਨੀਵਰਸਿਟੀ ਦਿਖਾਈ ਜਾਵੇ ਔਰ ਉਸ ਦੀ ਮਹੱਤਤਾ ਦੱਸੀ ਜਾਵੇ ਤਾਂ ਹੀ ਇਸ ਦੀ ਮਹੱਤਤਾ ਬਾਰੇ ਉਨ੍ਹਾਂ ਨੂੰ ਪਤਾ ਲਗ ਸਕੇਗਾ । ਜਿੰਨਾਂ ਚਿਰ ਪੜ੍ਹਨ ਵਾਲੇ ਦੀ ਪਾਰਟੀਸਿਪੇਸ਼ਨ ਨਾ ਹੋਵੇ ਪੜ੍ਹਾਉਣ ਵਾਲਾ ਕੀ ਕਰੇਗਾ। ਇਹ ਅਡਲਟ ਐਜੂਕੇਸ਼ਨ ਬੜੀ ਅੱਛੀ ਸਕੀਮ ਹੈ । ਇਹ ਕਿਨੀ ਜ਼ਰੂਰੀ ਹੈ ਇਸ ਦੀ ਇੰਪਾਰਟੈਂਸ ਲੋਕਾਂ ਨੂੰ ਦੱਸਣੀ ਚਾਹੀਦੀ ਹੈ । ਲੋਕਾਂ ਨੂੰ ਐਜੂਕੇਸ਼ਨ ਮਨਿਸਟਰ ਨਾਲ ਮਿਲਾਇਆ ਜਾਵੇ । ਐਗਰੀ-ਕਲਚਰ ਯੂਨੀਵਰਸਿਟੀ ਵਿਚ ਲਿਜਾਇਆ ਜਾਵੇ, ਅੰਮ੍ਰਿਤਸਰ ਵਿਚ ਲਿਜਾਇਆ ਜਾਵੇ ਤਾਕਿ ਉਨ੍ਹਾਂ ਵਿਚ ਜਾਗ੍ਰਿਤੀ ਆਵੇ । ਉਨ੍ਹਾਂ ਨੂੰ ਪਤਾ ਲਗੇ ਕਿ ਉਨ੍ਹਾਂ ਨੇ ਆਪ ਵੀ ਪੜ੍ਹਨਾ ਹੈ ਅਤੇ ਬੱਚਿਆਂ ਨੂੰ ਵੀ ਪੜ੍ਹਾਉਣਾ ਹੈ। ਇਸ ਲਈ ਪੰਜਾਬ ਦੀ ਤਰੱਕੀ ਦਾ ਪ੍ਰੋਗਰਾਮ ਬਣਾਇਆ ਜ,ਵੇ ਤਾਕਿ ਪੰਜਾਬੀ ਪੜ੍ਹ ਲਿਖ ਸਕਣ ਅਤੇ ਉਨ੍ਹਾਂ ਨੂੰ ਆਪਣੇ ਅਧਿਕਾਰਾਂ ਅਤੇ ਡਿਊਟੀਜ਼ ਦਾ ਪਤਾ ਹੋਵੇ । ਆਪਣੇ ਪਿੰਡਾਂ ਨੂੰ, ਸ਼ਹਿਰਾਂ ਨੂੰ ਕਿਸ ਤਰ੍ਹਾਂ ਸਾਫ਼ ਸੁਥਰਾ ਰੱਖਣਾ ਹੈ। ਬਿਊਟੀਫੁਲ ਬਣਾਉਣਾ ਹੈ, ਇਸ ਦੇ ਲਈ ਲੋਕਾਂ ਨੂੰ ਜਾਗਰੂਕ ਕਰਨਾ ਪਏਗਾ । ਇਹ ਇਕ ਅੱਛਾ ਰੇਜ਼ੋਲਿਊਸ਼ਨ ਹੈ, ਮੈਂ ਇਸ ਦੀ ਜ਼ੋਰਦਾਰ ਸ਼ਬਦਾ ਨਾਲ ਪ੍ਰੋੜ੍ਹਤਾ ਕਰਦਾ ਹਾਂ । ਇਹ ਇਕ ਅੱਛਾ ਰੇਜ਼ੋਲਿਊਸ਼ਨ ਹੈ, ਐਜੂਕੇਸ਼ਨ ਮੰਤਰੀ ਸਾਹਿਬ ਅਤੇ ਸਰਕਾਰ ਇਸ ਨੂੰ ਪੂਰੀ ਤਰ੍ਹਾਂ ਮੰਨਣ ।

**ਸਰਦਾਰ ਗੋਬਿੰਦ ਸਿੰਘ ਕਾਂਝਲਾ** (ਸ਼ੇਰਪੁਰ, ਐਸ. ਸੀ.) : ਸਤਿਕਾਰਯੋਗ ਡਿਪਟੀ ਸਪੀਕਰ ਸਾਹਿਬ, ਅਡਲਟ ਐਜੂਕੇਸ਼ਨ ਬਾਰੇ ਜੋ ਮਤਾ ਲਿਆਂਦਾ ਗਿਆ ਹੈ ਇਹ ਬਹੁਤ ਹੀ ਚੰਗਾ ਮਤਾ ਲਿਆਂਦਾ ਗਿਆ ਹੈ। ਪੰਜਾਬ ਵਿਚ ਅਡਲਟ ਐਜੂਕੇਸ਼ਨ ਦੇਣ ਦਾ ਜੋ ਪੰਜਾਬ ਸਰਕਾਰ ਦਾ ਨਿਸ਼ਾਨਾ ਹੈ ਇਸ ਨਿਸ਼ਾਨੇ ਦੀ ਪੂਰਤੀ ਲਈ ਸਾਡੀ ਸਰਕਾਰ ਆਪਣੇ ਮਿਥੇ ਨਿਸ਼ਾਨੇ ਔਰ ਪ੍ਰੋਗਰਾਮ ਨੂੰ ਪੂਰਾ ਕਰਨ ਲਈ ਅਗੇ ਵੱਧ ਰਹੀ ਹੈ ।

*11.35 ਪੂਰਵ ਦੁਪਹਿਰ

(ਇਸ ਸਮੇਂ ਸ੍ਰੀ ਰਾਮ ਕਿਸ਼ਨ ਕਟਾਰੀਆ; ਮੈਂਬਰ, ਪੈਨਲ ਆਫ ਚੇਅਰਮੈਨ ਨੇ ਪਰਧਾਨਗੀ ਦੀ ਕੁਰਸੀ ਸੰਭਾਲੀ ।)

ਚੇਅਰਮੈਨ ਸਾਹਿਬ, ਅਕਾਲੀ ਦਲ ਦੀ ਸਰਕਾਰ, ਬਰਨਾਲਾ ਸਾਹਿਬ ਦੀ ਸਰਕਾਰ ਅਡਲਟ ਐਜੂਕੇਸ਼ਨ ਨੂੰ ਸਟੈਪ ਬਾਈ ਸਟੈਪ ਪੂਰਾ ਕਰਨ ਲਈ ਵਚਨਬੱਧ ਹੈ । ਇਸ ਦੇ ਲਈ ਅਸੀਂ ਵੀ ਸਾਰੇ ਯਤਨਸ਼ੀਲ ਹਾਂ। ਪਿਛਲੇ ਸਮੇਂ ਦੇ ਵਿਚ ਜੋ ਅਡਲਟ ਐਜੂਕੇਸ਼ਨ ਦਾ ਮਿਆਰ ਸੀ ਉਸ ਨੂੰ ਹੋਰ ਪਰਫੁਲਤ ਕਰਨ ਲਈ ਸਾਡਾ ਸੂਬਾ ਪਿਛੇ ਰਹਿ ਗਿਆ। ਸਾਡਾ ਗਰੀਬ ਪੰਜਾਬ ਪਹਿਲਾਂ ਬਹੁਤ ਹੀ ਅਮੀਰ ਸੀ ਪਰ ਕਾਂਗਰਸ ਰਾਜ ਦੇ ਸਮੇਂ ਸਾਡੇ ਪੰਜਾਬ ਤੇ ਪੰਜਾਬ ਵਾਸੀਆਂ ਤੇ ਬੜੀਆਂ ਸੱਟਾਂ ਵੱਜੀਆਂ, ਸਾਡੇ ਨਾਲ ਬੜੇ ਵਿਤਕਰੇ ਹੋਏ। ਸਮੇਂ ਮੁਤਾਬਿਕ ਜੋ ਅਸੀਂ ਪਰਫੁਲਤ ਹੋਣਾ ਸੀ, ਅਗੇ ਵੱਧਣਾ ਸੀ, ਸਾਡਾ ਮਿਆਰ ਉੱਚਾ ਹੋਣਾ ਚਾਹੀਦਾ ਸੀ ਉਹ ਨਾ ਹੋ ਸਕਿਆ । ਸਾਡੀ ਅਕਾਲੀ ਦਲ ਦੀ ਸਰਕਾਰ ਆਈ ਹੈ, ਚੇਅਰਮੈਨ ਸਾਹਿਬ, ਅਸੀਂ ਵਿੱਦਿਆ ਨੂੰ ਸਭ ਤੋਂ ਅਹਿਮ ਸਮਝਦੇ ਹਾਂ ਔਰ ਹੁਣ ਇਹ ਸਰਕਾਰ ਇਸ ਵਲ ਪੂਰਾ ਧਿਆਨ ਦੇਵੇਗੀ। ਮੈਨੂੰ ਆਸ ਹੈ ਕਿ ਸਾਡੇ ਵਿੱਦਿਆ ਮੰਤਰੀ ਸਾਹਿਬ ਅਤੇ ਬਰਨਾਲਾ ਸਾਹਿਬ ਇਹ ਜਿਹੜਾ ਸਾਡਾ ਮੁੱਖ ਨਿਸ਼ਾਨਾ ਹੈ ਇਸ ਦੀ ਪੂਰਤੀ ਲਈ ਆਪਣਾ ਪੂਰਾ ਧਿਆਨ ਦੇਣਗੇ। ਬਿਨਾ ਵਿੱਦਿਆ ਦੇ ਨਾ ਹੀ ਕੋਈ ਸੂਬਾ ਤਰੱਕੀ ਕਰ ਸਕਦਾ ਹੈ ਔਰ ਨਾ ਹੀ ਉਸ ਵਿਚ ਜਾਗ੍ਰਿਤੀ ਆ ਸਕਦੀ ਹੈ ਜਿਸ ਵਿਚ ਵਿੱਦਿਆ ਦਾ ਪਰਸਾਰ ਨਾ ਕੀਤਾ ਜਾ ਸਕੇ। ਸੋ ਮੈਂ ਇਸ ਮਤੇ ਦੇ ਅੱਖਰ ਅੱਖਰ ਹੱਕ ਵਿਚ ਹਾਂ ਅਤੇ ਆਪਣੇ ਵਿਚਾਰ ਪ੍ਰਗਟ ਕਰਦਾ ਹੋਇਆ ਆਪ ਜੀ ਨੂੰ ਬੇਨਤੀ ਕਰਾਂਗਾ ਕਿ ਸਾਡੀ ਸਰਕਾਰ ਵਿੱਦਿਆ ਦੇ ਮਿਆਰ ਨੂੰ ਹੋਰ ਉੱਚਾ ਕਰਨ ਲਈ ਹਰ ਤਰ੍ਹਾਂ ਦੇ ਯਤਨ ਕਰੇਗੀ। ਪਿੰਡਾਂ ਵਿਚ ਸਾਡੇ ਬਹੁਤ ਸਾਰੇ ਬਜ਼ੁਰਗ ਹਨ ਵਿੱਦਿਆ ਪੱਖੋਂ ਜਿਨ੍ਹਾਂ ਨੂੰ ਇਗਨੋਰ ਕੀਤਾ ਹੋਇਆ ਹੈ। ਪਿੰਡਾਂ ਵਿਚ ਜੇਕਰ ਸਕੂਲ ਨਾ ਖੋਲ੍ਹੇ ਜਾਣ ਤਾਂ ਵਿੱਦਿਆ

Original with;
Punjab Vidhan Sabha
Digitized by;
Panjab Digital Library

ਦਾ ਮਿਆਰ ਉੱਚਾ ਨਹੀਂ ਹੋ ਸਕਦਾ। ਸਾਡੀ ਸਰਕਾਰ ਦਾ ਨਿਸ਼ਾਨਾ ਹੈ ਕਿ ਸਾਰੇ ਪਿੰਡਾਂ ਵਾਲਿਆਂ ਨੂੰ ਐਜੂਕੇਟ ਕੀਤਾ ਜਾਏ। ਹਰ ਸ਼ਹਿਰ ਵਿਚ ਚੰਗੇ ਆਦਰਸ਼ ਸਕੂਲ ਖੋਲ੍ਹੇ ਗਏ ਹਨ ਔਰ ਹਰ ਪੰਜਾਬੀ ਲੜਕਾ ਲੜਕੀ ਹੁਣ ਅਨਪੜ੍ਹ ਨਹੀਂ ਰਹਿਣ ਦਿਤਾ ਜਾਏਗਾ। ਸਾਡੀ ਸਰਕਾਰ ਆਪਣੇ ਨਿਸ਼ਾਨੇ ਦੀ ਪੂਰਤੀ ਲਈ ਹਰ ਯਤਨ ਕਰਦੀ ਰਹੇਗੀ।

**ਸਰਦਾਰ ਰਾਜਿੰਦਰ ਸਿੰਘ ਧਾਲੀਵਾਲ** (ਕੁੰਮ ਕਲਾਂ, ਐਸ. ਸੀ.) : ਚੇਅਰਮੈਨ ਸਾਹਿਬ, ਮੈਂ ਧੰਨਵਾਦੀ ਹਾਂ ਤੁਹਾਡਾ ਕਿ ਤੁਸੀਂ ਅਡਲਟ ਐਜੂਕੇਸ਼ਨ ਦੇ ਮੱਤੇ ਤੇ ਬੋਲਣ ਦਾ ਸਮਾਂ ਦਿਤਾ ਹੈ। ਇਹ ਇਕ ਮਹੱਤਵਪੂਰਨ ਮਤਾ ਹੈ ਖਾਸ ਕਰਕੇ ਉਸ ਮੁਲਕ ਵਿੱਚ ਜਿਥੇ ਡੈਮੋਕ੍ਰੈਟਿਕ ਸਿਸਟਮ ਆਫ ਗੌਰਮਿੰਟ ਚਲਦਾ ਹੈ, ਪਾਰਲੀਮੈਂਟਰੀ ਫ਼ਾਰਮ ਆਫ਼ ਗੌਰਮਿੰਟ ਐਸਟੈਬਲਿਸ਼ਡ ਹੈ, ਜਿਥੇ ਪਬਲਿਕ ਦੇ ਨੁਮਾਇੰਦੇ ਚੁਣ ਕੇ ਆਉਂਦੇ ਹਨ ਔਰ ਅਗੇ ਉਨ੍ਹਾਂ ਨੇ ਦੇਸ਼ ਦੀ, ਕੌਮ ਦੀ ਕਿਸ ਤਰ੍ਹਾਂ ਕਿਸਮਤ ਬਣਾਉਣੀ ਹੈ ਉਸ ਦਾ ਫੈਸਲਾ ਕਰਨਾ ਹੈ। ਇਹ ਤਾਂ ਹੀ ਸੰਭਵ ਹੋ ਸਕਦਾ ਹੈ ਜੇ ਦੇਸ਼ ਦਾ ਹਰ ਬੰਦਾ ਪੜ੍ਹਿਆ ਲਿਖਿਆ ਹੋਵੇ, ਉਸ ਨੂੰ ਆਪਣੇ ਫ਼ਰਾਇਜ਼ ਔਰ ਅਧਿਕਾਰਾਂ ਦਾ ਪਤਾ ਹੋਵੇ। ਅੱਜ ਦੇ ਯੁਗ ਵਿਚ ਜਦੋਂ ਸਾਇੰਸ ਨੇ ਬਹੁਤ ਤਰੱਕੀ ਕੀਤੀ ਹੈ ਬਾਕੀ ਮੁਲਕ ਬਹੁਤ ਅਗੇ ਵਧੇ ਜਾ ਰਹੇ ਹਨ ਔਰ ਸਾਡਾ ਦੇਸ਼ ਪਿਛੇ ਹੈ ਅਸੀਂ ਥੋੜ੍ਹਾ ਜਿਹਾ ਮੁਕਾਬਲੇ ਵਿਚ ਜਾ ਰਹੇ ਹਾਂ ਔਰ ਬਹੁਤ ਅੱਛਾ ਹੋਵੇ ਅਗਰ ਅਡਲਟ ਐਜੂਕੇਸ਼ਨ ਦਾ ਪਰਸਾਰ ਕੀਤਾ ਜਾਵੇ। ਜੋ ਲੋਕ ਆਪਣੇ ਸਮੇਂ ਪੜ੍ਹ ਲਿਖ ਨਹੀਂ ਸਕੇ ਕਿਸੇ ਕਾਰਨ ਉਨ੍ਹਾਂ ਨੂੰ ਵਿਦਿਆ ਦਿਤੀ ਜਾ ਸਕੇ ਤਾਂ ਜੋ ਉਹ ਅੱਗੇ ਵਧ ਸਕਣ ਅਤੇ ਪੰਜਾਬ ਦੀ, ਦੇਸ਼ ਦੀ ਤਰੱਕੀ ਵਿਚ ਹਿੱਸਾ ਪਾ ਸਕਣ। ਪਹਿਲਾਂ ਹੀ ਇਹ ਪ੍ਰੋਗਰਾਮ ਹੈ ਪੰਜਾਬ ਸਰਕਾਰ ਦਾ, ਸੈਂਟਰ ਦੀ ਸਰਕਾਰ ਦੀ ਸਕੀਮ ਹੈ, ਇਕ ਅਪਰੂਵਡ ਇੰਸਟੀਚਿਊਟ ਨੇ ਇਹ ਕੰਮ ਸ਼ੁਰੂ ਕੀਤਾ ਹੈ ਔਰ ਮੈਂ ਇਹ ਚਾਹੁੰਦਾ ਹਾਂ ਕਿ ਇਸ ਦੇ ਵਿਚ ਔਰ ਆਸ ਕਰਦਾ ਹਾਂ ਕਿ ਬਰਨਾਲਾ ਸਰਕਾਰ ਦਾ ਜੋ ਇਹ ਪ੍ਰੋਗਰਾਮ ਹੈ ਇਸ ਨੂੰ ਹੋਰ ਸਫਲ ਬਣਾਉਣ ਵਾਸਤੇ ਬਹੁਤ ਅੱਛੇ ਹੋਰ ਕਦਮ ਚੁਕੇਗੀ। ਇਨ੍ਹਾਂ ਸ਼ਬਦਾਂ ਨਾਲ ਇਹ ਜੋ ਮਤਾ ਹਾਊਸ ਵਿਚ ਪੇਸ਼ ਹੋਇਆ ਹੈ, ਮੈਂ ਇਸ ਦੀ ਪ੍ਰੋੜ੍ਹਤਾ ਕਰਦਾ ਹਾਂ ਅਤੇ ਇਸ ਨੂੰ ਹੋਰ ਬਿਹਤਰ ਬਣਾਉਣ ਵਾਸਤੇ ਸਰਕਾਰ ਨੂੰ ਇਸ ਤੇ ਗੌਰ ਕਰਨਾ ਚਾਹੀਦਾ ਹੈ ਔਰ ਬਰਨਾਲਾ ਸਰਕਾਰ ਆਪਣੇ ਥੋੜ੍ਹੇ ਸਮੇਂ ਵਿਚ ਵੱਧ ਤੋਂ ਵੱਧ ਇਸ ਵਿਚ ਹਿਸਾ ਪਾਏਗੀ। ਮੈਂ ਇਨ੍ਹਾਂ ਸ਼ਬਦਾਂ ਦੇ ਨਾਲ ਇਕ ਵਾਰੀ ਤੁਹਾਡਾ ਫਿਰ ਧੰਨਵਾਦ ਕਰਦਾ ਹਾਂ।

**ਸਰਦਾਰ ਤਾਲਿਬ ਸਿੰਘ ਸੰਧੂ** (ਰਾਏਕੋਟ) : ਚੇਅਰਮੈਨ ਸਾਹਿਬ, ਇਹ ਜਿਹੜਾ ਮਤਾ ਆਇਆ ਹੈ, ਉਸਦੇ ਬਾਰੇ ਐਡਲਟ ਐਜੂਕੇਸ਼ਨ ਦੀ ਸਕੀਮ ਪਹਿਲਾਂ ਹੀ ਚਲ ਰਹੀ ਹੈ। ਮੈਂ ਸਮਝਦਾ ਹਾਂ ਕਿ ਇਸਦੇ ਵਿੱਚ ਐਸੀਆਂ ਬਹੁਤ ਸਾਰੀਆਂ ਕਮੀਆਂ ਹਨ ਜਿਨ੍ਹਾਂ ਵਿਚ ਸੋਧ ਕਰਨੀ ਚਾਹੀਦੀ ਹੈ। ਮੈਂ ਤੁਹਾਡੇ ਰਾਹੀਂ ਵਿੱਦਿਆ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਇਸਦੇ ਵਿੱਚ ਸੋਧ ਕਰਕੇ ਚੰਗੇ ਢੰਗ ਨਾਲ ਇਸ ਐਡਲਟ ਐਜੂਕੇਸ਼ਨ ਨੂੰ ਲਾਗੂ ਕਰਨ। ਚੇਅਰਮੈਨ ਸਾਹਿਬ, ਮੇਰੀ ਰਾਏ ਹੈ ਕਿ ਜਿਹੜਾ ਪਿੰਡਾਂ ਦੇ ਸਕੂਲਾਂ ਦੇ ਟੀਚਰਾਂ ਨੂੰ 70–75 ਰੁਪਿਆ ਦਾ ਭੱਤਾ ਦਿੱਤਾ ਜਾਂਦਾ ਹੈ, ਉਹ ਇਸ ਕੰਮ ਵਿਚ ਪੂਰੀ ਦਿਲਚਸਪੀ ਨਹੀਂ ਲੈਂਦੇ ਕਿਉਂਕਿ ਉਨ੍ਹਾਂ ਨੇ ਜਿਹੜੀਆਂ ਕਲਾਸਾਂ ਲਾਉਣੀਆਂ ਹੁੰਦੀਆਂ ਹਨ, ਉਹ ਰਾਤ ਨੂੰ ਲਾਉਣੀਆਂ ਹੁੰਦੀਆਂ ਹਨ ਔਰ ਉਹ ਦੂਰ ਦੇ ਪਿੰਡਾਂ ਤੋਂ ਆਏ ਹੁੰਦੇ ਹਨ ਅਤੇ ਉਨ੍ਹਾਂ ਨੇ ਵਾਪਿਸ ਵੀ ਜਾਣਾ ਹੁੰਦਾ ਹੈ। ਇਸ ਲਈ ਉਹ ਪੂਰੀ ਡਿਊਟੀ ਨਹੀਂ ਦਿੰਦੇ। ਇਕ ਪਾਸੇ ਅਨਇੰਪਲਾਇਮੈਂਟ ਹੈ। ਹਜ਼ਾਰਾਂ ਹੀ ਟੀਚਰ ਵਿਹਲੇ ਫਿਰਦੇ ਹਨ। ਮੇਰੀ ਰਾਏ ਹੈ ਕਿ ਇਸ ਐਡਲਟ ਐਜੂਕੇਸ਼ਨ ਦੇ ਭੱਤੇ ਨੂੰ 75 ਰੁਪਏ ਤੋਂ ਵਧਾ ਕੇ 150 ਰੁਪਏ ਕਰ ਦਿੱਤਾ ਜਾਵੇ ਅਤੇ ਜਿਹੜੇ ਵਿਹਲੇ ਟੀਚਰ ਫਿਰਦੇ ਹਨ, ਉਹਨਾਂ ਨੂੰ ਰੈਗੂਲਰ ਤੌਰ ਤੇ ਏਥੇ ਲਗਾਇਆ ਜਾਵੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਤਾਲਿਬ ਸਿੰਘ ਸੰਧੂ]
ਅਤੇ ਉਹ ਸੁਬਾਹ ਸ਼ਾਮ 2–2 ਘੰਟੇ ਕਲਾਸਾਂ ਲਗਾਉਣ ਜਿਹੜੀਆਂ ਕਿ ਸਕੂਲ ਦੇ ਹੈਡਮਾਸਟਰ ਦੇ ਅਧੀਨ ਹੋਣ। ਇਸ ਗੱਲ ਨੂੰ ਕਹਿ ਕੇ ਮੈਂ ਇਸ ਮਤੇ ਦੀ ਪ੍ਰੋੜ੍ਹਤਾ ਕਰਦਾ ਹਾਂ।

**ਰਾਜ ਮੰਤਰੀ, ਪਸ਼ੂ ਪਾਲਣ** (ਸਰਦਾਰ ਸ਼ਸ਼ਪਾਲ ਸਿੰਘ) : ਚੇਅਰਮੈਨ ਸਾਹਿਬ, ਇਸ ਵਿੱਚ ਕੋਈ ਸ਼ੱਕ ਨਹੀਂ ਕਿ ਮਤਾ ਬਹੁਤ ਹੀ ਅੱਛਾ ਹਾਊਸ ਦੇ ਸਾਹਮਣੇ ਲਿਆਂਦਾ ਗਿਆ ਹੈ ਔਰ ਸਰਕਾਰ ਵਚਨ-ਬੱਧ ਹੈ ਕਿ ਸਟੇਟ ਵਿੱਚ ਐਡਲਟ ਐਜੂਕੇਸ਼ਨ ਨੂੰ ਬੜ੍ਹਾਵਾ ਦੇ ਕੇ ਇਸ ਸੂਬੇ ਦੀ ਸੇਵਾ ਕੀਤੀ ਜਾਵੇ। ਤੁਹਾਡੇ ਧਿਆਨ ਵਿਚ ਮੈਂ ਕੁਝ ਗੱਲਾਂ ਲਿਆਉਣੀਆਂ ਚਾਹੁੰਦਾ ਹਾਂ ਜਿਸਦੇ ਨਾਲ ਇਹ ਸਾਬਤ ਹੋਵੇਗਾ ਕਿ ਸਟੇਟ ਗੌਰਮਿੰਟ ਕਿਸ ਹੱਦ ਤੱਕ ਇਸਦੇ ਉਤੇ ਕੰਮ ਕਰ ਰਹੀ ਹੈ।

**ਸ੍ਰੀ ਜਗਜੀਤ ਸਿੰਘ** : ਚੇਅਰਮੈਨ ਸਾਹਿਬ, ਮੈਂ ਤੁਹਾਡਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਕੀ ਹਾਊਸ ਦਾ ਕੋਰਮ ਪੂਰਾ ਹੈ ?

**ਸ੍ਰੀ ਸਭਾਪਤੀ** : ਕੋਰਮ ਹੈ। ਸਰਦਾਰ ਸ਼ਸ਼ਪਾਲ ਸਿੰਘ ਜੀ, ਤੁਸੀਂ ਕ੍ਰਿਪਾ ਕਰਕੇ ਜਾਰੀ ਰੱਖੋ।

**ਰਾਜ ਮੰਤਰੀ** : ਚੇਅਰਮੈਨ ਸਾਹਿਬ, ਸੈਂਟਰਲ ਗੌਰਮਿੰਟ ਨੇ ਵੀ ਇਸ ਸਕੀਮ ਦੇ ਵਿਚ ਪੰਜਾਬ ਗੌਰਮਿੰਟ ਦੀ ਇਮਦਾਦ ਕੀਤੀ ਹੈ ਔਰ ਸੈਂਟਰ ਨੇ 3600 ਐਡਲਟ ਐਜੂਕੇਸ਼ਨ ਸੈਂਟਰਜ਼ ਖੋਲ੍ਹਣ ਵਾਸਤੇ ਰੁਪਿਆ ਪੰਜਾਬ ਨੂੰ ਦਿਤਾ ਹੈ। ਏਨੇ ਸੈਂਟਰਾਂ ਵਿਚੋਂ ਪੰਜਾਬ ਵਿਚ 2500 ਸੈਂਟਰਜ਼ ਖੋਲ੍ਹੇ ਜਾ ਚੁੱਕੇ ਹਨ ਔਰ ਛੇਤੀ ਹੀ 1100 ਸੈਂਟਰਜ਼ ਹੋਰ ਖੋਲ੍ਹ ਦਿੱਤੇ ਜਾਣਗੇ (ਥੰਪਿੰਗ) ਜਿਹੜੇ, ਚੇਅਰਮੈਨ ਸਾਹਿਬ, ਪੰਜਾਬ ਗੌਰਮਿੰਟ ਆਪਣੇ ਵਸੀਲਿਆਂ ਦੇ ਨਾਲ ਸੈਂਟਰਜ਼ ਖੋਲ੍ਹ ਰਹੀ ਹੈ, ਉਹ 300 ਸੈਂਟਰਜ਼ ਹਨ। ਇਨ੍ਹਾਂ ਤੇ 10 ਲੱਖ ਰੁਪਿਆ ਲਗਾ ਕੇ ਇਨ੍ਹਾਂ ਨੂੰ ਖੋਲ੍ਹਿਆ ਜਾਵੇਗਾ। ਇਹ ਪੰਜਾਬ ਗੌਰਮਿੰਟ ਦੇ ਐਫਰਟਸ ਹਨ ਔਰ ਸੈਂਟਰਲ ਗੌਰਮਿੰਟ ਦੇ ਐਫਰਟਸ ਹਨ। ਏਸੇ ਤਰ੍ਹਾਂ, ਚੇਅਰਮੈਨ ਸਾਹਿਬ, ਕੁਝ ਪ੍ਰਾਈਵੇਟ ਏਜੰਸੀਆਂ ਵੀ ਹਨ, ਜਿਹੜੀਆਂ ਕੰਮ ਕਰ ਰਹੀਆਂ ਹਨ ਔਰ ਮਦਦ ਕਰ ਰਹੀਆਂ ਹਨ ਕਿ ਐਡਲਟ ਐਜੂਕੇਸ਼ਨ ਇਸ ਸੂਬੇ ਵਿਚ ਜ਼ਿਆਦਾ ਤੋਂ ਜ਼ਿਆਦਾ ਹੋਵੇ। ਆਸ ਕੀਤੀ ਜਾਂਦੀ ਹੈ ਕਿ ਇਸ ਸਾਲ 1 ਲੱਖ 25 ਹਜ਼ਾਰ ਦੇ ਤਕਰੀਬਨ ਐਡਲਟਸ ਨੂੰ ਐਜੂਕੇਸ਼ਨ ਦਿੱਤੀ ਜਾਵੇਗੀ। ਏਸੇ ਤਰ੍ਹਾਂ ਅਗਲੇ ਸਾਲ ਵਾਸਤੇ ਇਹ ਗਿਣਤੀ ਹੋਰ ਵਧਾ ਦਿੱਤੀ ਜਾਵੇਗੀ। ਜਿੰਨਾ ਚਿਰ ਤਕ ਸੂਬੇ ਵਿੱਚ ਸਾਰੇ ਐਡਲਟਸ ਨੂੰ ਐਜੂਕੇਸ਼ਨ ਨਾ ਦਿੱਤੀ ਜਾਵੇ, ਉਦੋਂ ਤਕ ਤਰੱਕੀ ਨਹੀਂ ਹੋ ਸਕਦੀ। ਇਹ ਅਸੀਂ ਬਾਈ ਸਟੇਜਿਜ਼ ਅੱਗੇ ਲਿਆਵਾਂਗੇ। ਰੁਪਏ ਦੀ ਕੋਈ ਹੈਪੀ ਪੁਜੀਸ਼ਨ ਸੂਬੇ ਵਿਚ ਨਹੀਂ ਹੈ। ਇਸ ਲਈ ਕੋਈ ਜ਼ਿਆਦਾ ਇਨਵੈਸਟਮੈਂਟ ਨਹੀਂ ਹੋ ਸਕਦੀ। ਪਰ ਇਹ ਦਰੁਸਤ ਹੈ ਕਿ ਅਸੀਂ ਇਸ ਲਈ ਵਚਨਬੱਧ ਹਾਂ ਕਿ ਐਡਲਟਸ ਨੂੰ ਐਜੂਕੇਟ ਕੀਤਾ ਜਾਵੇ। ਜਿੰਨਾਂ ਚਿਰ ਤੱਕ ਉਹ ਐਜੂਕੇਟ ਨਹੀਂ ਹੋਣਗੇ, ਉਨ੍ਹਾਂ ਚਿਰ ਤੱਕ ਪੰਜਾਬ ਤਰੱਕੀ ਨਹੀਂ ਕਰ ਸਕੇਗਾ। ਸਾਡੀ ਬੜੀ ਕੋਸ਼ਿਸ਼ ਹੈ ਕਿ ਇਸ ਸਕੀਮ ਨੂੰ ਚਾਲੂ ਰਖਿਆ ਜਾਵੇ। ਪ੍ਰਾਈਵੇਟ ਏਜੰਸੀਆਂ ਜਿਹੜੀਆਂ ਹਨ ਉਨ੍ਹਾਂ ਦਾ ਵੀ ਜ਼ਿਕਰ ਆਇਆ ਹੈ। ਉਨ੍ਹਾਂ ਨੇ ਬੜਾ ਅੱਛਾ ਕੰਮ ਕੀਤਾ ਹੈ ਅਤੇ ਉਹ ਹੋਰ ਵੀ ਸੋਹਣਾ ਕੰਮ ਕਰਨ ਲਈ ਤਤਪਰ ਹਨ। ਏਸੇ ਤਰ੍ਹਾਂ ਕਮਿਊਨਿਟੀ ਪ੍ਰੋਜੈਕਟਸ ਜਿਹੜੇ ਹਨ, ਉਨ੍ਹਾਂ ਵਿੱਚ ਜਿਹੜੇ ਕਮਿਊਨਿਟੀ ਬਲਾਕਸ ਹਨ, ਉਨ੍ਹਾਂ ਵਿਚ 3–3 ਸੈਂਟਰਜ਼ ਖੋਲ੍ਹਣ ਦੀ ਸਾਡੇ ਕੋਲ ਸਕੀਮ ਹੈ। ਅਸੀਂ ਇਸ ਨੂੰ ਇਸ ਸਾਲ ਲਾਗੂ ਕਰਨਾ ਚਾਹੁੰਦੇ ਹਾਂ। ਮੈਂ ਇਨ੍ਹਾਂ ਗੱਲਾਂ ਨਾਲ ਬੇਨਤੀ ਕਰਦਾ ਹਾਂ ਕਿ ਸਰਕਾਰ ਇਸ ਮਤੇ ਦੇ ਹੱਕ ਵਿਚ ਹੈ ਔਰ ਇਸ ਲਈ ਵਚਨਬੱਧ ਹੈ ਲੇਕਿਨ ਸਿਰਫ ਸਟੇਜਿਜ਼ ਨਾਲ ਇਸਨੂੰ ਮੁਕੰਮਲ ਕਰਨਾ ਚਾਹੁੰਦੀ ਹੈ। ਮੈਂ ਆਪਦਾ ਬੜਾ ਧੰਨਵਾਦੀ ਹਾਂ।

Original with;
Punjab Vidhan Sabha
Digitized by;
Panjab Digital Library

**Mr. Chairman :** Question is—

This House recommends to the Government to take effective steps so that the programme of Adult Education is fully and effectively implemented.

*The motion was carried.*

(The next resolution was in the name of Shri Hari Mitter Hans who was not present in the House).

---

## RESOLUTION RE. TAKING OF STEPS TO PREPARE A MASTER PLAN TO TACKLE THE PROBLEM OF FLOODS AND WATER LOGGING IN THE STATE

**Pandit Sarwan Ram Mansowalia** (Garhshankar) : Sir, I beg to move :—

> This House recommends to the Goverment to take steps to prepare a Master Plan to tackle the problem of floods and water loging ihe State on emergent basis and secure completion of the said work up to financial year 1986-87 and, also, to ensure that the Crops of farmers which are constantly damaged by the Flood are insured so that full compensation is given to the affected farmers.

ਚੇਅਰਮੈਨ ਸਾਹਿਬ, ਇਹ ਜਿਹੜਾ ਫਲੱਡਜ਼ ਅਤੇ ਸੇਮ ਦਾ ਮਸਲਾ ਹੈ, ਇਹ ਖਾਸ ਕਰਕੇ ਸਾਡੇ ਸੂਬੇ ਵਾਸਤੇ ਇਕ ਬੜੀ ਭਾਰੀ ਬੀਮਾਰੀ ਹੈ। ਜਿਸ ਵੇਲੇ ਬਰਸਾਤ ਦੇ ਦਿਨਾਂ ਵਿਚ ਬਾਰਸ਼ਾਂ ਹੁੰਦੀਆਂ ਹਨ, ਉਦੋਂ ਪਹਾੜਾਂ ਦੇ ਵਿਚੋਂ ਪਾਣੀ ਜਿਹੜਾ ਹੈ, ਉਹ ਬੜੀ ਤੇਜ਼ੀ ਨਾਲ ਉਤਰਦਾ ਹੈ । ਸਾਡੇ ਕੰਡੀ ਦੇ ਇਲਾਕੇ ਵਿਚ, ਚੇਅਰਮੈਨ ਸਾਹਿਬ, ਤੁਸੀਂ ਵੇਖਿਆ ਹੋਣਾ ਹੈ ਕਿ ਜੋ ਖੱਡਾਂ ਵਗਦੀਆਂ ਹਨ, ਉਨ੍ਹਾਂ ਖੱਡਾਂ ਨੂੰ ਕੱਟ ਕੇ ਪਾਣੀ ਕਈ ਵਾਰ ਖੇਤਾਂ ਦੇ ਖੇਤ ਅਤੇ ਸੈਂਕੜੇ ਏਕੜ ਜ਼ਮੀਨ ਬਹਾ ਕੇ ਲੈ ਜਾਂਦਾ ਹੈ। ਕਈ ਦਫਾ ਆਬਾਦੀਆਂ ਦੇ ਵਿਚ ਜਾ ਕੇ ਵੀ ਕਾਫੀ ਨੁਕਸਾਨ ਕਰਦਾ ਹੈ। ਪਹਾੜੀ ਇਲਾਕੇ ਤੋਂ ਥੱਲੇ ਆ ਕੇ ਦੁਆਬੇ ਦੀ ਧਰਤੀ ਵਿਚ ਸੇਮ ਪੈਦਾ ਕਰਦਾ ਹੈ। ਪਾਣੀ ਉਥੇ ਖੜ੍ਹਾ ਹੋ ਜਾਂਦਾ ਹੈ ਔਰ ਉਸਦੇ ਨਾਲ ਕਾਫੀ ਕਿਸਮ ਦੀਆਂ ਬਿਮਾਰੀਆਂ ਪੈਦਾ ਹੋ ਜਾਂਦੀਆਂ ਹਨ। ਉਥੇ ਜ਼ਮੀਨ ਦੇ ਵਿਚ ਕਦੀ ਵੀ ਕੁਝ ਪੈਦਾ ਨਹੀਂ ਹੁੰਦਾ। ਉਸ ਏਰੀਏ ਵਿਚ ਜੋ ਮਕਾਨ ਹੁੰਦੇ ਹਨ, ਉਹ ਵੀ ਥੱਲੇ ਬਹਿਣ ਲੱਗ ਪੈਂਦੇ ਹਨ ਔਰ ਜ਼ਿਮੀਦਾਰਾਂ ਨੂੰ ਵੀ ਕਾਫੀ ਜ਼ਿਆਦਾ ਨੁਕਸਾਨ ਹੁੰਦਾ ਹੈ। ਇਸ ਕਰਕੇ ਮੈਂ ਇਹ ਸਮਝਦਾ ਹਾਂ ਕਿ ਪੰਜਾਬ ਦੇ ਵਿਚ ਇਸ ਬਿਮਾਰੀ ਨੂੰ ਦੂਰ ਕਰਨ ਵਾਸਤੇ ਕੋਈ ਨਾ ਕੋਈ ਮਾਸਟਰ ਪਲੈਨ ਬਣਾਉਣੀ ਚਾਹੀਦੀ ਹੈ ਤਾਂਕਿ ਇਹ ਬਿਮਾਰੀ ਦੂਰ ਹੋ ਸਕੇ। ਪਹਾੜ ਦੇ ਵਿਚ ਜ਼ਿਆਦਾ ਦਰਖਤ ਲਾਉਣੇ ਚਾਹੀਦੇ ਹਨ ਤਾਂ ਕਿ ਪਾਣੀ ਦਾ ਬਹਾਓ ਰੁਕ ਰੁਕ ਕੇ ਆਵੇ ਔਰ ਜੋ ਜ਼ਮੀਨ ਦਾ ਕਟਾਓ ਹੈ, ਉਹ ਘੱਟ ਹੋਵੇ। ਇਸ ਨਾਲ ਜੋ ਤਬਾਹੀ ਹੁੰਦੀ ਹੈ, ਉਹ ਰੁਕ ਸਕਦੀ ਹੈ। ਇਸ ਤੋਂ ਇਲਾਵਾ ਕੁਝ ਹੋਰ ਸਕੀਮਾਂ ਬਣਾਉਣੀਆਂ ਚਾਹੀਦੀਆਂ ਹਨ। ਮਿੱਨੀ ਡੈਮ ਬਣਾਉਣੇ ਚਾਹੀਦੇ ਹਨ ਜਿਸ ਤਰ੍ਹਾਂ ਕਿ ਢੋਲਬਾਹਾ ਅਤੇ ਮਿਨੀ ਡੈਮ ਬਣ ਰਹੇ ਹਨ। ਸਾਡੇ ਕੰਡੀ ਦੇ ਇਲਾਕੇ ਵਿਚ ਇਸ ਤਰ੍ਹਾਂ ਦੇ ਡੈਮ ਬਣਾ ਕੇ ਪਾਣੀ ਨੂੰ ਰੋਕਣਾ ਚਾਹੀਦਾ ਹੈ। ਇਸ ਤਰੀਕੇ ਨਾਲ ਅਸੀਂ ਹੜ੍ਹਾਂ ਦੀ ਬੀਮਾਰੀ ਤੋਂ ਬਚ ਸਕਦੇ ਹਾਂ ਅਤੇ ਕਾਫੀ ਤੋਂ ਜ਼ਿਆਦਾ ਰਕਬਾ ਫਲੱਡਾਂ ਤੋਂ ਬਚਾ ਕੇ ਕਾਬਲੇ-ਕਾਸ਼ਤ ਬਣਾਇਆ ਜਾ ਸਕਦਾ ਹੈ। ਇਸ ਵਾਸਤੇ ਗੌਰਮਿੰਟ ਨੂੰ ਕੋਈ ਪਰਮਾਨੈਂਟ ਪਲੈਨ ਬਣਾਉਣੀ ਚਾਹੀਦੀ ਹੈ। ਫਲੱਡ ਆਉਣ ਨਾਲ ਹੁਸ਼ਿਆਰਪੁਰ ਵਿਖੇ ਭੰਗੀ ਦੇ ਇਲਾਕੇ ਵਿਚ ਲੋਕਾਂ ਦਾ, ਮਕਾਨਾਂ ਦਾ ਅਤੇ ਜ਼ਮੀਨਾਂ ਦਾ ਕਾਫੀ ਨੁਕਸਾਨ ਹੋਇਆ। ਤੁਹਾਡੇ

Original with;
Punjab Vidhan Sabha
Digitized by;
Panjab Digital Library

[ਪੰਡਿਤ ਸਰਵਣ ਰਾਮ ਮਨਸੋਵਾਲੀਆ]

ਹਲਕੇ ਵਿਚ ਵੀ, ਚੇਅਰਮੈਨ ਸਾਹਿਬ, ਇਹ ਬਿਮਾਰੀ ਕਾਫੀ ਹੈ। ਇਨ੍ਹਾਂ ਖੱਡਾਂ ਦਾ ਰੂਪ ਬਦਲਿਆ ਜਾ ਸਕਦਾ ਹੈ ਔਰ ਮਿੰਨੀ ਡੈਮ ਬਣਾਉਣ ਨਾਲ 5–5, 6–6 ਹਜ਼ਾਰ ਏਕੜ ਜ਼ਮੀਨ ਕਾਬਲੇ-ਕਾਸ਼ਤ ਬਣਾਈ ਜਾ ਸਕਦੀ ਹੈ। ਜਿਸ ਤਰ੍ਹਾਂ ਤੁਸੀਂ ਹੁਣੇ ਕਿਹਾ ਸੀ, ਸਾਡਾ ਇਲਾਕਾ ਗਰੀਬੀ ਦਾ ਮਾਰਿਆ ਇਲਾਕਾ ਹੈ। ਕਿਤੇ ਪਾਣੀ ਜ਼ਿਆਦਾ ਹੈ ਅਤੇ ਕਿਤੇ ਪਾਣੀ ਬਿਲਕੁਲ ਨਹੀਂ। ਜ਼ਮੀਨ ਬੈਰਾਨੀ ਹੈ। ਚੇਅਰਮੈਨ ਸਾਹਿਬ, ਤੁਸੀਂ ਕਾਂਗਰਸ ਨੂੰ ਕੋਸ ਰਹੇ ਸੀ । ਇਹ ਕਾਂਗਰਸ ਹੀ ਹੈ ਜਿਸ ਨੇ ਸਾਡੇ ਇਲਾਕੇ ਵਿਚ ਟਿਊਬਵੈਲ ਲਗਵਾਏ। ਪਾਣੀ ਨੂੰ ਰੋਕਣ ਲਈ ਡੈਮ ਬਣਾਏ ਜਾਣ ਅਤੇ ਬੈਰਾਨੀ ਜ਼ਮੀਨ ਵਾਸਤੇ ਪਾਣੀ ਮੁਹੱਈਆ ਕੀਤਾ ਜਾਵੇ। ਸਾਡੀ ਜ਼ਮੀਨ ਦੀ ਯੂਨੀਵਰਸਿਟੀ ਤੋਂ ਸਰਕਾਰ ਨੇ ਰਿਸਰਚ ਕਰਵਾਈ ਹੈ। ਬਲੌਆ ਵਿਚ ਤਜਰਬਾ ਕੀਤਾ ਜਾ ਰਿਹਾ ਹੈ ਕਿ ਜਿਹੜੀ ਬੈਰਾਨੀ ਜ਼ਮੀਨ ਹੈ, ਉਸ ਤੋਂ ਕਿਸ ਤਰ੍ਹਾਂ ਫਸਲ ਲਈ ਜਾ ਸਕਦੀ ਹੈ। ਮੈਂ ਸਮਝਦਾ ਹਾਂ ਕਿ ਅਸੀਂ ਇਸ ਗੱਲ ਵੱਲ ਨਾ ਜਾਂਦੇ ਹੋਏ ਸਰਕਾਰ ਦਾ ਧਿਆਨ ਇਸ ਪਾਸੇ ਦਿਵਾਈਏ ਕਿ ਕੋਈ ਪਰਮਾਨੈਂਟ ਪਲੈਨ ਬਣਾ ਕੇ ਛੋਟੇ ਛੋਟੇ ਡੈਮ ਬਣਾਏ ਜਾਣ ਅਤੇ ਜ਼ਿਆਦਾ ਦਰਖਤ ਲਗਾਏ ਜਾਣ ਤਾਂ ਜੋ ਪਾਣੀ ਦੇ ਕਟਾਓ ਨੂੰ ਰੋਕਿਆ ਜਾ ਸਕੇ। ਇਸ ਕਰਕੇ ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਦਰਖਾਸਤ ਕਰਾਂਗਾ ਕਿ ਇਹ ਜੋ ਸਕੀਮ ਹੈ, ਇਸ ਨੂੰ ਪਰਮਾਨੈਂਟ ਤੌਰ ਤੇ ਬਣਾ ਕੇ ਪੰਜਾਬ ਦੇ ਵਿਚ ਲਾਗੂ ਕੀਤਾ ਜਾਵੇ। ਜਿਹੜੀਆਂ ਡਰੇਨਾਂ ਬਣਾਈਆਂ ਜਾਂਦੀਆਂ ਹਨ, ਉਹ ਹਰ ਸਾਲ ਪੂਰੀਆਂ ਜਾਂਦੀਆਂ ਹਨ ਜਾਂ ਰੁੜ੍ਹ ਜਾਂਦੀਆਂ ਹਨ ਔਰ ਲੋਕਾਂ ਦਾ ਬਹੁਤ ਨੁਕਸਾਨ ਹੁੰਦਾ ਹੈ । ਕੰਡੀ ਏਰੀਏ ਵਿਚ ਛੋਟੇ ਛੋਟੇ ਡੈਮ ਬਣਨ ਨਾਲ ਲੋਕਾਂ ਨੂੰ ਪਾਣੀ ਮਿਲ ਸਕਦਾ ਹੈ। ਦਰਖਤ ਜ਼ਿਆਦਾ ਲਗਾਉਣ ਨਾਲ ਪਹਾੜਾਂ ਵਿਚ ਪਾਣੀ ਜਜ਼ਬ ਹੋਵੇਗਾ ਔਰ ਉਥੇ ਹਰਿਆਲੀ ਆਵੇਗੀ। ਇਹੋ ਜਿਹੀਆਂ ਪਲੈਨਾਂ ਬਣਾ ਕੇ ਲੋਕਾਂ ਦੇ ਭਲੇ ਦਾ ਕੰਮ ਕੀਤਾ ਜਾਵੇ। ਜੈ ਹਿੰਦ।

**Mr. Chairman** : Motion moved—

> This House recommends to the Government to take steps to prepare a Master Plan to tackle the problem of floods and water loggiag in the State on emergent basis aad secure the completion of the said work upto financial year 1986-87 and also, to ensure that the Crops of farmers which are constantly damaged by the Floods are insured so that full compensation is given to the affected farmers.

**ਸਰਦਾਰ ਦਲੀਪ ਸਿੰਘ ਪਾਂਧੀ** (ਅਮਲੋਹ, ਐਸ. ਸੀ.) : ਚੇਅਰਮੈਨ ਸਾਹਿਬ, ਜੇ ਕਿਤੇ ਕੋਈ ਨੁਕਸਾਨ ਹੁੰਦਾ ਹੈ ਤਾਂ ਇਸ ਦੀ ਜ਼ਿੰਮੇਵਾਰੀ ਇਨ੍ਹਾਂ ਦੀ ਹੀ ਹੈ। ਇਹ ਸਿਰਫ ਬੋਲਣਾ ਹੀ ਜਾਣਦੇ ਹਨ। ਇਨ੍ਹਾਂ ਦੇ ਮਤੇ ਤਿਆਰ ਹੋ ਕੇ ਦਫਤਰੋਂ ਆ ਜਾਂਦੇ ਹਨ ਅਤੇ ਇਹ ਇਥੇ ਪੇਸ਼ ਕਰ ਦਿੰਦੇ ਹਨ। ਇਹ ਜਿਹੜੇ ਹਾਲਾਤ ਵਿਗੜੇ ਹਨ, ਪਾਣੀ ਦਾ ਮਸਲਾ ਹੈ ਜਾਂ ਚੋਆਂ ਦਾ ਜਾਂ ਪਾਣੀ ਨਹੀਂ ਮਿਲ ਰਿਹਾ, ਇਸ ਦੇ ਜ਼ਿੰਮੇਵਾਰ ਇਹ ਹੀ ਹਨ। ਸਭ ਇਨ੍ਹਾਂ ਦੀ ਕਿਰਪਾ ਹੈ। ਇਨ੍ਹਾਂ ਨੇ ਸਟੇਟ ਨੂੰ ਕਦੀ ਤਰਜੀਹ ਨਹੀਂ ਦਿੱਤੀ। ਨਾ ਹੀ ਕਦੀ ਕੋਈ ਸਰਵੇ ਕਰਵਾਇਆ ਹੈ। ਇਹ ਤਾਂ ਇਥੇ ਗੱਲਾਂ ਕਰਕੇ ਸਾਰ ਲੈਂਦੇ ਹਨ। ਇਹ ਤਾਂ ਸਾਡੀ ਪਾਰਟੀ ਦੀ ਫਰਾਖਦਿਲੀ ਹੈ ਕਿ ਅਸੀਂ ਇਨ੍ਹਾਂ ਨਾਲ ਸਹਿਮਤ ਹੋ ਜਾਂਦੇ ਹਾਂ। ਵੈਸੇ ਜ਼ਿੰਮੇਵਾਰੀ ਇਹੋ ਜਿਹੇ ਹਾਲਾਤ ਵਾਸਤੇ ਸਾਰੀ ਇਨ੍ਹਾਂ ਦੀ ਹੀ ਹੈ। ਜੇ ਢੋਲਬਾਹਾ ਡੈਮ ਬਣਿਆ ਹੈ ਤਾਂ ਉਸ ਵਾਸਤੇ ਸਾਡੀ ਸਰਕਾਰ ਨੇ ਹੀ ਵਰਲਡ ਬੈਂਕ ਤੋਂ ਲੋਨ ਲੈ ਕੇ ਦਿੱਤਾ ਹੈ। ਉਂਜ ਮੈਂ ਇਸ ਗੱਲ ਨਾਲ ਸਹਿਮਤ ਹਾਂ ਕਿ ਛੋਟੇ ਛੋਟੇ ਡੈਮ ਬਣਨੇ ਚਾਹੀਦੇ ਹਨ। ਡਰੇਨਜ ਸਿਸਟਮ ਨੂੰ ਠੀਕ ਕੀਤਾ ਜਾਣਾ ਚਾਹੀਦਾ ਹੈ । ਸਰਹੰਦ ਚੋਅ ਜੋ ਹੈ,

Original with;
Punjab Vidhan Sabha
Digitized by;
Panjab Digital Library

ਉਹ 1977 ਵਿਚ ਕੰਪਲੀਟ ਹੋ ਜਾਣੀ ਸੀ। ਮੀਂਹ ਪੈਂਦਾ ਹੈ ਤਾਂ ਕੀਤਾ ਕਰਾਇਆ ਸਭ ਸਾਫ ਹੋ ਜਾਂਦਾ ਹੈ। ਇਸੇ ਤਰ੍ਹਾਂ ਪਟਿਆਲਾ ਕੀ ਰਾਓ ਹੈ ਜਿਸ ਤੋਂ ਇਹ ਤੁਹਾਡੀ ਝੀਲ ਬਣੀ ਹੈ ਜਿਸ ਵਿਚ ਸ਼ਰਾਬੀ ਕਬਾਬੀ ਅਤੇ ਕਾਂਗਰਸੀ ਡੁੱਬ ਕੇ ਮਰ ਜਾਂਦੇ ਹਨ। ਝੰਬੋ ਦੀ ਚੋਅ ਕੰਪਲੀਟ ਹੈ। ਇਨ੍ਹਾਂ ਦੀ ਸਰਕਾਰ ਨੇ ਪਹਾੜਾਂ ਵਿਚੋਂ ਆਉਂਦੇ ਪਾਣੀ ਨੂੰ ਕੰਟਰੋਲ ਕਰਨ ਦੀ ਕੋਸ਼ਿਸ਼ ਨਹੀਂ ਕੀਤੀ। ਇਸੇ ਤਰ੍ਹਾਂ ਥੀਨ ਡੈਮ ਦਾ ਮਸਲਾ ਹੈ। ਜੇ ਤੁਸੀਂ ਇਸਨੂੰ ਅੱਜ ਤੋਂ 20 ਸਾਲ ਪਹਿਲਾਂ ਬਣਾ ਲੈਂਦੇ ਤਾਂ ਇਹੋ ਜਿਹੇ ਮਸਲੇ ਖੜ੍ਹੇ ਨਾ ਹੁੰਦੇ। ਡਰੇਨੇਜ ਮਹਿਕਮਾ ਮਸਨੂਈ ਬੰਨ੍ਹ ਲਾ ਦਿੰਦਾ ਹੈ। ਬਾਰਸ਼ ਆਉਂਦੀ ਹੈ ਤਾਂ ਉਹ ਟੁੱਟ ਜਾਂਦੇ ਹਨ। ਡਰੇਨੇਜ ਮਹਿਕਮੇ ਦੇ ਬਹੁਤ ਸਾਰੇ ਅਫਸਰਾਂ ਦੇ ਖਿਲਾਫ ਇਨਕੁਆਇਰੀਆਂ ਚਲ ਰਹੀਆਂ ਹਨ। ਇਹ ਲੋਕ ਪੈਸਾ ਖਾ ਜਾਂਦੇ ਹਨ ਅਤੇ ਹਿੱਸਾ ਕਾਂਗਰਸੀਆਂ ਨੂੰ ਵੀ ਪਹੁੰਚ ਜਾਂਦਾ ਹੈ। ਜੇ ਉਹ ਇਥੋਂ ਬੱਚ ਜਾਂਦੇ ਹਨ ਤਾਂ ਦਿੱਲੀ ਤੋਂ ਪਰੋਟੈਕਸ਼ਨ ਲੈ ਲੈਂਦੇ ਹਨ। ਇਹ ਕਹਿੰਦੇ ਹਨ ਕਿ ਸਾਰੇ ਪਾਣੀ ਨੂੰ ਕਾਬੂ ਕਰ ਲਿਆ ਜਾਵੇ ਔਰ ਸਾਰੇ ਸਟੇਟ ਦਾ ਸਰਵੇ ਕਰਵਾ ਕੇ ਪਾਣੀ ਦੇ ਨਿਕਾਸ ਦਾ ਇੰਤਜ਼ਾਮ ਕਰ ਲਿਆ ਜਾਵੇ। ਅਸੀਂ ਤਾਂ ਇਹ ਸਭ ਕੁਝ ਕਰਨ ਲਈ ਤਿਆਰ ਹਾਂ ਪਰ ਦਿੱਲੀ ਦੀ ਸਰਕਾਰ ਸਾਨੂੰ ਪੈਸਾ ਹੀ ਨਹੀਂ ਦਿੰਦੀ। ਇਹ ਦਿੱਲੀ ਤੋਂ ਪੈਸਾ ਲੈ ਦੇਣ, ਅਸੀਂ ਤਾਂ 2 ਦਿਨਾਂ ਦੇ ਵਿਚ ਹੀ ਇਹ ਡੈਮ ਬਣਵਾ ਦਿਆਂਗੇ। ਸਾਡੇ ਕੋਲ ਪੈਸਾ ਨਹੀਂ ਹੈ। ਸਾਡੇ ਕੋਲ ਰਿਸੋਰਸਿਜ਼ ਨਹੀਂ ਹਨ। ਦਿੱਲੀ ਤੋਂ ਪੈਸਾ ਇਨ੍ਹਾਂ ਨੂੰ ਲਿਆਕੇ ਦੇਣਾ ਚਾਹੀਦਾ ਹੈ (ਵਿਘਨ) ਇਹ ਪੈਸਾ ਲਿਆਉਣ ਦੀ ਜ਼ਿੰਮੇਵਾਰੀ ਇਨ੍ਹਾਂ ਦੀ ਹੈ ਜੋ ਕਿ ਇਹ ਨਿਭਾਉਂਦੇ ਨਹੀਂ ਹਨ। ਪੈਸਾ ਸਟੇਟ ਕੋਲ ਨਹੀਂ ਹੈ। ਅਗਰ ਪੈਸਾ ਆ ਜਾਏ ਤਾਂ ਡਰੇਨੇਜ ਸਿਸਟਮ ਬਣ ਸਕਦਾ ਹੈ। ਵਰਲਡ ਬੈਂਕ ਦੀ ਰਿਕੁਮੈਂਡੇਸ਼ਨ ਹੈ ਕਿ ਟਿਊਬਵੈਲਜ਼ ਲਈ ਲੋਨ ਨਾ ਦਿਓ ਕਿਉਂਕਿ ਵਾਟਰ ਲੈਵਲ ਨੀਚਾ ਜਾ ਰਿਹਾ ਹੈ। ਫਰੀਦਕੋਟ ਵਾਟਰ ਲਾਗਿੰਗ ਏਰੀਆ ਬਣ ਗਿਆ ਹੈ। ਪਾਣੀ ਦੇ ਨਿਕਾਸ ਦਾ ਸਿਸਟਮ ਨਹੀਂ ਰਿਹਾ। ਨਹਿਰਾਂ ਵਿਚ ਪਾਣੀ ਪੂਰਾ ਨਹੀਂ ਹੈ। ਇਸ ਪਾਸੇ ਸਟੇਟ ਦੀ ਕੋਈ ਪਲੈਨਿੰਗ ਨਹੀਂ ਹੈ। ਭਾਰਤ ਸਰਕਾਰ ਨੇ ਕੋਈ ਤਵੱਜੋ ਨਹੀਂ ਦਿੱਤੀ। 1970 ਵਿਚ 100 ਕਰੋੜ ਰੁਪਿਆ ਪਾਕਿਸਤਾਨ ਨੂੰ ਦਿੱਤਾ ਅੱਤੇ ਅਜ ਵੀ ਪਾਣੀ ਜ਼ਾਇਆ ਜਾ ਰਿਹਾ ਹੈ। ਜੋ ਪਾਣੀ ਉਥੋਂ ਆਉਂਦਾ ਹੈ ਉਸ ਨੂੰ ਕਾਬੂ ਕਰਨਾ ਚਾਹੀਦਾ ਹੈ। ਛੋਟੇ ਛੋਟੇ ਡੈਮ ਬਣਾਕੇ ਪਾਣੀ ਦੀ ਜਦੋਂ ਲੋੜ ਪਏ ਤਾਂ ਉਸ ਦੀ ਵਰਤੋਂ ਕਰਨੀ ਚਾਹੀਦੀ ਹੈ ਔਰ ਪਾਣੀ ਜ਼ਾਇਆ ਨਹੀਂ ਜਾਣਾ ਚਾਹੀਦਾ। ਸਾਰੇ ਪੰਜਾਬ ਦਾ ਸਰਵੇ ਕਰਵਾਉਣਾ ਚਾਹੀਦਾ ਹੈ। ਸੜਕਾਂ, ਨਹਿਰਾਂ, ਸੂਏ ਬਣਨ ਨਾਲ, ਜ਼ਮੀਨਾਂ ਆਬਾਦ ਹੋਣ ਨਾਲ ਪਾਣੀ ਦੇ ਨਿਕਾਸ ਦਾ ਪਰਬੰਧ ਨਹੀਂ ਰਿਹਾ। ਜਦੋਂ ਬਾਰਸ਼ਾਂ ਆਉਂਦੀਆਂ ਹਨ ਤਾਂ ਮੁਸ਼ਕਿਲ ਪੇਸ਼ ਆਉਂਦੀ ਹੈ। ਇਸ ਲਈ ਇਕ ਕੰਪਰੀਹੈਂਸਿਵ ਸਕੀਮ ਬਣਾਕੇ ਸਰਕਾਰ ਨੂੰ ਇਸ ਦਾ ਹੱਲ ਕੱਢਣਾ ਚਾਹੀਦਾ ਹੈ। ਸਰਕਾਰ ਦੀਆਂ ਹਦਾਇਤਾਂ ਹਨ ਕਿ ਜੇਕਰ ਕਿਸੇ ਪਿੰਡ ਦਾ 50% ਨੁਕਸਾਨ ਹੋਏਗਾ ਤਾਂ ਉਸ ਪਿੰਡ ਨੂੰ ਮੁਆਵਜ਼ਾ ਨਹੀਂ ਦਿੱਤਾ ਜਾਏਗਾ। ਵੱਡੀਆਂ ਫਸਲਾਂ ਦਾ ਨੁਕਸਾਨ ਹੁੰਦਾ ਹੈ ਡੇਢ ਦੋ ਸਾਲ ਦੀ ਗੱਲ ਹੈ ਕਣਕਾਂ ਪਈਆਂ ਸਨ ਅਤੇ ਮੀਂਹ ਪੈਣ ਨਾਲ ਖਰਾਬ ਹੋ ਗਈਆਂ ਪਰ ਉਸ ਦਾ ਕੋਈ ਮੁਆਵਜ਼ਾ ਨਹੀਂ ਦਿੱਤਾ ਗਿਆ। ਸਰਕਾਰ ਨੂੰ ਮਾਰਕਿਟਿੰਗ ਬੋਰਡ ਰਾਹੀਂ ਸ਼ੈਡ ਬਣਾਕੇ ਦੇਣੇ ਚਾਹੀਦੇ ਹਨ ਤਾਂਕਿ ਲੋਕ ਫਸਲ ਉਥੇ ਰਖ ਸਕਣ। ਇਹ ਐਗਰੀਕਲਚਰ ਪ੍ਰਧਾਨ ਸੂਬਾ ਹੈ। ਪਰ ਇਸਦੀ ਦੇਖ-ਭਾਲ ਲਈ ਸਰਕਾਰ ਨੇ ਕੋਈ ਪਰਬੰਧ ਨਹੀਂ ਕੀਤਾ ਹੈ। ਕਣਕ ਵੱਢੀ ਪਈ ਹੈ, ਮੀਂਹ ਪੈ ਜਾਂਦਾ ਹੈ ਪਰ ਉਸਦੇ ਗੋਡਾਊਨਜ਼ ਲਈ ਕੋਈ ਪਰਬੰਧ ਨਹੀਂ ਹੈ। ਗੋਡਾਊਨ, ਤਰਪਾਲਾਂ ਅਤੇ ਚਾਦਰਾਂ ਆਦਿ ਉਨ੍ਹਾਂ ਨੂੰ ਦੇਣੇ ਚਾਹੀਦੇ ਹਨ ਤਾਂਕਿ ਉਹ ਆਪਣੀ ਜਿਣਸ

Original with;
Punjab Vidhan Sabha
Digitized by;
Panjab Digital Library

[ਸਰਦਾਰ ਦਲੀਪ ਸਿੰਘ ਪਾਂਧੀ]

ਦੀ ਸੰਭਾਲ ਕਰ ਸਕਣ। ਇਹ ਨੈਸ਼ਨਲ ਲਾਸ ਹੋ ਰਿਹਾ ਹੈ। ਇਸ ਤੋਂ ਇਲਾਵਾ ਇਸ ਪਾਸੇ ਸਰਕਾਰ ਨੂੰ ਤਵੱਜੋ ਦੇਣੀ ਚਾਹੀਦੀ ਹੈ। ਇਸ ਲਈ ਪੈਸੇ ਭਾਰਤ ਸਰਕਾਰ ਨੂੰ ਦੇਣੇ ਚਾਹੀਦੇ ਹਨ। ਫਸਲਾਂ ਫਲੱਡ ਅਫੈਕਟਿਡ ਹੋ ਜਾਂਦੀਆਂ ਹਨ ਜੋ ਕਿ ਬਾਅਦ ਵਿਚ ਵਿਕਦੀਆਂ ਨਹੀਂ ਹਨ, ਭਾਰਤ ਸਰਕਾਰ ਉਸਨੂੰ ਖਰੀਦਦੀ ਨਹੀਂ ਹੈ। ਉਸ ਵਿਚ ਗਬਨ ਹੁੰਦੇ ਹਨ ਔਰ ਮਸਨੂਈ ਪਰਮਿਟ ਜਾਰੀ ਹੁੰਦੇ ਹਨ। ਇਹ ਕਣਕ ਪੂਲ ਵਿਚ ਨਹੀਂ ਜਾਂਦੀ। ਜਿਹੜੀ ਵਾਟਰ ਲਾਗਿੰਗ, ਫਲੱਡਜ਼ ਦੀ ਪਰਾਬਲਮ ਹੈ ਇਹ ਬਹੁਤ ਪੁਰਾਣੀ ਹੈ, ਇਸ ਵਲ ਸਰਕਾਰ ਨੂੰ ਸਹਿਯੋਗ ਦੇ ਕੇ ਇਸ ਨੂੰ ਕਾਮਯਾਬ ਕਰਨਾ ਚਾਹੀਦਾ ਹੈ। ਪੈਸੇ ਦਿੱਲੀ ਤੋਂ ਲੈ ਕੇ ਦੇਣੇ ਚਾਹੀਦੇ ਹਨ ਤਾਂਕਿ ਇਸ ਦੀ ਸੰਭਾਲ ਹੋ ਸਕੇ ਅਤੇ ਲੋੜਵੰਦਾਂ ਨੂੰ ਦੇਣੀ ਚਾਹੀਦੀ ਹੈ। ਡਰੇਨੇਜ ਦੇ ਮਹਿਕਮੇਂ ਨੇ ਅੰਕੜੇ ਇਕੱਠੇ ਕਰਕੇ ਕਈ ਪ੍ਰੋਪੋਜ਼ਲਜ਼ ਦਿੱਤੀਆਂ ਹਨ ਪਰ ਉਨ੍ਹਾਂ ਲਈ ਕੋਈ ਪੈਸਾ ਨਹੀਂ ਹੈ। ਸਰਕਾਰ ਦਾ ਅਨ-ਪ੍ਰੋਡਕਟਿਵ ਖਰਚਾ ਬਹੁਤ ਵਧ ਗਿਆ ਹੈ।

ਅਖਬਾਰਾਂ ਵਿਚ ਇਨ੍ਹਾਂ ਵੇਲੇ ਵਜੀਰਾਂ ਦੀਆਂ ਫੋਟੋਆਂ ਦਿੱਤੀਆਂ ਜਾਂਦੀਆਂ ਸਨ ਔਰ ਹੁਣ ਸਾਡੇ ਵਜੀਰਾਂ ਦੀਆਂ ਫੋਟੋਆਂ ਵੀ ਆ ਰਹੀਆਂ ਹਨ। ਇਹ ਫਜ਼ੂਲ ਖਰਚਾ ਹੈ ਔਰ ਇਹ ਬੰਦ ਹੋਣਾ ਚਾਹੀਦਾ ਹੈ। ਪਬਲਿਸਿਟੀ ਵਾਲਿਆਂ ਨੇ ਇੰਦਰਾ ਗਾਂਧੀ ਨੂੰ ਕਹਿ ਦਿੱਤਾ ਸੀ ਕਿ ਉਹ ਜਿੱਤ ਜਾਏਗੀ ਇਲੈਕਸ਼ਨਜ਼ ਕਰਾ ਲਏ ਜਾਣ। ਪਰ ਇਲੈਕਸ਼ਨਜ਼ ਕਰਾਉਣ ਤੇ ਉਹ ਹਾਰ ਗਈ। ਇਸ ਤਰ੍ਹਾਂ ਨਾਲ ਪਬਲਿਸ਼ਿਟੀ ਤੇ ਡੀਪੈਂਡ ਨਹੀਂ ਕਰਨਾ ਚਾਹੀਦਾ। ਯੂ. ਐਨ. ਆਈ. ਦੀਆਂ ਮਸ਼ੀਨਾਂ ਜਿਲ੍ਹਾ ਲੋਕ ਸੰਪਰਕ ਅਫਸਰਾਂ ਦੇ ਦਫ਼ਤਰਾਂ ਵਿਚ ਲਾਈਆਂ ਗਈਆਂ ਹਨ ਇਸ ਨਾਲ ਹੋਰ ਅਖਬਾਰਾਂ ਵਾਲੇ ਇਤਰਾਜ਼ ਕਰਨਗੇ। ਪਹਿਲਾਂ ਹੀ ਅਜਿਹੀਆਂ ਮਸ਼ੀਨਾਂ ਕਈ ਹੋਰ ਅਧਿਕਾਰੀਆਂ ਦੇ ਲੱਗੀਆਂ ਹੋਈਆਂ ਹਨ। ਨਵੀਆਂ ਦਾ ਕੋਈ ਲਾਭ ਨਹੀਂ ਹੈ। ਪਬਲਿਕ ਰਿਲੇਸ਼ਨਜ਼ ਤੇ ਫਜ਼ੂਲ ਖਰਚਾ ਹੋ ਰਿਹਾ ਹੈ। ਫਲੱਡਜ਼ ਬਾਰੇ ਜੋ ਕਾਂਗਰਸ ਵੇਲੇ ਗੰਦੇ ਕੰਮ ਹੁੰਦੇ ਸਨ ਪਬਲਿਕ ਰਿਲੈਸ਼ਨਜ਼ ਰਾਹੀਂ ਇਨ੍ਹਾਂ ਦੇ ਗੰਦੇ ਕੰਮਾਂ ਬਾਰੇ ਲੋਕਾਂ ਨੂੰ ਦੱਸਣਾ ਚਾਹੀਦਾ ਹੈ। ਪਬਲਿਕ ਰਿਲੈਸ਼ਨਜ਼ ਦੇ ਜੁਆਇੰਟ ਡਾਇਰੈਕਟਰ ਨੇ 500 ਰੁਪਏ ਮੰਗੇ ਸੀ। ਇਹ ਨਿਪੁੰਨਸਿਕ ਮਹਿਕਮਾ ਤੁਹਾਡਾ ਗਲਤ ਪ੍ਰਚਾਰ ਕਰਦਾ ਹੈ। ਇਨ੍ਹਾਂ ਨੂੰ ਪਿੰਡਾਂ ਵਿਚ ਭੇਜਣਾ ਚਾਹੀਦਾ ਹੈ। ਸਿਰੀ ਰਾਮ ਅਰਸ਼, ਜੁਆਇੰਟ ਡਾਇਰੈਕਟਰ ਨੇ 500 ਰੁਪਏ ਐਕਰੀਡੀਸ਼ਨ ਕਾਰਡ ਬਣਾਉਣ ਦੇ ਬੱਸੀ ਪਠਾਣਾਂ ਦੇ ਰਾਮ ਸੇਵਕ ਛਤਵਾਲ ਤੋਂ ਮੰਗੇ। ਜਦ ਮੈਂ ਉਸਨੂੰ ਕਿਹਾ ਕਿ ਮੈਂ ਤੇਰੇ ਬਾਰੇ ਕਹਾਂਗਾ ਤਾਂ ਉਹ ਕਹਿਣ ਲੱਗਾ ਕਿ ਮੈਂ ਹਰੀਜਨ ਹਾਂ। ਮੈਂ ਕਿਹਾ ਹਰੀਜਨਾਂ ਦਾ ਮੈਂ ਠੇਕਾ ਲਿਆ ਹੈ ਜੇਕਰ ਤੂੰ ਗਲਤ ਕੰਮ ਕਰਦਾ ਹੈਂ ਤਾਂ ਮੈਂ ਜ਼ਰੂਰ ਕਹਾਂਗਾ। ਇਸ ਮਹਿਕਮੇ ਦੇ ਕਰਮਚਾਰੀਆਂ ਨੂੰ, ਲੋਕਾਂ ਨੂੰ ਐਜੂਕੇਟ ਕਰਨ ਲਈ ਕਿ ਵਾਲੰਟਰੀ ਗਲੀਆਂ ਨਾਲੀਆਂ ਖੁੱਲੀਆਂ ਕਰਨੀਆਂ ਚਾਹੀਦੀਆਂ ਹਨ ਆਦਿ ਇਸ ਲਈ ਇਨ੍ਹਾਂ ਨੂੰ ਪਿੰਡਾਂ ਵਿਚ ਭੇਜਣਾ ਚਾਹੀਦਾ ਹੈ। ਪੈਸੇ ਦੀ ਬਹੁਤ ਲੋੜ ਹੈ ਔਰ ਪੈਸਾ ਸਾਡੇ ਕੋਲ ਨਹੀਂ ਹੈ। ਘਾਟੇ ਵਿਚ ਸਟੇਟ ਜਾ ਰਹੀ ਹੈ। ਪੈਸੇ ਨਾਲ ਹੀ ਸਾਰਾ ਕੰਮ ਚੱਲਣਾ ਹੈ। ਸਟੇਟ ਨੂੰ ਆਪਣੇ ਰਿਸੋਰਸਿਜ਼ ਪੈਦਾ ਕਰਨੇ ਚਾਹੀਦੇ ਹਨ। ਇਹ ਜੋ ਮੈਂਬਰ ਸਾਹਮਣੇ ਬੈਠੇ ਹਨ ਇਹ ਵਰਲਡ ਬੈਂਕ ਤੋਂ ਸਾਨੂੰ ਪੈਸਾ ਦਿਵਾਉਣ। ਕਈ ਦੇਸ਼ ਸਾਡੀ ਮੱਦਦ ਕਰਨ ਨੂੰ ਤਿਆਰ ਹਨ। ਪਰ ਕੋਈ ਵੀ ਸਟੇਟ ਕਿਸੇ ਬਾਹਰ ਦੇ ਦੇਸ਼ ਨਾਲ ਗਲਬਾਤ ਨਹੀਂ ਕਰ ਸਕਦੀ। ਹਰ ਸਟੇਟ ਸੈਂਟਰ ਰਾਹੀਂ ਹੀ ਉਸ ਨਾਲ ਗੱਲਬਾਤ ਕਰ ਸਕਦੀ ਹੈ। ਵਰਲਡ ਬੈਂਕ ਨਾਲ ਸਟੇਟ ਨੂੰ ਆਪ ਗੱਲ ਕਰਨੀ ਚਾਹੀਦੀ ਹੈ। ਜਦੋਂ ਪਾਣੀ ਆ ਜਾਂਦਾ ਹੈ ਤਾਂ ਉਸ ਨਾਲ ਕਈ ਮੌਤਾਂ ਹੋ ਜਾਂਦੀਆਂ ਹਨ ਅਤੇ ਮਕਾਨ ਢਹਿ ਜਾਂਦੇ ਹਨ। ਅਗਰ ਕੋਈ ਏਜੰਸੀ ਸਾਡੀ ਮਦਦ ਕਰਨਾ ਚਾਹੇ ਤਾਂ ਇਜਾਜ਼ਤ ਹੋਣੀ ਚਾਹੀਦੀ ਹੈ ਕਿ ਉਹ

Original with;
Punjab Vidhan Sabha
Digitized by;
Panjab Digital Library

ਸਾਡੀ ਮਦਦ ਕਰ ਸਕੇ ਔਰ ਅਸੀਂ ਉਸ ਨਾਲ ਗੱਲ ਬਾਤ ਸਿੱਧੀ ਕਰ ਸਕੀਏ। ਪਰ ਸਟੇਟ ਨੂੰ ਕੰਪੈਲ ਕੀਤਾ ਜਾਂਦਾ ਹੈ ਕਿ ਉਹ ਸੈਂਟਰ ਰਾਹੀਂ ਹੀ ਉਸ ਨਾਲ ਗੱਲ ਬਾਤ ਕਰੇ। ਪਾਣੀ ਦੇ ਮਸਲੇ ਤੇ ਅਜੇ ਤਕ ਕੋਈ ਨੋਟੀਫਿਕੇਸ਼ਨ ਨਹੀਂ ਕੀਤਾ ਗਿਆ। ਪਿਛਲੀ ਸਰਕਾਰ ਨੇ ਗਲਤ ਫੈਸਲੇ ਕਰ ਦਿੱਤੇ। ਸਾਰਾ ਪਾਣੀ ਰਾਜਸਥਾਨ, ਹਰਿਆਣਾ, ਦਿੱਲੀ ਔਰ ਚੰਡੀਗੜ੍ਹ ਨੂੰ ਦੇ ਦਿੱਤਾ। ਪਿਛਲੀ ਸਰਕਾਰ ਨੇ ਸੈਂਟਰ ਦੀ ਸਰਕਾਰ ਨੂੰ ਇਹ ਗਲਤ ਫੈਸਲੇ ਬਾਰੇ ਕੋਈ ਕਮਿਸ਼ਨ ਮੁਕੱਰਰ ਕਰਨ ਬਾਰੇ ਨਹੀਂ ਕਿਹਾ। ਡਰੇਨੇਜ ਸਿਸਟਮ, ਫਲੱਡ ਸਿਸਟਮ ਠੀਕ ਹੋਣਾ ਚਾਹੀਦਾ ਹੈ। ਪੰਪਿੰਗ ਸੈਟਸ ਲਗਾ ਦਿੱਤੇ ਜਾਣੇ ਚਾਹੀਦੇ ਹਨ। ਬਰਸਾਤ ਦਾ ਪਾਣੀ ਵੇਸਟ ਨਹੀਂ ਹੋਣਾ ਚਾਹੀਦਾ, ਇਹ ਜ਼ਾਇਆ ਨਹੀਂ ਜਾਣਾ ਚਾਹੀਦਾ ਹੈ। ਸਾਰੇ ਮੈਂਬਰ ਸਾਹਿਬਾਨ ਨੂੰ ਸਹਿਯੋਗ ਦੇਣਾ ਚਾਹੀਦਾ ਹੈ ਔਰ ਸਰਕਾਰ ਨੂੰ ਤਜਵੀਜ਼ਾਂ ਦੇਣੀਆਂ ਚਾਹੀਦੀਆਂ ਹਨ। ਇਸ ਸਬੰਧੀ ਮੈਂ ਇਕ ਤਜਵੀਜ਼ ਦੇਣੀ ਚਾਹੁੰਦਾ ਹਾਂ ਕਿ ਇਕ ਨਾਨ ਆਫੀਸ਼ਿਅਲ ਕਮੇਟੀ ਬਨਾਉਣੀ ਚਾਹੀਦੀ ਹੈ ਜਿਸ ਵਿਚ ਹਾਊਸ ਦੇ ਮੈਂਬਰ ਸਾਹਿਬਾਨ ਲਏ ਜਾਣੇ ਚਾਹੀਦੇ ਹਨ। ਇਹ ਕਮੇਟੀ ਸਾਰੀ ਸਟੇਟ ਦੀ ਘੋਖ ਕਰੇ, ਸਰਵੇ ਕਰੇ ਔਰ ਇਕ ਫੇਜ਼ਡ ਪ੍ਰੋਗਰਾਮ ਬਣਾਵੇ ਕਿ ਕਿਸ ਢੰਗ ਨਾਲ ਡਰੇਨਜ ਬਨਾਉਣੀਆਂ ਚਾਹੀਦੀਆਂ ਹਨ। ਫੇਜ਼ਡ ਪਰੋਗਰਾਮ ਬਣਾਕੇ ਡਰੇਨਜ ਕੱਢਣੀਆਂ ਚਾਹੀਦੀਆਂ ਹਨ ਤਾਂਕਿ ਫਲੱਡਜ਼ ਦੀ ਪਰਾਬਲਮ ਦੂਰ ਹੋ ਸਕੇ। ਫਸਲਾਂ ਇਨਸ਼ੋਅਰ ਹੋਣੀਆਂ ਚਾਹੀਦੀਆਂ ਹਨ। ਫਸਲਾਂ ਤਬਾਹ ਹੋਣ ਨਾਲ ਫਾਰਮਰ ਤਬਾਹ ਹੋ ਜਾਂਦਾ ਹੈ। ਪਰ ਕੋਈ ਮੁਆਵਜ਼ਾ ਨਹੀਂ ਮਿਲਦਾ। ਉਸ ਦੀ ਫਸਲ ਦੀ ਇਨਸ਼ੋਰੈਂਸ ਹੋਣੀ ਚਾਹੀਦੀ ਹੈ। ਉਸ ਨੂੰ ਮੁਆਵਜ਼ਾ ਮਿਲਣਾ ਚਾਹੀਦਾ ਹੈ। ਜੇ ਕਿਸਾਨ ਦੀ ਫਸਲ ਦਾ ਨੁਕਸਾਨ ਹੋ ਗਿਆ...... (ਮਾਨਯੋਗ ਮੈਂਬਰ ਸਰਦਾਰ ਭਾਗ ਸਿੰਘ ਵਲੋਂ ਵਿਘਨ) ਤੁਸੀਂ ਨਵੇਂ ਮੈਂਬਰ ਆਏ ਹੋ Please try to listen. ਇਹ ਇਕ ਕਿਤਾਬ ਹੈ ਜਿਸ ਦੇ ਬਾਰੇ ਮੈਂ ਕੱਲ੍ਹ ਅਰਜ਼ ਕਰਨੀ ਚਾਹੁੰਦਾ ਸੀ। (Interruption) (Voices, Voices).

**ਸ੍ਰੀ ਓਮ ਪ੍ਰਕਾਸ਼ ਗੁਪਤਾ** (ਬੈਠੇ ਬੈਠੇ) : ** ** **

**ਸ੍ਰੀ ਹੰਸ ਰਾਜ ਆਰੀਆ** : ** ** **

**ਸ੍ਰੀ ਸਭਾਪਤੀ** : ਪਾਂਧੀ ਸਾਹਿਬ, ਤੁਸੀਂ ਰੈਜ਼ੋਲਿਊਸ਼ਨ ਤੇ ਬੋਲੋ। Please confine yourself to the Resolution.

**ਸਰਦਾਰ ਦਲੀਪ ਸਿੰਘ ਪਾਂਧੀ** : ਮੈਂ ਤਾਂ ਰੈਜ਼ੋਲਿਊਸ਼ਨ ਤੇ ਕਨਫਾਈਨ ਕਰ ਰਿਹਾ ਹਾਂ ਜੀ

**ਸਰਦਾਰ ਭਾਗ ਸਿੰਘ** : ** ** ** **

**ਸ੍ਰੀ ਹੰਸ ਰਾਜ ਆਰੀਆ** : ** ** ** **

**ਸ੍ਰੀ ਸਭਾਪਤੀ** : ਤੁਸੀਂ ਉਨ੍ਹਾਂ ਨੂੰ ਸੁਣੋ।

**ਸਰਦਾਰ ਦਲੀਪ ਸਿੰਘ ਪਾਂਧੀ** : ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਹ ਬੜੀ ਸੀਰੀਅਸ ਪ੍ਰਾਬਲਮ ਹੈ।

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸ੍ਰੀ ਓਮ ਪ੍ਰਕਾਸ਼ ਗੁਪਤਾ** : ** ** ** **

**Mr. Chairman** : Mrs. Brar wants to speak. Therefore, I do not allow you. Please sit down.

**ਸਰਦਾਰਨੀ ਗੁਰਬਿੰਦਰ ਕੌਰ ਬਰਾੜ** : ਪੁਆਇੰਟ ਆਫ ਆਰਡਰ, ਸਰ । ਬੜੇ ਅਫਸੋਸ ਦੀ ਗੱਲ ਹੈ ਕਿ ਪਾਂਧੀ ਜੀ ਬੜੇ ਪੁਰਾਣੇ ਮੈਂਬਰ ਹਨ ਲੇਕਿਨ ਕੱਲ੍ਹ ਵੀ ਉਨ੍ਹਾਂ ਨੇ ਪਰਸਨਲ ਰੀਮਾਰਕਸ ਕਹੇ ਅਤੇ ਅੱਜ ਵੀ ਕਹਿ ਰਹੇ ਹਨ ਜਿਨ੍ਹਾਂ ਨੂੰ ਸੁਣ ਕੇ ਬੜਾ ਦੁਖ ਹੋਇਆ ਹੈ। ਇਹ ਜ਼ਰੂਰੀ ਨਹੀਂ ਹੁੰਦਾ ਕਿ ਹਰ ਸਪੀਚ ਵਿਚ ਗਾਲੀਆਂ ਹੀ ਕੱਢਣੀਆਂ ਹਨ । ਇਹ ਪ੍ਰੈਸ ਨੂੰ ਖੁਸ਼ ਕਰਨ ਵਾਸਤੇ ਇਸ ਤਰ੍ਹਾਂ ਕਰਦੇ ਹਨ। ਅੱਜ ਫਿਰ ਇਹ ਇਸ ਤਰ੍ਹਾਂ ਕਰ ਰਹੇ ਹਨ।

**ਸ੍ਰੀ ਸਭਾਪਤੀ** : ਮੈਂ ਉਨ੍ਹਾਂ ਨੂੰ ਕਿਹਾ ਹੈ ਕਿ ਉਹ ਰੈਜ਼ੋਲਿਊਸ਼ਨ ਤੇ ਕਨਫਾਈਨ ਕਰਨ ।

**Sardarni Gurbrinder Kaur Brar**: Please expunge those words.

**Mr. Chairman**: I have clearly said that he should only confine to his speach.

**ਸ੍ਰੀ ਓਮ ਪ੍ਰਕਾਸ਼ ਗੁਪਤਾ** : ** ** **

**ਸਰਦਾਰ ਦਲੀਪ ਸਿੰਘ ਪਾਂਧੀ**: ਤੁਸੀਂ ਵਾਕਆਊਟ ਕਰ ਜਾਓ। ਜੇ ਫਲੱਡ ਆਉਂਦੇ ਰਹੇ ਤੂਫਾਨ ਆਉਂਦੇ ਰਹੇ ਤਾਂ ਅਸੀਂ ਸਾਰੇ ਮਰਾਂਗੇ। (ਵਿਘਨ) ਮੈਂ ਪਹਿਲਾਂ ਮਰਾਂਗਾ। (ਵਿਘਨ) ਇਸ ਕਰਕੇ ਮੈਂ ਅਰਜ਼ ਕਰ ਰਿਹਾ ਸੀ ਕਿ ਇਹ ਦਿੱਲੀ ਤੋਂ ਪੈਸਾ ਲਿਆਉਣ। ** ** ** ** ** ** **

**ਅਪੋਜ਼ੀਸ਼ਨ ਵਲੋਂ ਆਵਾਜ਼ਾਂ** : ** ** **

**Mr. Chairman :** I have disallowed and have said clearly that whatever has been said without the permission of the Chair, should not form part of the proceedings.

**Sardar Dalip Singh Pandhi :** I have quoted from one book.

ਇਸ ਕਿਤਾਬ ਨੂੰ ਕਨਫਿਸਕੇਟ ਕਰਵਾ ਦਿੰਦੇ । ਚੇਅਰਮੈਨ ਸਾਹਿਬ, ਐਕਸਪੰਕਸ਼ਨ ਵਾਸਤੇ ਰੂਲਜ਼ ਪਰੋਵਾਈਡਿਡ ਹਨ ਕਿ ਕਿਹੜੀ ਕਿਹੜੀ ਗੱਲ ਐਕਸਪੰਜ ਹੋ ਸਕਦੀ ਹੈ । ਇਸ ਦਾ ਮਤਲਬ ਇਹ ਹੋਇਆ ਕਿ ਜਿਹੜੀ ਗੱਲ ਕਾਂਗਰਸ ਨੂੰ ਚੁੱਭੇ ਉਹ ਸਾਰੀ ਚੀਜ਼ ਐਕਸਪੰਜ ਕਰਵਾ ਦਿਓ।

I am quoting a reference from the book ਇਹ ਰਿਕਾਰਡ ਹੈ। ਇਹ 1978 ਦੀ ਕਿਤਾਬ ਲਿਖੀ ਹੋਈ ਹੈ। (ਵਿਘਨ) ** ** ** ਨੇ ਇਹ ਦੋ ਕਿਤਾਬਾਂ ਲਿਖੀਆਂ ਹਨ। ਉਹ ਨਹਿਰੂ ਨਾਲ ਰਿਹਾ ਹੈ । ਇਹ ਹੁਣ ਇਨ੍ਹਾਂ ਨੂੰ ਚੁੱਭਦੀ ਹੈ । (ਵਿਘਨ) (ਸ਼ੋਰ) ** ** **

** Expunged order by the Speaker

Original with;
Punjab Vidhan Sabha
Digitized by;
Panjab Digital Library

(ਇਸ ਸਮੇਂ ਬਹੁਤ ਸਾਰੇ ਮੈਂਬਰ ਸਾਹਿਬਾਨ ਖੜੇ ਹੋ ਕੇ ਬੋਲ ਰਹੇ ਸਨ ਅਤੇ ਹਾਊਸ ਵਿਚ ਕਾਫੀ ਸ਼ੋਰ ਸੀ।)

**ਸਰਦਾਰ ਦਲੀਪ ਸਿੰਘ ਪਾਂਧੀ** : ਤੁਸੀਂ ਉਸ ਦੇ ਖਿਲਾਫ ਕਾਰਵਾਈ ਕਰੋ।

**Mr. Chairman** : Please sit down.

**ਸਰਦਾਰ ਦਲੀਪ ਸਿੰਘ ਪਾਂਧੀ** : ਤੁਸੀਂ ਐਸੀ ਗੱਲ ਨਾ ਕਰੋ। ਅਸੀਂ ਤਾਂ ਤੁਹਾਡਾ ਹੁਕਮ ਮੰਨਦੇ ਹਾਂ। (ਵਿਘਨ) (ਸ਼ੋਰ) (ਇਸ ਸਮੇਂ ਬਹੁਤ ਸਾਰੇ ਮੈਂਬਰ ਸਾਹਿਬਾਨ ਬੋਲ ਰਹੇ ਸਨ ਅਤੇ ਸਦਨ ਵਿਚ ਕਾਫੀ ਸ਼ੋਰ ਸੀ।)

**ਪੰਡਿਤ ਸਰਵਣ ਰਾਮ ਮਨਸੋਵਾਲੀਆ** : ਚੇਅਰਮੈਨ ਸਾਹਿਬ, ਇਨ੍ਹਾਂ ਦਾ ਦਿਮਾਗੀ ਤਵਾਜ਼ਨ ਖਰਾਬ ਹੈ। ਇਨ੍ਹਾਂ ਨੂੰ ਹਸਪਤਾਲ ਭੇਜਣ ਦੀ ਗੱਲ ਹੈ। (ਵਿਘਨ)

**Mr. Chairman** : I have allowed Sardar Bhag Singh.

**ਸਰਦਾਰ ਭਾਗ ਸਿੰਘ** (ਚਮਕੌਰ ਸਾਹਿਬ, ਐਸ.ਸੀ.) : ਚੇਅਰਮੈਨ ਸਾਹਿਬ, ਮਤਾ ਹਾਊਸ ਦੇ ਸਾਹਮਣੇ ਹੈ ਕਿ ਫਲੱਡਾਂ ਨੂੰ ਕਿਵੇਂ ਕੰਟਰੋਲ ਕਰਨਾ ਹੈ। ਹਿੰਦੁਸਤਾਨ ਨੂੰ ਆਜ਼ਾਦ ਹੋਏ ਨੂੰ 37-38 ਸਾਲ ਹੋ ਗਏ ਹਨ ਲੇਕਿਨ ਇਹ ਬਦਕਿਸਮਤੀ ਦੀ ਗੱਲ ਹੈ ਕਿ ਸਰਕਾਰਾਂ ਫਲੱਡਾਂ ਨੂੰ ਕੰਟਰੋਲ ਨਹੀਂ ਕਰ ਸਕੀਆਂ। ਹਾਊਸ ਦਾ ਬਹੁਤ ਹੀ ਕੀਮਤੀ ਸਮਾਂ ਹੈ ਅਤੇ ਮੈਂਬਰ ਸਾਹਿਬਾਨ ਨੇ ਆਪਣੇ ਆਪਣੇ ਵਿਚਾਰ ਪਰਗਟ ਕਰਨੇ ਹਨ। ਲੇਕਿਨ ਬਦਕਿਸਮਤੀ ਦੀ ਗੱਲ ਹੈ ਕਿ ਪਾਂਧੀ ਜੀ ਜੋ ਕਿ ਬੜੇ ਪੁਰਾਣੇ ਮੈਂਬਰ ਹਨ। (ਵਿਘਨ)

**ਸਰਦਾਰ ਦਲੀਪ ਸਿੰਘ ਪਾਂਧੀ** : ਪੁਆਇੰਟ ਆਫ ਆਰਡਰ, ਸਰ। (ਵਿਘਨ) (ਸ਼ੋਰ)

**ਸਰਦਾਰ ਭਾਗ ਸਿੰਘ** : ਪਾਂਧੀ ਸਾਹਿਬ ਹਾਊਸ ਵਿਚ ਬਹੁਤ ਬੋਲਦੇ ਹਨ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜੋ ਕੁਝ ਉਨ੍ਹਾਂ ਨੇ ਕਿਤਾਬ ਵਿਚੋਂ ਇਕੋ ਕੋਟ ਕੀਤਾ ਹੈ ਉਸ ਦੀ ਫਲੱਡ ਨਾਲ ਕੀ ਰੈਲੇਵੈਂਸੀ ਹੈ ? ਉਸ ਦੀ ਕੋਈ ਰੈਲੇਵੈਂਸੀ ਨਹੀਂ ਹੈ। ਜਿਹੜਾ ਉਨ੍ਹਾਂ ਨੇ ਕਿਤਾਬ ਵਿਚੋਂ ਸਾਡੇ ਹਿੰਦੁਸਤਾਨ ਦੀ ਸਾਬਕਾ ਸਵਰਗਵਾਸੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾਂ ਗਾਂਧੀ ਬਾਰੇ ਲਫਜ਼ ਕਹੇ ਹਨ, ਉਹ ਇਕੱਲੇ ਹਿੰਦੁਸਤਾਨ ਦੇ ਹੀ ਨਹੀਂ ਬਲਕਿ ਸਾਰੇ ਜਹਾਨ ਦੇ ਮਹਾਨ ਆਗੂ ਸਨ। ਇਸ ਕਰਕੇ ਅਜਿਹੀਆਂ ਗੱਲਾਂ ਕਰਨਾ ਬੜੀ ਮਜ਼ਾਕ ਵਾਲੀ ਗੱਲ ਹੈ। ਅਜਿਹਾ ਕਰਕੇ ਉਹ ਠੀਕ ਨਹੀਂ ਕਰ ਰਹੇ। ਜਦੋਂ ਕਦੇ ਵੀ ਇਨ੍ਹਾਂ ਦਾ ਕੁਐਸ਼ਚਨ ਆਉਂਦਾ ਹੈ ਤਾਂ ਇਹ ਮਾਨਯੋਗ ਮੈਂਬਰ ਕਾਂਗਰਸ ਨੂੰ ਅੱਗੇ ਲਾ ਲੈਂਦੇ ਹਨ। (ਵਿਘਨ) ਮੈਂ ਪਰਸੋਂ ਵੀ ਗੱਲ ਕੀਤੀ ਸੀ। ਇਹ ਤਾਕਤ ਦਾ ਨਸ਼ਾ ਜ਼ਿਆਦਾ ਦੇਰ ਨਹੀਂ ਰਹਿਣਾ। ਤੁਹਾਨੂੰ ਮਾਸਿਜ਼ ਨੇ ਮੈਨਡੇਟ ਦਿੱਤਾ ਹੈ ਅਤੇ ਉਸ ਮੈਨਡੇਟ ਰਾਹੀਂ ਤੁਸੀਂ ਤਾਕਤ ਵਿਚ ਆਏ ਹੋ। ਉਸ ਤਾਕਤ ਤੋਂ ਬਾਅਦ ਤੁਸੀਂ ਪੰਜਾਬ ਦੇ ਲੋਕਾਂ ਲਈ ਜੋ ਕਰ ਸਕਦੇ ਹੋ, ਕਰੋ। ਤੁਸੀਂ ਅਮਨ ਤੇ ਸ਼ਾਂਤੀ ਨਹੀਂ ਦੇ ਸਕਦੇ, ਬਾਕੀ ਗੱਲਾਂ ਕੀ ਦੇ ਸਕਦੇ ਹੋ।

**ਸਰਕਾਰੀ ਬੈਂਚਾਂ ਵਲੋਂ ਆਵਾਜ਼ਾਂ** : ਤੁਸੀਂ ਬਹੁਤ ਸ਼ਾਂਤੀ ਦਿੱਤੀ ਸੀ।

**ਸ੍ਰੀ ਸਭਾਪਤੀ** : ਤੁਸੀਂ ਰੈਜ਼ੋਲਿਊਸ਼ਨ ਤੇ ਆਓ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਮਹਿਤਾਬ ਸਿੰਘ** (ਜਲਾਲਾਬਾਦ) : ਚੇਅਰਮੈਨ ਸਾਹਿਬ, ਜੋ ਰੈਜ਼ੋਲਿਊਸ਼ਨ ਸਾਡੇ ਸਾਹਮਣੇ ਹੈ, ਇਸ ਦੇ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਕਿਸਾਨ ਦੀ ਕਾਫੀ ਜਿਣਸ ਖਰਾਬ ਹੋ ਜਾਂਦੀ ਹੈ, ਕਾਫੀ ਫਸਲਾਂ ਤਬਾਹ ਹੋ ਜਾਂਦੀਆਂ ਹਨ ਔਰ ਸਾਡਾ ਸਾਰਾ ਦਾਰੋਮਦਾਰ ਹੀ ਖੇਤੀਬਾੜੀ ਤੇ ਨਿਰਭਰ ਕਰਦਾ ਹੈ ਪਰ ਖੇਤੀ ਬਾੜੀ ਵਿੱਚ ਕਿਸਾਨ ਇਨ੍ਹਾਂ ਆਫ਼ਤਾਂ ਨਾਲ ਕਾਫੀ ਸਫ਼ਰ ਕਰਦਾ ਹੈ, ਉਸ ਦਾ ਕਾਫੀ ਨੁਕਸਾਨ ਹੋ ਜਾਂਦਾ ਹੈ। ਇਸ ਦੇ ਲਈ ਕੁਝ ਸਰਕਾਰ ਕਮਪਨਸੇਸ਼ਨ ਵੀ ਦਿੰਦੀ ਹੈ, ਬਹੁਤ ਸਾਰੇ ਕੇਸਿਜ਼ ਵਿੱਚ ਕਮਪਨਸੇਸ਼ਨ ਵੀ ਨਹੀਂ ਮਿਲਦਾ। ਇਸ ਸਕੀਮ ਵਿੱਚ ਜੇ ਇਨਸ਼ੋਰੈਂਸ ਰਾਹੀਂ ਹੋ ਜਾਵੇ ਤਾਂ ਬੜੀ ਚੰਗੀ ਗਲ ਹੈ। ਪਰ, ਚੇਅਰਮੈਨ ਸਾਹਿਬ, ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਿਥੇ ਤਾਂ ਕੁਦਰਤੀ ਆਫ਼ਤਾਂ ਹੋਣ ਉਥੇ ਤਾਂ ਸਰਕਾਰ ਕੁਝ ਕਮਪਨਸੇਸ਼ਨ ਵਗੈਰਾ ਦੇ ਦਿੰਦੀ ਹੈ ਪਰ ਜਿਥੇ ਵਕਤੀ ਤੌਰ ਤੇ ਕਿਸਾਨਾਂ ਦਾ ਨੁਕਸਾਨ ਹੁੰਦਾ ਹੈ, ਜਿਥੇ ਐਸੇ ਹਾਲਾਤ ਪੈਦਾ ਹੁੰਦੇ ਹਨ ਕਿ ਕੋਈ ਦਰਿਆ ਪੈਂਦਾ ਹੈ ਜਿਸ ਤਰ੍ਹਾਂ ਹਰਿਆਣਾ ਜਾਂ ਦੂਸਰੀਆਂ ਸਟੇਟਾਂ ਵਿਚ ਦੀ ਕੋਈ ਦਰਿਆ ਗੁਜ਼ਰਦਾ ਹੈ ਤਾਂ ਉਸ ਦੇ ਨਾਲ ਕਈ ਵਾਰੀ ਦਰਿਆਵਾਂ ਵਿੱਚ ਫਲੱਡ ਆ ਜਾਂਦਾ ਹੈ ਔਰ ਦਰਿਆਵਾਂ ਨਾਲ ਸੇਮ ਆ ਜਾਂਦਾ ਹੈ ਜਿਸ ਦੇ ਨਾਲ ਕਿਸਾਨਾਂ ਦਾ ਕਾਫੀ ਨੁਕਸਾਨ ਹੋ ਜਾਂਦਾ ਹੈ, ਉਨ੍ਹਾਂ ਕੇਸਿਜ਼ ਵਲ ਵੀ ਸਰਕਾਰ ਨੂੰ ਧਿਆਨ ਦੇਣ ਦੀ ਲੋੜ ਹੈ। ਜਿਥੇ ਜਿਥੇ ਦਰਿਆਵਾਂ ਦਾ ਪਾਣੀ ਗੁਜ਼ਰਦਾ ਹੈ, ਜਿਥੇ ਸੇਮ ਜ਼ਿਆਦਾ ਹੈ ਔਰ ਕਿਸਾਨਾਂ ਦੀ ਕਈ ਥਾਂ ਤੇ ਪਿਛਲੀ ਫਸਲ ਤਬਾਹ ਹੋ ਜਾਂਦੀ ਹੈ ਅਤੇ ਨਵੀਂ ਫਸਲ ਬੀਜੀ ਨਹੀਂ ਜਾ ਸਕਦੀ ਉਸ ਦੇ ਲਈ ਮੈਂ ਸਰਕਾਰ ਨੂੰ ਸੁਜੈਸਟ ਕਰਾਂਗਾ ਕਿ ਇਸ ਦੇ ਲਈ ਕੋਈ ਸਰਵੇ ਕਰਵਾਏ ਅਤੇ ਸਾਰੀ ਸਰਵੇ ਕਰਨ ਦੇ ਬਾਅਦ ਰਿਪੋਰਟ ਲਵੇ ਕਿ ਕਿਥੇ ਕਿਥੇ ਇਸ ਤਰ੍ਹਾਂ ਨੁਕਸਾਨ ਹੁੰਦਾ ਹੈ, ਉਨ੍ਹਾਂ ਨੂੰ ਵੀ ਸਰਕਾਰ ਨੂੰ ਚਾਹੀਦਾ ਹੈ ਕਿ ਕਮਪਨਸੇਟ ਕੀਤਾ ਜਾਵੇ। ਮਾਲ ਮੰਤਰੀ ਸਾਹਿਬ ਬੈਠੇ ਹਨ ਉਨ੍ਹਾਂ ਨੂੰ ਰਿਕੁਐਸਟ ਕਰਾਂਗਾ ਕਿ ਅਸੀਂ 6–7 ਸਾਲ ਤੋਂ ਕਹਿੰਦੇ ਆ ਰਹੇ ਹਾਂ ਕਿ ਸਾਡੇ ਇਲਾਕੇ ਵਿੱਚ 4–5 ਸਾਲਾਂ ਤੋਂ ਸੇਮ ਨੇ ਕਾਫੀ ਤਬਾਹੀ ਕੀਤੀ ਹੈ। ਉਥੇ ਜਿਹੜੀਆਂ ਲਾਈਨਜ਼ ਚਲ ਰਹੀਆਂ ਹਨ ਉਨ੍ਹਾਂ ਦੀ ਸਫਾਈ ਵਗੈਰਾ ਦਾ ਵੀ ਮਾਮਲਾ ਹੈ। ਸਰਕਾਰ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ। ਉਥੇ ਪਾਣੀ ਬਹੁਤ ਭਰ ਜਾਂਦਾ ਹੈ ਅਤੇ ਉਸ ਦੇ ਨਾਲ ਕਿਸਾਨਾਂ ਦਾ ਬਹੁਤ ਨੁਕਸਾਨ ਹੁੰਦਾ ਹੈ। ਮਿਸਾਲ ਦੇ ਤੌਰ ਤੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਪਿੰਡ ਨੁਕੇਰੀਆਂ ਵਿੱਚ ਇਕ ਪਾਸੇ ਬੀਕਾਨੇਰ ਰੇਲਵੇ ਲਾਈਨ ਜਾਂਦੀ ਹੈ ਔਰ ਜੋ ਫਾਜ਼ਿਲਕਾ ਟੂ ਕੋਟਕਪੂਰਾ ਜਾਂਦੀ ਹੈ ਔਰ ਦੂਸਰੇ ਪਾਸੇ ਈਸਟਨ ਕੈਨਾਲ ਜਾਂਦੀ ਹੈ। ਜਦੋਂ ਪਾਣੀ ਚਲਦਾ ਹੈ ਤਾਂ ਇਸ ਦੇ ਨਾਲ ਉਥੇ ਪਾਣੀ ਭਰ ਜਾਂਦਾ ਹੈ ਜਿਹੜਾ ਸੇਮ ਪੈਦਾ ਕਰਦਾ ਹੈ। ਇਹ ਇਕੱਲਾ ਟਰੈਕਟ 4–5 ਸੌ ਏਕੜ ਬਣ ਜਾਂਦਾ ਹੈ ਜਿਥੇ ਪਾਣੀ ਭਰ ਜਾਂਦਾ ਹੈ। ਹਾਲਾਂ ਕਿ ਜਿਨਾ ਡੁਬਣਾ ਨਹੀਂ ਚਾਹੀਦਾ ਉਹ ਵੀ ਉਥੇ ਡੁਬ ਜਾਂਦਾ ਹੈ। ਉਥੇ ਫਸਲਾਂ ਦਾ ਬਹੁਤ ਭਾਰੀ ਨੁਕਸਾਨ ਹੁੰਦਾ ਹੈ, ਫਸਲਾਂ ਦੀ ਬੜੀ ਤਬਾਹੀ ਹੁੰਦੀ ਹੈ ਪਰ ਇਸ ਤਕਲੀਫ ਵਲ ਕੋਈ ਧਿਆਨ ਨਹੀਂ ਦਿੰਦਾ। ਅਸੀਂ ਅਫ਼ਸਰ ਸਾਹਿਬਾਨ ਨੂੰ ਕਹਿੰਦੇ ਹਾਂ, ਡਰੇਨੇਜ ਡੀਪਾਰਟਮੈਂਟ ਦੇ ਅਫਸਰ ਸਾਹਿਬਾਨ ਨੂੰ ਕੋਈ ਤਕਲੀਫ ਦਸਦੇ ਹਾਂ ਤਾਂ ਉਹ ਜਵਾਬ ਦਿੰਦੇ ਹਨ ਕਿ ਰੇਲਵੇ ਲਾਈਨ ਦਾ ਸੈਂਟਰ ਦਾ ਮਾਮਲਾ ਹੈ। ਇਹ ਡਿਵੀਜ਼ਨ ਬੀਕਾਨੇਰ ਵਿੱਚ ਪੈਂਦਾ ਹੈ। ਸੈਂਟਰ ਦਾ ਮੀਟਰ ਗੇਜ ਬੀਕਾਨੇਰ ਹੈ। ਕਿਸਾਨਾਂ ਨੂੰ ਬੜੀ ਤਕਲੀਫ ਹੁੰਦੀ ਹੈ। ਅਸੀਂ ਤਾਂ ਸਰਕਾਰ ਨੂੰ ਇਹੀ ਕਹਿ ਸਕਦੇ ਹਾਂ ਕਿ ਇਥੇ ਦਾ ਕਿਸਾਨ ਬਹੁਤ ਸਫ਼ਰ ਕਰਦਾ ਹੈ, ਉਸ ਤੋਂ 100 ਰੁਪਿਆ ਕਿਲਾ ਵੀ ਫੰਡ ਦਾ ਇਕੱਠਾ ਕਰਕੇ ਜੋ ਖਰਚਾ ਪੈਣਾ ਹੈ ਉਹ ਕੁਝ ਉਨ੍ਹਾਂ ਤੋਂ ਲੈ ਕੇ ਅਤੇ ਉਸ ਦੇ ਲਈ ਥੋੜ੍ਹਾ ਸਰਕਾਰ ਦਾ ਵੀ ਫਰਜ਼ ਹੈ ਕਿ ਇਧਰ ਧਿਆਨ ਦੇ ਕੇ ਇਸ ਮਸਲੇ ਨੂੰ ਹੱਲ ਕਰੇ। ਚਾਰ ਪੰਜ ਸੌ ਏਕੜ ਜ਼ਮੀਨ ਤਬਾਹ ਹੋ ਜਾਂਦੀ ਹੈ, ਸਾਰੀ ਫਸਲ ਤਬਾਹ ਹੋ ਜਾਂਦੀ ਹੈ। ਇਸ ਦੇ ਲਈ ਲਿਖਾ ਪੜ੍ਹੀ ਵੀ ਬਹੁਤ ਕੀਤੀ ਹੈ ਪਰ ਉਸ ਦੇ ਲਈ ਕੋਈ ਸੁਣਵਾਈ ਨਹੀਂ ਹੋਈ। ਇਸ ਮਾਮਲੇ ਵਿੱਚ ਸਰਕਾਰ ਨੂੰ ਜ਼ਰੂਰ ਕੁਝ ਕਰਨਾ ਚਾਹੀਦਾ ਹੈ। ਸੇਮ ਨਾਲੀਆਂ

Original with;
Punjab Vidhan Sabha
Digitized by;
Panjab Digital Library

ਦੀ ਸਫਾਈ ਨਾ ਹੋਣ ਕਾਰਨ ਹਾਲਤ ਇਹ ਹੋ ਜਾਂਦੀ ਹੈ ਕਿ ਕਾਫੀ ਨੁਕਸਾਨ ਹੁੰਦਾ ਹੈ। ਇਸ ਦੇ ਲਈ ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਇਕ ਹਾਊਸ ਦੀ ਕਮੇਟੀ ਬਣਾਈ ਜਾਵੇ। ਜਿਥੇ ਕੁਦਰਤੀ ਆਫ਼ਤਾਂ ਜਿਸ ਤਰ੍ਹਾਂ ਹੜ੍ਹਾਂ ਨਾਲ, ਬਾਰਸ਼ਾਂ ਨਾਲ, ਗੜਿਆਂ ਨਾਲ ਜੋ ਕਿਸਾਨ ਦਾ ਨੁਕਸਾਨ ਹੁੰਦਾ ਹੈ ਉਸ ਦੇ ਲਈ ਸਰਕਾਰ ਕਮਪਨਸੇਟ ਕਰਦੀ ਹੈ। ਉਸ ਦੇ ਨਾਲ ਨਾਲ ਮੈਂ ਇਹ ਵੀ ਬੇਨਤੀ ਕਰਾਂਗਾ ਕਿ ਜਿਹੜੀਆਂ ਵਕਤੀ ਆਫ਼ਤਾਂ ਆਉਂਦੀਆਂ ਹਨ, ਜਿਥੇ ਕੋਈ ਨਿਕਾਸ ਨਹੀਂ ਹੁੰਦਾ, ਸੇਮ ਹੁੰਦੀ ਹੈ ਉਨ੍ਹਾਂ ਦੇ ਵਾਸਤੇ ਹਾਊਸ ਦੀ ਕਮੇਟੀ ਬਣਾਈ ਜਾਵੇ ਜਿਸ ਦੇ ਮੈਂਬਰ ਸਾਹਿਬਾਨ ਆਪਣੀ ਆਪਣੀ ਰਾਏ ਦੇ ਕੇ 6 ਮਹੀਨਿਆਂ ਵਿੱਚ ਉਹ ਕਮੇਟੀ ਆਪਣਾ ਸਾਰਾ ਕੰਮ ਕਰਕੇ ਆਪਣੀ ਰਿਪੋਰਟ ਦੇ ਦੇਵੇ। ਉਨ੍ਹਾਂ ਦੀ ਇਸ ਰਾਏ ਨੂੰ ਮੰਨ ਕੇ ਸਰਕਾਰ ਉਸ ਦੇ ਲਈ ਫਿਰ ਕਦਮ ਚੁਕੇ ਤਾਂਕਿ ਜੋ ਨੁਕਸਾਨ ਹੁੰਦਾ ਹੈ ਉਸ ਨੁਕਸਾਨ ਤੋਂ ਪੰਜਾਬ ਨੂੰ, ਪੰਜਾਬ ਦੇ ਕਿਸਾਨਾਂ ਨੂੰ ਬਚਾਇਆ ਜਾ ਸਕੇ।

ਦੂਸਰੀ ਗੱਲ, ਚੇਅਰਮੈਨ ਸਾਹਿਬ, ਮੈਂ ਇਹ ਕਹਿਣੀ ਚਾਹੁੰਦਾ ਹਾਂ ਕਿ ਜਿਹੜੀ ਬਾਰਸ਼ਾਂ ਨਾਲ, ਗੜ੍ਹਿਆਂ ਨਾਲ ਜਾਂ ਹੋਰ ਕੁਦਰਤੀ ਆਫਤਾਂ ਨਾਲ ਤਬਾਹੀ ਹੁੰਦੀ ਹੈ ਉਸ ਦੇ ਲਈ ਕਿਸਾਨ ਨੂੰ ਤਾਂ ਕਮਪਨਸੇਟ ਕੀਤਾ ਜਾਂਦਾ ਹੈ ਪਰ ਜੋ ਐਗਰੀਕਲਚਰਲ ਲੇਬਰ ਹੈ ਉਸ ਦੇ ਲਈ ਕੁਝ ਨਹੀਂ ਸੋਚਿਆ ਗਿਆ। ਠੀਕ ਹੈ ਕਿਸਾਨ ਨੂੰ ਕਮਪਨਸੇਟ ਕੀਤਾ ਜਾਵੇ ਅਤੇ ਸਰਕਾਰ ਨੂੰ ਉਨ੍ਹਾਂ ਨੂੰ ਕਮਪਨਸੇਸ਼ਨ ਦੇਣਾ ਵੀ ਚਾਹੀਦਾ ਹੈ ਪਰ ਇਸ ਦੇ ਨਾਲ ਐਗਰੀਕਲਚਰਲ ਲੇਬਰ ਦਾ ਵੀ ਸਬੰਧ ਹੈ। ਜੇ ਕੋਈ ਜ਼ਮੀਨ ਤਬਾਹ ਹੋ ਜਾਂਦੀ ਹੈ ਤਾਂ ਉਸ ਦੇ ਨਾਲ ਐਗਰੀਕਲਚਰਲ ਲੇਬਰ ਜੋ ਹੈ ਉਹ ਬੇਕਾਰ ਹੋ ਜਾਂਦੀ ਹੈ, ਉਸ ਦਾ ਨਿਰਭਰ ਉਸ ਖੇਤੀਬਾੜੀ ਤੇ ਹੀ ਹੁੰਦੀ ਹੈ ਜੋ ਕਿਸਾਨ ਨਾਲ ਉਹ ਕੰਮ ਕਰਾਉਂਦਾ ਹੈ। ਸਰਕਾਰ ਨੂੰ ਇਸ ਪਾਸੇ ਵੀ ਧਿਆਨ ਦੇਣਾ ਚਾਹੀਦਾ ਹੈ ਕਿ ਜਿਥੋਂ ਕਿਸਾਨ ਦਾ ਨੁਕਸਾਨ ਹੁੰਦਾ ਹੈ ਅਤੇ ਸਰਕਾਰ ਉਸ ਨੂੰ ਕਮਪਨਸੇਟ ਕਰਦੀ ਹੈ ਉਥੇ ਖੇਤ ਮਜ਼ਦੂਰ ਨੂੰ ਵੀ ਨਾਲ ਹੀ ਕਮਪਨਸੇਟ ਕਰਨਾ ਚਾਹੀਦਾ ਹੈ। ਉਨ੍ਹਾਂ ਗਰੀਬਾਂ ਦੇ ਹੜ੍ਹਾਂ ਨਾਲ ਮਕਾਨ ਗਿਰ ਜਾਂਦੇ ਹਨ ਜਾਂ ਹੋਰ ਨੁਕਸਾਨ ਹੋ ਜਾਂਦਾ ਹੈ ਅਤੇ ਦੂਸਰੇ ਪਾਸੇ ਫਸਲ ਮਾਰੀ ਜਾਣ ਕਾਰਨ ਉਸ ਦਾ ਰੁਜ਼ਗਾਰ ਵੀ ਮਾਰਿਆ ਜਾਂਦਾ ਹੈ ਕਿਉਂਕਿ ਉਹ ਖੇਤੀ ਤੇ ਹੀ ਨਿਰਭਰ ਕਰਦਾ ਹੈ, ਇਸ ਲਈ ਸਰਕਾਰ ਨੂੰ ਉਸ ਦੇ ਲਈ ਸੋਚਣਾ ਚਾਹੀਦਾ ਹੈ। ਜਿਥੇ ਕਿਸਾਨ ਨੂੰ ਕੋਈ ਕਮਪਨਸੇਸ਼ਨ ਮਿਲੇ ਉਥੇ ਖੇਤ ਮਜ਼ਦੂਰ ਨੂੰ ਵੀ ਨਾਲ ਹੀ ਮਿਲਣਾ ਚਾਹੀਦਾ ਹੈ। ਜਿਥੇ ਅਸੀਂ ਕਿਸਾਨਾਂ ਦੀ ਮਦਦ ਕਰਦੇ ਹਾਂ ਉਥੇ ਨਾਲ ਹੀ ਇਹ ਜ਼ਰੂਰੀ ਹੈ ਕਿ ਇਸ ਗਰੀਬ ਖੇਤ ਮਜ਼ਦੂਰ ਦੀ ਵੀ ਮਦਦ ਕੀਤੀ ਜਾਵੇ। ਜਿਥੇ ਅਸੀਂ ਇਸ ਨੂੰ ਬੀਮਾ ਸਕੀਮ ਥਲੇ ਲਿਆ ਰਹੇ ਹਾਂ ਉਥੇ ਨਾਲ ਹੀ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਖੇਤ ਮਜ਼ਦੂਰਾਂ ਦਾ ਵੀ ਧਿਆਨ ਰਖਿਆ ਜਾਵੇ। ਚੇਅਰਮੈਨ ਸਾਹਿਬ , ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਮਤੇ ਨੂੰ ਸੀਰੀ ਅਸਲੀ ਲਿਆ ਜਾਣਾ ਚਾਹੀਦਾ ਹੈ। ਅਸੀਂ ਸ਼ੁਗਲ ਤਾਂ ਹੋਰ ਥਾਂ ਵੀ ਬਹੁਤ ਕਰ ਲੈਂਦੇ ਹਾਂ ਪਰ ਇਸ ਰੈਜ਼ੋਲਿਊਸ਼ਨ ਨੂੰ ਬੜਾ ਸੀਰੀਅਸ ਹੋ ਕੇ ਕਿਉਂਕਿ ਇਹ ਸਾਰੇ ਪੰਜਾਬ ਦਾ ਮਸਲਾ ਹੈ, ਪੰਜਾਬ ਦੇ ਕਿਸਾਨਾਂ ਦਾ ਮਸਲਾ ਹੈ, ਇਸ ਕਰਕੇ ਇਸ ਰੈਜ਼ੋਲਿਊਸ਼ਨ ਨੂੰ ਬੜਾ ਸੀਰੀਅਸ ਹੋ ਕੇ, ਵਕਤ ਗਵਾਏ ਬਿਨਾਂ ਸਰਬ-ਸੰਮਤੀ ਨਾਲ ਪਾਸ ਕਰੀਏ। ਇਹ ਇਕ ਚੰਗੀ ਗੱਲ ਹੈ, ਇਹ ਪੰਜਾਬ ਦੇ ਭਲੇ ਦੀ ਗੱਲ ਹੈ, ਇਸ ਲਈ ਮੈਂ ਇਸ ਦੀ ਪ੍ਰੋੜ੍ਹਤਾ ਕਰਦਾ ਹਾਂ। ਮਾਲ ਮੰਤਰੀ ਸਾਹਿਬ ਬੈਠੇ ਹਨ ਮੈਂ ਉਨ੍ਹਾਂ ਨੂੰ ਬੇਨਤੀ ਕਰਦਾ ਹਾਂ ਕਿ ਜਿਹੜੇ ਸੁਜੈਸ਼ਨ ਮੈਂ ਹਾਊਸ ਦੇ ਸਾਹਮਣੇ ਰਖੇ ਹਨ ਉਨ੍ਹਾਂ ਵਲ ਧਿਆਨ ਦੇ ਕੇ ਉਨ੍ਹਾਂ ਨੂੰ ਅਮਲ ਵਿੱਚ ਲਿਆਉਣ। ਇਨ੍ਹਾਂ ਸ਼ਬਦਾਂ ਨਾਲ ਮੈਂ, ਚੇਅਰਮੈਨ ਸਾਹਿਬ, ਤੁਹਾਡਾ ਧੰਨਵਾਦ ਕਰਦਾ ਹਾਂ।

Original with;
Punjab Vidhan Sabha
Digitized by;
Panjab Digital Library

**ਸਰਦਾਰ ਦਿਲਬਾਗ ਸਿੰਘ** (ਨਵਾਂ ਸ਼ਹਿਰ) : ਚੇਅਰਮੈਨ ਸਾਹਿਬ, ਮੈਨੂੰ ਪਤਾ ਹੈ ਕਿ ਤੁਹਾਡੇ ਹਲਕੇ ਵਿੱਚ ਵੀ ਇਹ ਬੜੀ ਪ੍ਰਾਬਲਮ ਹੈ।

**Mr. Chairman** : Thank you.

**ਸਰਦਾਰ ਦਿਲਬਾਗ ਸਿੰਘ** : ਮੇਰਾ ਹਲਕਾ ਵੀ ਤੁਹਾਡੇ ਨਾਲ ਲਗਦਾ ਹੈ। ਇਸ ਕਰਕੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਮੈਂਬਰਾਂ ਨੂੰ ਇਸ ਗੱਲ ਦੀ ਤਕਲੀਫ ਨਹੀਂ ਹੁੰਦੀ ਉਹ ਉਸ ਨੂੰ ਮਖੌਲ ਵਿੱਚ ਉਡਾਉਂਦੇ ਹਨ। ਉਹ ਹਰ ਤਰੀਕੇ ਨਾਲ ਖਾਲਿਸਤਾਨ ਦੀ ਗੱਲ ਕਰਦੇ ਹਨ। ਹਰ ਗੱਲ ਵਿੱਚ ਸੈਂਟਰ, ਸੈਂਟਰ, ਸੈਂਟਰ ਸੈਂਟਰ। ਤੁਸੀਂ ਉਨ੍ਹਾਂ ਦੀ ਸਪੀਚਿਜ਼ ਕਢਵਾ ਕੇ ਦੇਖ ਲਓ ਤਾਂ ਆਪ ਨੂੰ ਪਤਾ ਲਗੇਗਾ ਕਿ ਅਕਾਲੀ ਪਾਰਟੀ ਨੇ ਜੋ ਵਕੀਲ ਇਥੇ ਖੜਾ ਕੀਤਾ ਹੋਇਆ ਹੈ ਉਨ੍ਹਾਂ ਦੀ ਸਪੀਚਿਜ਼ ਵਿੱਚ ਤੁਹਾਨੂੰ ਹਰ ਸਪੀਚ ਵਿੱਚ ਮਿਲੇਗਾ ਸੈਂਟਰ ਪੈਸਾ ਨਹੀਂ ਦਿੰਦਾ, ਸੈਂਟਰ ਪੈਸਾ ਲੈ ਗਿਆ, ਸੈਂਟਰ ਇਹ ਕਰ ਗਿਆ, ਸੈਂਟਰ ਉਹ ਕਰ ਗਿਆ। ਇਸ ਵੇਲੇ ਇਤਨਾ ਅਹਿਮ ਮਸਲਾ ਸਾਡੇ ਸਾਹਮਣੇ ਹੈ, ਉਸ ਦੇ ਬਾਰੇ ਕੋਈ ਗੱਲ ਨਹੀਂ, ਹੋਰ ਪਾਸੇ ਦੀਆਂ ਗੱਲਾਂ ਕਰਦੇ ਹਨ। ਸਾਡੇ ਕੋਲ ਪੰਜਾਬ ਵਿਚ ਇਸ ਵੇਲੇ ਜ਼ਮੀਨ ਬਹੁਤ ਘੱਟ ਹੈ। ਅਬਾਦੀ ਵੱਧ ਰਹੀ ਹੈ। ਅਸੀਂ ਆਪਣਾ ਪੰਜਾਬੀ ਸੂਬਾ ਬਣਾਉਣ ਤੇ ਜ਼ਮੀਨਾਂ ਵੀ ਦਿੱਤੀਆਂ, ਪਹਾੜ ਵੀ ਦਿੱਤੇ, ਜੰਗਲਾਤ ਵੀ ਦਿੱਤਾ ਪਰ ਹੁਣ ਸਾਡੇ ਕੋਲ ਜ਼ਮੀਨ ਬਹੁਤ ਥੋੜ੍ਹੀ ਹੈ ਸਾਡੀ ਪੂਰੀ ਕੋਸ਼ਿਸ਼ ਹੋਣੀ ਚਾਹੀਦੀ ਹੈ ਕਿ ਜਿਹੜੀ ਹੜ੍ਹਾਂ ਦੇ ਅੰਦਰ ਦਬੀ ਹੋਈ ਜ਼ਮੀਨ ਹੈ ਉਸ ਨੂੰ ਕਢਾਇਆ ਜਾਵੇ। ਚੇਅਰ-ਮੈਨ ਸਾਹਿਬ, ਤੁਹਾਨੂੰ ਪਤਾ ਹੀ ਹੈ ਕਿ ਤੁਹਾਡੇ ਹਲਕੇ ਵਿੱਚ ਫਿਲੌਰ ਵਿੱਚ ਇਕ ਡਰੇਨ ਰਾਓ ਡਰੇਨ ਹੈ ਔਰ ਉਹ ਤਕਰੀਬਨ 24 ਮੀਲ ਲੰਬੀ ਡਰੇਨ ਹੈ। ਉਥੇ ਪਿਛਲੇ ਸਾਲ ਅਸੀਂ ਸਾਰਾ ਸਰਵੇ ਕਰਵਾ ਕੇ ਦੇਖਿਆ ਹੈ ਕਿ 5600 ਏਕੜ ਜ਼ਮੀਨ ਨਿਕਲਦੀ ਹੈ। ਉਸ ਦੀ ਇਕ ਸਾਈਡ ਚੈਨੇਲਾਈਜ਼ ਕਰਨ ਨਾਲ 10 ਲੱਖ ਰੁਪਿਆ ਖਰਚ ਆਉਂਦਾ ਸੀ। ਉਹ ਜ਼ਮੀਨ ਐਕੁਆਇਰ ਕਰਨ ਵਾਸਤੇ ਉਨ੍ਹਾਂ ਸਾਰਿਆਂ ਪਿੰਡਾਂ ਤੋਂ ਰੈਜ਼ੋਲਿਊਸ਼ਨ ਕਰਵਾਇਆ। ਮੈਂ ਇਕ ਕੁਐਸ਼ਚਨ ਵੀ ਹਾਊਸ ਵਿਚ ਦਿੱਤਾ ਸੀ। ਇਨ੍ਹਾਂ ਨੇ ਕੋਈ ਹਿਸਾਬ ਨਹੀਂ ਲਾਇਆ। 56 ਹਜ਼ਾਰ ਏਕੜ ਜ਼ਮੀਨ ਬੇਟ ਏਰੀਆ ਵਿਚ ਤੁਹਾਡੀ ਕੰਸਟੀਚਿਊਐਂਸੀ ਵਿੱਚ ਪੈਂਦੀ ਹੈ। ਜੇ ਇਹ ਜ਼ਮੀਨ ਬੇਟ ਏਰੀਏ ਦੇ ਗਰੀਬ ਲੋਕਾਂ ਨੂੰ ਦੇਈਏ ਤਾਂ ਮੈਂ ਹਿਸਾਬ ਲਾ ਕੇ ਦੱਸਿਆ ਸੀ ਕਿ ਇਥੋਂ ਜਿਹੜੀ ਫਸਲ ਆਵੇਗੀ ਉਸ ਦੀ 5 ਲੱਖ ਰੁਪਿਆ ਮਾਰਕਿਟ ਕਮੇਟੀ ਨੂੰ ਫੀਸ ਹੀ ਆਵੇਗੀ। ਕਿਸੇ ਨੇ ਮਿਹਨਤ ਨਹੀਂ ਕੀਤੀ ਕਿਉਂਕਿ ਉਹ ਕਾਂਗਰਸ ਵਲੋਂ ਆਇਆ ਹੈ। ਤੁਸੀਂ ਹਿਸਾਬ ਲਾ ਕੇ ਦੇਖੋ। ਕਿਤੇ ਵਡੇ ਮਸਲੇ ਡਰੇਨੇਜ਼ ਦੀ ਗੱਲ ਹੈ। (ਵਿਘਨ) ਕਿਤੇ ਇੰਦਰਾ ਗਾਂਧੀ ਦੀ ਗੱਲ ਕਰਦੇ ਹਨ, ਕਿਤੇ ਖਾਲਿਸਤਾਨ ਦੀ ਗੱਲ, ਕਿਤੇ ਪੈਸਿਆਂ ਦੀ ਗੱਲ। ਮੈਂ ਕਹਿੰਦਾ ਹਾਂ ਕਿ ਇਨ੍ਹਾਂ ਨੂੰ ਇਕ ਦੋ ਦਿਨ ਦੇ ਦਿਓ ਜੋ ਗੱਲ ਇਨ੍ਹਾਂ ਨੇ ਕਰਨੀ ਹੈ ਕਰ ਲੈਣ। ਹਾਊਸ ਦਾ ਟਾਈਮ ਇਸ ਤਰ੍ਹਾਂ ਜ਼ਾਇਆ ਕਰਨਾ ਹੈ। ਇਤਨਾ ਅਹਿਮ ਮਸਲਾ ਹੈ ਜਾਂ ਤਾਂ ਤੁਸੀਂ ਕਹਿ ਦਿਓ ਕਿ ਮਸਲਾ ਅਹਿਮ ਨਹੀਂ ਹੈ। ਇੰਨਾਂ ਖਰਚ ਹੋ ਰਿਹਾ ਹੈ ਪੰਜਾਬ ਦੇ ਲੋਕਾਂ ਦਾ ਪੈਸਾ ਹੈ ਇਹ ਜਿਤਣ ਹਾਰਣ ਦੀ ਗੱਲ ਕਰਦੇ ਹਨ। ਇਹ ਜਿਵੇਂ ਕਦੇ ਹਾਰੇ ਨਹੀਂ ਔਰ ਅਸੀਂ ਕਦੇ ਜਿੱਤੇ ਨਹੀਂ ਔਰ ਸਾਡੀ ਸਰਕਾਰ ਕਦੇ ਨਹੀਂ ਬਣੀ। ਇਹ ਆਸਮਾਨ ਤੋਂ ਡਿਗੇ ਹਨ। ਜਿਹੜੀ ਇਹ ਤੁਹਾਡੀ ਸਰਕਾਰ ਹੈ ਇਹ ਤਾਂ ਅਕਾਲੀ ਦਲ ਦੀ ਸਰਕਾਰ ਨਹੀਂ ਇਹ ਤਾਂ ਬਰਨਾਲਾ—ਬਲਵੰਤ ਦੀ ਕੰਪਨੀ ਦੀ ਸਰਕਾਰ ਹੈ। ਇਸ ਦੇ ਮੈਂਬਰ.........

**ਸਰਦਾਰ ਰਾਜਿੰਦਰ ਸਿੰਘ ਧਾਲੀਵਾਲ** : ਚੇਅਰਮੈਨ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਸਾਡੀ ਬਹਿਸ ਦਾ ਜੋ ਮਸਲਾ ਹੈ ਉਹ ਬਹੁਤ ਹੀ ਇੰਪਾਰਟੈਂਟ ਹੈ। ਮੈਨੂੰ ਅਫ਼ਸੋਸ ਨਾਲ

Original with;
Punjab Vidhan Sabha
Digitized by;
Panjab Digital Library

ਕਹਿਣਾ ਪੈਂਦਾ ਹੈ ਕਿ ਸਾਨੂੰ ਹਾਊਸ ਦਾ ਵਕਤ ਖਰਾਬ ਨਹੀਂ ਕਰਨਾ ਚਾਹੀਦਾ। ਪਰ ਇਹ ਮੈਂਬਰ ਸਾਹਿਬ ਵੀ ਉਨ੍ਹਾਂ ਲੀਹਾਂ ਤੇ ਤੁਰ ਪਏ। ਜੇ ਇਹ ਮੱਤੇ ਤੇ ਗੱਲ ਆਖਣ ਤਾਂ ਅੱਛੀ ਗੱਲ ਹੈ।

**ਸਰਦਾਰ ਦਿਲਬਾਗ ਸਿੰਘ** : ਚੇਅਰਮੈਨ ਸਾਹਿਬ, ਮੈਂ ਇਹ ਗੱਲ ਕਹਿੰਦਾ ਸੀ ਕਿ ਮੱਤੇ ਤੇ ਗੱਲ ਕਰਨੀ ਚਾਹੀਦੀ ਹੈ, ਜੇ ਮਤੇ ਦੀ ਗੱਲ ਕਰਦੇ ਹਾਂ ਤਾਂ ਇਹ ਸਾਡੇ ਨਾਲ ਲੜਦੇ ਹਨ। ਹੁਣ ਅਸੀਂ ਗੱਲ ਕੀਤੀ ਹੈ ਸਾਨੂੰ ਕਰ ਲੈਣ ਦਿਓ। ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਡੀ ਸਰਕਾਰ ਤਾਂ ਪੰਜ ਪੰਜ ਸਾਲ ਚਲਦੀ ਰਹੀ ਹੈ ਅਤੇ ਤੁਹਾਡੀ ਸਰਕਾਰ ਸੱਤ ਮਹੀਨੇ ਜਾਂ ਨੌਂ ਮਹੀਨੇ ਤੋਂ ਵੱਧ ਨਹੀਂ ਰਹੀ।

**ਸਰਦਾਰ ਦਲੀਪ ਸਿੰਘ ਪਾਂਧੀ** : ** ** **

**ਸ੍ਰੀ ਸਭਾਪਤੀ** : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ।

**ਸਰਦਾਰ ਦਿਲਬਾਗ ਸਿੰਘ** : ਚੇਅਰਮੈਨ ਸਾਹਿਬ, ਇਨ੍ਹਾਂ ਨੂੰ ਥੋੜ੍ਹਾ ਜਿਹਾ ਸੰਭਾਲੋ। ਮੈਂ ਇਹ ਗੱਲ ਕਹਿ ਰਿਹਾ ਹਾਂ ਕਿ ਅਕਾਲੀ ਪਾਰਟੀ ਨੇ ਵਕੀਲ ਕੀਤਾ ਹੈ। ਇਹ ਇਸ ਤਰ੍ਹਾਂ ਦੀ ਗੱਲ ਹੈ ਇਸ ਦੀ ਬੈਕ ਗਰਾਊਂਡ ਬੜੀ ਹੈ, ਮੈਂ ਹਾਊਸ ਵਿਚ ਦੱਸਣਾ ਨਹੀਂ ਚਾਹੁੰਦਾ।

**Mr. Chairman**: Please come to the Resolution.

**ਸਰਦਾਰ ਦਿਲਬਾਗ ਸਿੰਘ** : ਚੇਅਰਮੈਨ ਸਾਹਿਬ, ਮੈਂ ਬੇਨਤੀ ਕਰ ਰਿਹਾ ਸੀ ਕਿ ਇਹ ਇਕ ਅਹਿਮ ਰੈਜ਼ੋਲਿਊਸ਼ਨ ਹੈ। ਜੇ ਅਸੀਂ ਜ਼ਮੀਨ ਨੂੰ ਹੋਰ ਉਪਜਾਊ ਨਹੀਂ ਬਣਾਵਾਂਗੇ ਤਾਂ ਸਾਡੀ ਗਰੀਬੀ ਅਤੇ ਬੇਰੋਜ਼ਗਾਰੀ ਹੋਰ ਵਧੇਗੀ। ਇਹ ਐਗਰੀਕਲਚਰ ਦੀ ਇਕ ਸਮੱਸਿਆ ਹੈ। ਇਸ ਰੈਜ਼ੋਲਿਊਸ਼ਨ ਨੂੰ ਮੁਤਫ਼ਿੱਕਾ ਤੌਰ ਤੇ ਜਲਦੀ ਤੋਂ ਜਲਦੀ ਪਾਸ ਕਰੀਏ ਔਰ ਸਰਕਾਰ ਨੂੰ ਇਹ ਇੰਪਲੀਮੈਂਟ ਕਰਨਾ ਚਾਹੀਦਾ ਹੈ।

**ਸਰਦਾਰ ਸੁਰਜੀਤ ਸਿੰਘ ਮਿਨਹਾਸ** : (ਆਦਮਪੁਰ) : ਸਤਿਕਾਰ ਯੋਗ ਚੇਅਰਮੈਨ ਸਾਹਿਬ, ਇਹ ਮਤਾ ਵਿਰੋਧੀ ਧਿਰ ਵਲੋਂ ਰਖਿਆ ਗਿਆ ਹੈ ਤੇ ਸਾਡੀ ਫਰਾਖ਼ਦਿਲੀ ਇਸ ਗੱਲ ਤੇ ਵੇਖੀ ਜਾਵੇ ਕਿ ਅਸੀਂ ਇਸ ਦੀ ਪ੍ਰੋੜ੍ਹਤਾ ਕਰ ਰਹੇ ਹਾਂ। ਸਾਨੂੰ ਇਸ ਗੱਲ ਦਾ ਅਨੁਭਵ ਹੈ ਪਿਛਲੇ ਸਮੇਂ ਦਾ, ਜਦੋਂ ਬਾਰਸ਼ਾਂ ਹੋਈਆਂ ਪਿਛਲੇ ਸਾਲ ਜੁਲਾਈ ਅਗਸਤ ਵਿਚ ਜਿਨ੍ਹਾਂ ਕਾਰਨ ਬਹੁਤ ਸਖ਼ਤ ਨੁਕਸਾਨ ਹੋਇਆ ਫ਼ਸਲਾਂ ਦਾ, ਮੁਰਗੀਖਾਨਿਆਂ ਦਾ। ਪਿੰਡਾਂ ਵਿਚ ਹੋਰ ਵੀ ਬਹੁਤ ਨੁਕਸਾਨ ਹੋਏ। ਸ਼ਹਿਰਾਂ ਵਿਚ ਵੀ ਲੋਕਾਂ ਦੇ ਨੁਕਸਾਨ ਹੋਏ। ਇਸ ਦੇ ਨਾਲ ਪੰਜਾਬ ਦੇ ਕਿਸਾਨ ਨੂੰ ਬਹੁਤ ਧੱਕਾ ਲਗਿਆ। ਮੇਰੇ ਆਪਣੇ ਹਲਕੇ ਆਦਮਪੁਰ ਵਿਚ ਜੋ ਫਸਲਾਂ ਦਾ ਮੁਆਵਜ਼ਾ ਅਕਾਲੀ ਸਰਕਾਰ ਨੇ ਦਿਤਾ ਉਸ ਨੁਕਸਾਨ ਦੇ ਮੁਆਵਜ਼ੇ ਵਜੋਂ ਜਿਹੜਾ ਪਿਛਲੇ ਸਾਲ ਜੁਲਾਈ ਅਗਸਤ ਵਿਚ ਹੋਇਆ ਸੀ। ਤਿੰਨ ਕਰੋੜ ਰੁਪਿਆ ਜਲੰਧਰ ਜ਼ਿਲ੍ਹੇ ਲਈ ਆਇਆ ਜਿਸ ਵਿਚੋਂ 97 ਲੱਖ ਰੁਪਿਆ ਆਦਮਪੁਰ ਵਿਚ ਦਿਤਾ ਗਿਆ ਕਿਉਂਕਿ ਨਸਰਾਲਾ ਚੋਅ ਦਾ ਪਾਣੀ ਸਾਰਾ ਇਸ ਹਲਕੇ ਵਿਚ ਸੁਟਿਆ ਗਿਆ ਜਿਸ ਕਰਕੇ ਫਸਲਾਂ ਦਾ ਨੁਕਸਾਨ ਹੋਇਆ। ਅਨਪ੍ਰੀਸੀਡੈਂਟਿਡ ਬਾਰਸ਼ਾਂ ਹੋਈਆਂ। ਜਿਸ ਤਰ੍ਹਾਂ ਸਰਦਾਰ ਦਿਲਬਾਗ ਸਿੰਘ ਨੇ ਕਿਹਾ ਕਿ ਇਹ ਅਹਿਮ ਰੈਜ਼ੋਲਿਊਸ਼ਨ ਹੈ ਪਰ ਇਨ੍ਹਾਂ ਨੇ ਕਟਾਕਸ਼ ਭਾਵ ਕੁਝ ਗੱਲਾਂ ਆਖੀਆਂ ਜਿਹੜੀਆਂ ਕਿ ਮੈਂ ਕਹਿੰਦਾ ਹਾਂ ਕਿ ਨਹੀਂ ਕਹਿਣੀਆਂ ਚਾਹੀਦੀਆਂ ਸਨ।

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸਰਦਾਰ ਦਿਲਬਾਗ ਸਿੰਘ :** ਚੇਅਰਮੈਨ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਹੈ। ਸਰਦਾਰ ਜੀ, ਤੁਸੀਂ ਮੇਰੀ ਗਲ ਤਾਂ ਸੁਣ ਲਈ ਪਰ ਜਿਹੜਾ ਉਹ ਅੱਧਾ ਘੰਟਾ ਇਥੇ ਰੌਲਾ ਪਾਉਂਦਾ ਰਿਹਾ ਉਹ ਨਹੀਂ ਸੁਣਿਆ।

**Sardar Surjit Singh Minhas** : Mr. Chairman, please ask him to address the Chair and not me. He is an experienced Member and he should know that he is to address the Chair and not me.

ਚੇਅਰਮੈਨ ਸਾਹਿਬ, ਮੇਰੀ ਗੁਜ਼ਾਰਿਸ਼ ਹੈ ਕਿ ਮੈਂ ਪਿਛਲੇ ਸਾਲ ਦੇ ਨੁਕਸਾਨ ਬਾਰੇ ਗੱਲ ਕਰ ਰਿਹਾ ਸੀ ਕਿ ਜਿਹੜਾ ਸਾਡੇ ਹਲਕੇ ਵਿਚ ਨੁਕਸਾਨ ਹੋਇਆ ਉਸ ਦਾ ਮੁੱਖ ਕਾਰਨ ਇਹ ਸੀ ਕਿ ਜਿਵੇਂ ਪਾਂਧੀ ਸਾਹਿਬ ਨੇ ਕਿਹਾ ਸੀ ਕਿ ਡਰੇਨਾਂ ਬਣੀਆਂ ਅਕਾਲੀ ਸਰਕਾਰ ਵੇਲੇ ਅਤੇ ਕਾਂਗਰਸ ਸਰਕਾਰ ਵੇਲੇ, ਪਰ ਉਨ੍ਹਾਂ ਦੀ ਸਫ਼ਾਈ ਨਹੀਂ ਕੀਤੀ ਗਈ। ਇਹ ਕਿਹਾ ਜਾਂਦਾ ਹੈ ਕਿ 1955-56 ਤੋਂ ਬਾਦ ਹੁਣ ਤਕ ਇਨ੍ਹਾਂ 30 ਸਾਲਾਂ ਮਗਰੋਂ ਐਸੇ ਹੜ੍ਹ ਆਏ ਜਿਨ੍ਹਾਂ ਨਾਲ ਬਹੁਤ ਨੁਕਸਾਨ ਹੋਇਆ ਜਿਸ ਦੇ ਲਈ ਕੰਪਨਸੇਸ਼ਨ ਦੇਣ ਵਿਚ ਬਹੁਤ ਵੱਡੀ ਰਕਮ ਸਰਫ਼ ਕਰਨੀ ਪਈ। ਜਿਹੜੀਆਂ ਡਰੇਨਾਂ ਹਨ ਉਨ੍ਹਾਂ ਦੀ ਸਫਾਈ ਹੋਣੀ ਚਾਹੀਦੀ ਹੈ। ਜਿਹੜਾ ਇਹ ਨਸਰਾਲੇ ਵਾਲਾ ਚੋਅ ਹੈ ਇਹ ਹੁਸ਼ਿਆਰਪੁਰ ਵਲੋਂ ਜਲੰਧਰ ਵਿਚ ਆਉਂਦਾ ਹੈ। ਇਸ ਦੇ ਰਸਤੇ ਵਿਚ ਇਕ ਪੁਲ ਡੋਰਲੀ ਕਲਾਂ ਅਤੇ ਕਾਲਰਾ ਪਾਸ ਨਹਿਰ ਦੇ ਹੇਠ ਚੋਅ ਤੇ ਹੈ ਉਹ ਠੀਕ ਤਰ੍ਹਾਂ ਨਾਲ ਸਾਫ਼ ਨਾ ਹੋਣ ਕਰਕੇ ਸਾਈਫ਼ਨ ਜਿਹੜੇ ਬਣੇ ਹੋਏ ਹਨ ਉਹ ਭਰ ਜਾਂਦੇ ਹਨ ਅਤੇ ਪਾਣੀ ਪਿੰਡਾਂ ਵਿਚ ਚਲਾ ਗਿਆ ਔਰ ਬਹੁਤ ਨੁਕਸਾਨ ਹੋਇਆ। ਜਿਹੜੀ ਉਹ ਨਹਿਰ ਹੈ ਉਹ ਅੰਡਰਗਰਾਉਂਡ ਹੋਣੀ ਚਾਹੀਦੀ ਹੈ। ਇਸ ਕਿਸਮ ਦਾ ਮਸਲਾ ਸਿਰਫ਼ ਮੇਰੇ ਹਲਕੇ ਵਿੱਚ ਹੀ ਨਹੀਂ ਹੋਰ ਥਾਵਾਂ ਤੇ ਵੀ ਹੈ। ਇਸ ਲਈ ਮੈਂ ਕਹਿੰਦਾ ਹਾਂ ਕਿ ਪਾਣੀ ਹੇਠਾਂ ਆਵੇ ਤਾਕਿ ਸਾਈਫ਼ਨ ਨਾ ਰੁਕਣ। ਇਕ ਇਹ ਮੁਹਿੰਮ ਚਲਾਈ ਗਈ ਕਿ ਹੜ੍ਹਾਂ ਨੂੰ ਰੋਕਣ ਵਾਸਤੇ ਵੱਧ ਦਰੱਖਤ ਲਗਾਏ ਜਾਣ। ਇਹ ਜਿਹੜਾ ਫਲੱਡਜ਼ ਦਾ ਮਸਲਾ ਹੈ ਇਸ ਨੂੰ ਹਲ ਕੀਤਾ ਜਾਵੇ। ਥੀਨ ਡੈਮ ਦਾ ਮਸਲਾ ਅਕਾਲੀ ਸਰਕਾਰ ਨੇ ਹਲ ਕੀਤਾ ਹੈ ਇਹ ਪਿਛਲੇ 30 ਸਾਲਾਂ ਤੋਂ ਲਮਕਿਆ ਪਿਆ ਸੀ। ਭਾਰਤ ਨੇ ਪੈਸਾ ਵੀ ਸੌ ਕਰੋੜ ਰੁਪਿਆ ਪਾਕਿਸਤਾਨ ਨੂੰ ਕਾਫੀ ਸਮਾਂ ਪਹਿਲਾਂ ਦੇ ਦਿੱਤਾ। ਅੱਜ ਤਾਂ ਸੌ ਕਰੋੜ ਰੁਪਏ ਦੀ ਇਤਨੀ ਬੁੱਕਤ ਨਹੀਂ ਜਿਹੜੀ ਅੱਜ ਤੋਂ ਦੋ ਦਹਾਕੇ ਪਹਿਲਾਂ ਸੀ। ਸੌ ਕਰੋੜ ਰੁਪਿਆ ਰਾਵੀ ਦਰਿਆ ਦੇ ਪਾਣੀ ਦਾ ਪਾਕਿਸਤਾਨ ਨੂੰ ਦੇ ਦਿੱਤਾ ਪਰ ਸਰਕਾਰ ਦੀ ਢਿੱਲੀ ਨੀਤੀ ਕਾਰਨ ਕੁਝ ਨਹੀਂ ਹੋਇਆ। ਚੇਅਰਮੈਨ ਸਾਹਿਬ, ਇਹ ਫਿਰ ਕਹਿਣਗੇ ਕਿ ਇਹ ਕੇਂਦਰ ਵਲ ਇਸ਼ਾਰਾ ਕਰਦੇ ਹਨ। ਕੀ ਕਰੀਏ ਸਾਡੀ ਪਲਾਨਿੰਗ ਦਾ ਢਾਂਚਾ ਹੀ ਕੁਝ ਇਸ ਤਰ੍ਹਾਂ ਦਾ ਹੈ। ਇਸ ਕਰਕੇ ਹੀ ਸ਼੍ਰੋਮਣੀ ਅਕਾਲੀ ਦਲ ਨੇ ਅਨੰਦਪੁਰ ਸਾਹਿਬ ਦਾ ਮਤਾ ਪਾਸ ਕੀਤਾ ਸੀ ਕਿ ਜਿਹੜੀਆਂ ਫਿਸਕਲ ਪਾਵਰਜ਼ ਹਨ, ਡਿਸਪੈਰਿਟੀ ਇਨ ਅਕਾਨੌਮੀ ਹੈ, ਉਹ ਦੂਰ ਹੋ ਸਕੇ। ਇਹ ਇਸ ਲਈ ਸੀ ਕਿ ਹਰ ਗੱਲ ਵਿਚ ਸੈਂਟਰ ਕੰਨੀ ਨਿਗਾਹ ਨਾ ਰਹੇ। ਮੇਰੇ ਦੋਸਤ ਬੁਰਾ ਮਨਾਉਣਗੇ ਕਿ ਉਨ੍ਹਾਂ ਨੂੰ ਰੈਫ਼ਰ ਕੀਤਾ ਹੈ। ਮੈਂ ਦੱਸਦਾ ਹਾਂ ਕਿ ਸਾਡੇ ਦੁਆਬੇ ਵਿਚ ਵਾਟਰਲੌਗਿੰਗ ਦਾ ਮਸਲਾ ਸੀ ਹੁਣ ਉਹ ਘੱਟ ਗਿਆ ਹੈ। ਅੱਜ ਤੋਂ 30, 32 ਸਾਲ ਪਹਿਲਾਂ ਇਹ ਇਕ ਬਹੁਤ ਵੱਡਾ ਮਸਲਾ ਸੀ। ਇਹ ਫਾਈਂਡ ਆਊਟ ਕੀਤਾ ਗਿਆ ਕਿ ਸਫੈਦੇ ਦੇ ਦਰੱਖਤ ਲਗਾਏ ਜਾਣ ਕਿਉਂਕਿ ਸਫੈਦੇ ਦਾ ਦਰੱਖਤ ਪਾਣੀ ਬਹੁਤ ਪੀਂਦਾ ਹੈ, ਉਥੇ ਅੱਜ ਇਹ ਹਾਲਤ ਹੋ ਗਈ ਹੈ ਕਿ ਦੁਆਬੇ ਵਿਚ 8, 9 ਫੁਟ ਪਾਣੀ ਹੋਰ ਥੱਲੇ ਚਲਾ ਗਿਆ। ਇਥੇ ਫਲੱਡਜ਼ ਦਾ ਮਸਲਾ ਹੈ। ਜੇ ਫ਼ਲੱਡਜ਼ ਤੇ ਕੰਟਰੋਲ ਨਾ ਕੀਤਾ ਗਿਆ, ਜੇ ਇਸ ਦਾ ਸੁਧਾਰ ਨਾ ਕੀਤਾ ਗਿਆ, ਜਿਹੜੀਆਂ ਡਰੇਨਾਂ ਸਾਫ਼ ਹੋਣ ਵਾਲੀਆਂ ਹਨ, ਉਹ ਸਾਫ਼ ਨਾ ਕੀਤੀਆਂ ਗਈਆਂ, ਜਿਹੜੇ ਪੁਲ ਬਣਨ ਵਾਲੇ ਹਨ, ਉਹ ਨਾ ਬਣਾਏ ਗਏ ਤਾਂ ਜਿਹੜਾ ਪੈਸਾ ਐਤਕੀਂ ਹੜ੍ਹਾਂ ਤੋਂ ਬਾਅਦ ਕੰਪੈਨਸੇਸ਼ਨ ਤੇ ਦਿੱਤਾ ਗਿਆ ਹੈ, ਉਹ

Original with;
Punjab Vidhan Sabha
Digitized by;
Panjab Digital Library

ਨਾ ਦਿੱਤਾ ਜਾਣਾ ਪੈਂਦਾ ਜੇਕਰ ਪੇਸ਼ਬੰਦੀ ਪਹਿਲਾਂ ਕੀਤੀ ਜਾਂਦੀ। ਇਕੱਲੇ ਜਲੰਧਰ ਵਿਚ ਹੀ 3 ਕਰੋੜ ਫਸਲਾਂ ਦੀ ਕੰਪੈਨਸੇਸ਼ਨ, 74 ਲੱਖ ਰੁਪਿਆ ਟਿਊਬਵੈਲਾਂ ਲਈ, ਹਾਲਾਂਕਿ ਢਾਈ ਏਕੜ ਜ਼ਮੀਨ ਦੇ ਰਕਬੇ ਵਿੱਚ ਜਿਹੜੇ ਟਿਊਬਵੈੱਲ ਆਉਂਦੇ ਸਨ, ਇਹ ਉਨ੍ਹਾਂ ਨੂੰ ਹੀ ਦਿੱਤਾ ਗਿਆ ਹੈ ਅਤੇ 18 ਲੱਖ ਰੁਪਿਆ ਪੋਲਟਰੀ ਦਾ ਭਾਵ 4 ਕਰੋੜ ਰੁਪਿਆ ਖਰਚ ਕੀਤਾ ਗਿਆ ਕੰਨਸੇਸ਼ਨ ਦੇਣ ਤੇ। ਜੇ ਇਹੀ ਪੈਸਾ ਪੁਲਾਂ ਨੂੰ ਬਣਾਉਣ ਤੇ ਅਤੇ ਡਰੇਨਾਂ ਦੀ ਸਫਾਈ ਤੇ ਖਰਚ ਕਰਨ ਤਾਂ ਇਹ ਜਿਹੜੇ ਅਨਪ੍ਰੈਸੀ-ਡੈਂਟਿਡ ਫਲੱਡਜ਼ ਆਏ ਹਨ, ਇਨ੍ਹਾਂ ਦੀ ਰੋਕਥਾਮ ਹੋ ਸਕਦੀ ਹੈ। ਚਾਹੇ ਚੋਆਂ ਦੇ ਕੰਢੇ ਹਨ ਅਤੇ ਚਾਹੇ ਨਹਿਰਾਂ ਦੇ ਲੈਵਲ ਹਨ, ਉਹ ਬਹੁਤ ਥਾਈਂ ਕੱਚੇ ਹਨ। ਨਹਿਰਾਂ ਕੱਚੀਆਂ ਹਨ ਅਤੇ ਪਾਣੀ ਦਾ ਜ਼ੋਰ ਪੈਣ ਨਾਲ ਕਿਨਾਰੇ ਟੁਟ ਜਾਂਦੇ ਹਨ। ਉਨ੍ਹਾਂ ਦੀ ਪਿਚਿੰਗ ਹੋਣੀ ਚਾਹੀਦੀ ਹੈ। ਜਿਹੜਾ ਵੀ ਡਰੇਨਾਂ ਵਾਲਾ ਸੈਂਸਿਟਿਵ ਏਰੀਆ ਹੈ, ਉਥੇ ਬੰਨ੍ਹ ਲਾਉਣੇ ਚਾਹੀਦੇ ਹਨ ਅਤੇ ਡਰੇਨਾਂ ਦੀ ਪਿਚਿੰਗ ਹੋਣੀ ਚਾਹੀਦੀ ਹੈ। ਇਹ ਪੱਥਰ ਲਾ ਕੇ ਅੰਦਰਲੇ ਪਾਸੇ ਅਤੇ ਨੀਚੇ ਵਾਲੇ ਪਾਸੇ ਲਾ ਕੇ ਕੀਤੀ ਜਾ ਸਕਦੀ ਹੈ। ਨਸਰਾਲੇ ਵਾਲੀ ਚੋਅ ਜੋ ਜਲੰਧਰ ਵਿੱਚ ਪੈਂਦੀ ਹੈ, ਉਸ ਦੇ ਟੁੱਟਣ ਨਾਲ ਕੋਈ 30 ਸਾਲਾਂ ਤੋਂ ਬਾਅਦ ਬੜਾ ਨੁਕਸਾਨ ਹੋਇਆ ਹੈ। ਇਹ ਇਕ ਹੋਰ ਮਸਲਾ ਪੈਦਾ ਹੋਇਆ ਹੈ। ਚੇਅਰਮੈਨ ਸਾਹਿਬ, ਤੁਸੀਂ ਵੀ ਵਾਕਫ ਹੋ ਕਿ ਪਿਛਲੇ ਸਾਲ ਜੋ ਹੜ੍ਹ ਆਏ, ਉਨ੍ਹਾਂ ਤੋਂ ਬਾਅਦ ਝੋਨੇ ਦੀ ਫਸਲ ਮਾਰਕੀਟ ਵਿੱਚ ਆਈ ਸੀ। ਝੋਨੇ ਦੀ ਫਸਲ ਦੀ ਸਭ ਤੋਂ ਵੱਡੀ ਖਰੀਦਦਾਰ ਕੇਂਦਰੀ ਸਰਕਾਰ ਦੀ ਏਜੰਸੀ ਐਫ.ਸੀ. ਆਈ. ਸੀ। ਜੋ ਦਿੱਕਤ ਪੰਜਾਬ ਦੇ ਕਿਸਾਨ ਨੂੰ ਉਸ ਵੇਲੇ ਝੋਨਾ ਵੇਚਣ ਵਿਚ ਆਈ, ਉਹ ਵੀ ਤੁਹਾਨੂੰ ਪਤਾ ਹੈ। ਪਿਛਲੇ ਸਾਲ ਜਿਸ ਤਰ੍ਹਾਂ 18% ਮੁਆਇਸਚਰ ਦਾ ਮਸਲਾ ਉਠਾਇਆ ਗਿਆ, ਇਹ ਜਾਣਦੇ ਹੋਇਆਂ ਵੀ ਕਿ ਪੰਜਾਬ ਵਿੱਚ ਹੜ੍ਹ ਆਏ ਹਨ, ਕੋਈ ਲਿਹਾਜ਼ ਨਹੀਂ ਕੀਤੀ ਗਈ। ਪਿਛਲੇ ਸਾਲਾਂ ਵਿੱਚ 22% ਮੁਆਇਸਚਰ ਵਾਲਾ ਝੋਨਾ ਲਿਆ ਗਿਆ ਸੀ ਲੇਕਿਨ ਇਸ ਸਾਲ ਕਿਉਂਕਿ ਅਕਾਲੀ ਸਰਕਾਰ ਸੱਤਾ 'ਚ ਆਈ ਸੀ ਇਸ ਲਈ ਇਹ ਚਾਹੁੰਦੇ ਸਨ ਕਿ ਅਕਾਲੀ ਅਤੇ ਕਿਸਾਨ ਆਪਸ ਵਿੱਚ ਟਕਰਾ ਜਾਣ। ਪਰ ਫਿਰ ਵੀ ਪੰਜਾਬ ਸਰਕਾਰ ਨੇ ਕਿਸਾਨ ਨੂੰ ਰਾਹਤ ਦੇਣ ਦਾ ਯਤਨ ਕੀਤਾ। ਇਸ ਲਈ ਮੈਂ ਕਹਿੰਦਾ ਹਾਂ ਕਿ ਇਸ ਢੰਗ ਨਾਲ ਫਲੱਡਜ਼ ਨੂੰ ਕੰਟਰੋਲ ਕੀਤਾ ਜਾਵੇ ਤਾਂ ਜੋ ਮੁਆਇਸਚਰ ਦਾ ਮਸਲਾ ਵੀ ਪੈਦਾ ਨਾ ਹੋਵੇ। ਜਿਹੜਾ ਇਹ ਮਤਾ ਇਨ੍ਹਾਂ ਸਾਡੇ ਮਿੱਤਰਾਂ ਵਲੋਂ ਆਇਆ ਹੈ, ਇਹ ਬੜਾ ਅੱਛਾ ਹੈ ਕਿਉਂਕਿ ਇਹ ਕਿਸਾਨਾਂ ਦੇ ਭਲੇ ਲਈ ਹੈ, ਇਸ ਲਈ ਮੈਂ ਇਸ ਦੀ ਪਰੋੜ੍ਹਤਾ ਕਰਦਾ ਹਾਂ। ਬਾਕੀ ਜਿਹੜੀਆਂ ਮੈਂ ਗੱਲਾਂ ਕਹੀਆਂ ਹਨ, ਉਨ੍ਹਾਂ ਤੇ ਜ਼ਰੂਰ ਵਿਚਾਰ ਹੋਣਾ ਚਾਹੀਦਾ ਹੈ। ਜਾਂ ਇਕ ਕਮੇਟੀ ਬਣੇ, ਇਨ੍ਹਾਂ ਦੇ ਮੈਂਬਰਾਂ ਨੂੰ ਅਤੇ ਸਾਡੇ ਮੈਂਬਰਾਂ ਨੂੰ ਲੈ ਕੇ ਜਾਂ ਆਫੀਸ਼ੀਅਲ ਤੌਰ ਤੇ, ਜਿਹੜੀ ਇਹ ਦੱਸੇ ਕਿ ਪੰਜਾਬ ਵਿੱਚ, ਦੋਆਬੇ ਵਿੱਚ ਹੜ੍ਹਾਂ ਦੇ ਮਸਲੇ ਨੂੰ ਕਿਸ ਤਰ੍ਹਾਂ ਟੈਕਲ ਕੀਤਾ ਜਾ ਸਕਦਾ ਹੈ। ਧੰਨਵਾਦ।

**ਡਾਕਟਰ ਕੇਵਲ ਕ੍ਰਿਸ਼ਨ** (ਮੁਕੇਰੀਆਂ) : ਚੇਅਰਮੈਨ ਸਾਹਿਬ, ਇਹ ਬੜੀ ਖੁਸ਼ੀ ਦੀ ਗੱਲ ਹੈ ਕਿ ਅੱਜ ਜਿਹੜਾ ਕਾਂਗਰਸ (ਆਈ) ਦੀ ਤਰਫੋਂ ਪਹਿਲਾ ਰੈਜ਼ੋਲਿਊਸ਼ਨ ਲਿਆਂਦਾ ਗਿਆ ਸੀ, ਉਹ ਵੀ ਸਰਬ-ਸੰਮਤੀ ਨਾਲ ਹਾਊਸ ਦੇ ਮਾਨਯੋਗ ਮੈਂਬਰਾਂ ਨੇ ਪਾਸ ਕਰ ਦਿੱਤਾ ਹੈ ਔਰ ਦੂਸਰਾ ਜਿਹੜਾ ਹੰਸ ਰਾਜ ਆਰੀਆ ਜੀ ਨੇ ਰਖਿਆ ਸੀ, ਉਹ ਵੀ ਸਰਬ-ਸੰਮਤੀ ਨਾਲ ਪਾਸ ਕਰ ਦਿੱਤਾ ਹੈ। ਅਸੀਂ ਇਸ ਗੱਲ ਦਾ ਸਵਾਗਤ ਕਰਦੇ ਹਾ ਔਰ ਧੰਨਵਾਦ ਕਰਦੇ ਹਾਂ ਅਤੇ ਤੁਹਾਡੀ ਫਰਾਖਦਿਲੀ ਦੀ ਕਦਰ ਵੀ ਕਰਦੇ ਹਾਂ। ਮੈਂ ਇਸ ਦੇ ਨਾਲ ਹੀ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਇਹ ਕੋਈ ਤੁਸੀਂ ਨਵੀਂ ਗੱਲ ਨਹੀਂ ਕੀਤੀ। ਅਸੀਂ ਵੀ ਜਿਹੜਾ ਤੁਸੀਂ ਪਿਛਲੇ ਨਾਨ-ਆਫੀਸ਼ੀਅਲ ਡੇ ਵਿੱਚ ਲਿਆਂਦਾ ਸੀ, ਉਸ ਰੈਜ਼ੋਲਿਊਸ਼ਨ ਨੂੰ ਫਰਾਖ਼ਦਿਲੀ ਨਾਲ ਸਮਰਥਨ ਦਿੱਤਾ ਸੀ। ਜਿਹੜਾ ਰੈਜ਼ੋਲਿਊਸ਼ਨ ਪੰਡਿਤ

Original with;
Punjab Vidhan Sabha
Digitized by;
Panjab Digital Library

[ਡਾਕਟਰ ਕੇਵਲ ਕ੍ਰਿਸ਼ਨ]

ਸਰਵਣ ਰਾਮ ਜੀ ਨੇ, ਜਿਹੜੇ ਸਾਡੇ ਸੀਨੀਅਰ ਸਾਥੀ ਹਨ, ਉਨ੍ਹਾਂ ਨੇ ਪੇਸ਼ ਕੀਤਾ ਹੈ, ਉਸ ਦੇ ਵਿੱਚ ਤਿੰਨ ਗੱਲਾਂ ਹਨ। ਇਕ ਗੱਲ ਤਾਂ ਹੈ ਕਿ ਪੰਜਾਬ ਵਿੱਚ ਫਲੱਡਜ਼ ਦੇ ਨਾਲ ਜਿਹੜਾ ਬਾਰ ਬਾਰ ਨੁਕਸਾਨ ਹੁੰਦਾ ਹੈ ਉਹ ਨਾ ਹੋਵੇ; ਦੂਜਾ ਜਿਹੜਾ ਕੁਝ ਏਰੀਆ ਵਾਟਰ-ਲੌਗਿੰਗ ਦਾ, ਸੇਮ ਦਾ ਮਾਰਿਆ ਹੋਇਆ ਹੈ, ਉਹ ਚੀਜ਼ ਵੀ ਘੱਟ ਜਾਵੇ ਔਰ ਤੀਸਰੀ ਗੱਲ ਕਹੀ ਹੈ ਕਿ 1986-87 ਵਿੱਚ ਹੀ ਇਸ-ਦਾ ਮਾਸਟਰ ਪਲਾਨ ਬਣਾ ਕੇ ਔਰ ਇਸ ਦੇ ਲਈ ਪੈਸਿਆਂ ਦਾ ਪ੍ਰਬੰਧ ਕਰਕੇ ਉਸਨੂੰ ਪੂਰਾ ਵੀ ਕੀਤਾ ਜਾਵੇ। ਇਨ੍ਹਾਂ ਤਿੰਨਾਂ ਪੱਖਾਂ ਨੂੰ ਸਾਹਮਣੇ ਰਖਦੇ ਹੋਏ ਇਹ ਰੈਜ਼ੋਲਿਊਸ਼ਨ ਲਿਆਂਦਾ ਗਿਆ ਹੈ ਜਿਸਦਾ ਸਮਰਥਨ ਮਿਲਿਆ ਹੈ।

ਚੇਅਰਮੈਨ ਸਾਹਿਬ, ਮੈਂ ਜ਼ਿਕਰ ਕਰਨਾ ਚਾਹਵਾਂਗਾ ਸਭ ਤੋਂ ਪਹਿਲਾਂ ਕਿ ਪੰਜਾਬ ਦੀ ਜਿਹੜੀ ਟੋਟਲ ਜ਼ਮੀਨ ਹੈ ਉਹ 50,000 ਸਕੇਅਰ ਕਿਲੋਮੀਟਰ ਚੋਂ ਕੁਝ ਜ਼ਿਆਦਾ ਹੈ ਔਰ ਕਲਟੀਵੇਬਲ ਲੈਂਡ ਜਿਹੜੀ ਹੈ ਉਹ 50 ਲੱਖ 36 ਹਜ਼ਾਰ ਹੈਕਟੇਅਰਜ਼ ਹੈ ਜਿਸ ਦੇ ਵਿਚੋਂ ਕੁਝ ਜ਼ਮੀਨ ਜੰਗ-ਲਾਤ ਵਿਚ ਨਿਕਲ ਜਾਂਦੀ ਹੈ ਅਤੇ ਕਲਟੀਵੇਬਲ ਲੈਂਡ ਜਿਹੜੀ ਹੈ ਉਹ 47 ਲੱਖ 32 ਹਜ਼ਾਰ ਹੈਕਟੇਅਰ ਦੇ ਕਰੀਬ ਰਹਿ ਜਾਂਦੀ ਹੈ। ਫਲੱਡਜ਼ ਨਾਲ, ਵਾਟਰ-ਲੌਗਿੰਗ ਨਾਲ ਜ਼ਮੀਨ ਕਾਬਲੇ-ਕਾਸ਼ਤ ਨਹੀਂ ਰਹਿੰਦੀ ਜਿਸ ਕਾਰਨ ਪੰਜਾਬ ਦੀ ਆਰਥਿਕਤਾ ਦੇ ਉਪਰ ਬੁਰਾ ਅਸਰ ਪੈਂਦਾ ਹੈ ਔਰ ਜ਼ਿਮੀਂਦਾਰ, ਕਿਸਾਨ ਪੰਜਾਬ ਦਾ ਬੈਕਬੋਨ ਹੈ, ਇਕਾਨਮੀ ਦਾ ਬੇਸ ਹੈ। ਅੱਜ ਦੇ ਪੰਜਾਬ ਦੀ ਪਰ-ਕੈਪੀਟਾ ਇਨਕਮ ਸਾਰੇ ਹਿੰਦੁਸਤਾਨ ਵਿੱਚ ਜ਼ਿਆਦਾ ਹੈ ਤਾਂ ਉਸਦਾ ਸਿਹਰਾ ਪੰਜਾਬ ਦੇ ਮਿਹਨਤੀ ਕਿਸਾਨ ਨੂੰ ਜਾਂਦਾ ਹੈ, ਫਾਰਮਰ ਨੂੰ ਜਾਂਦਾ ਹੈ, ਉਸ ਦੀ ਮਿਹਨਤ ਨੂੰ ਜਾਂਦਾ ਹੈ। ਪੰਜਾਬ ਵਿੱਚ ਅਗਰ ਕਿਸਾਨ ਨੂੰ ਐਨਕਰੇਜ ਨਾ ਕੀਤਾ ਜਾਏ, ਉਸਦੇ ਹਿੱਤਾਂ ਦੀ ਰਾਖੀ ਨਾ ਕੀਤੀ ਜਾਏ ਤਾਂ ਠੀਕ ਨਹੀਂ। ਉਹ ਜ਼ਮੀਨ ਵਿੱਚ ਆਪਣਾ ਪਸੀਨਾਂ ਵਹਾਉਂਦਾ ਹੈ, ਧੁੱਪ ਝੱਲਦਾ ਹੈ, ਹਰ ਤਕਲੀਫ ਨੂੰ ਬਰਦਾਸ਼ਤ ਕਰਦਿਆਂ ਹੋਇਆਂ ਅਨਾਜ ਪੈਦਾ ਕਰਦਾ ਹੈ, ਪੰਜਾਬ ਦਾ ਉਹੀ ਕਿਸਾਨ ਅਨਾਜ ਪੈਦਾ ਕਰਕੇ ਸੈਂਟਰ ਦਾ ਜਿਹੜਾ ਭੰਡਾਰ ਹੈ, ਉਸ ਦੇ ਵਿੱਚ ਇਕੱਲਾ ਪੰਜਾਬ ਦਾ ਕਿਸਾਨ 60 ਫੀ ਸਦੀ ਨਾਲੋਂ ਜ਼ਿਆਦਾ ਹਿੱਸਾ ਉਸ ਪੂਲ ਵਿੱਚ ਪਾਉਂਦਾ ਹੈ, ਇਹ ਪੰਜਾਬ ਦੇ ਕਿਸਾਨ ਨੂੰ ਸਿਹਰਾ ਜਾਂਦਾ ਹੈ, ਪੰਜਾਬ ਦਾ ਕਿਸਾਨ ਇਸ ਲਈ ਵਧਾਈ ਦਾ ਪਾਤਰ ਹੈ ਜਿਹੜਾ ਇਸ ਗੱਲ ਲਈ ਸ਼ਲਾਘਾਯੋਗ ਹੈ। ਅੱਜ ਇਹ ਰੈਜ਼ੋਲਿਊਸ਼ਨ ਇਸ ਖਿਆਲ ਨਾਲ ਬਹੁਤ ਹੀ ਮਹੱਤਵਪੂਰਨ ਹੈ। ਹੁਣ ਜਿਹੜੀ ਪੰਜਾਬ ਦੀ ਜ਼ਮੀਨ ਹੈ ਜ਼ਮੀਨ ਕੋਈ ਰਬੜ ਤਾਂ ਹੈ ਨਹੀਂ ਜਿਸਨੂੰ ਖਿੱਚ ਕੇ ਵਧਾਇਆ ਜਾ ਸਕੇ। ਜਿੰਨੀ ਹੈ, ਉਸਨੂੰ ਵਧਾਇਆ ਤਾਂ ਨਹੀਂ ਜਾ ਸਕਦਾ, ਜਿਹੜੀ ਕੋਲ ਹੈ, ਉਹ ਸਾਰੀ ਦੀ ਸਾਰੀ ਕਾਬਲੇ-ਕਾਸ਼ਤ ਰਹੇ, ਸਾਰੀ ਦੀ ਸਾਰੀ ਨੂੰ ਪਾਣੀ ਲੱਗੇ ਅਤੇ ਕਿਸਾਨ ਉਸ ਤੋਂ ਵੱਧ ਤੋਂ ਵੱਧ ਫਾਇਦਾ ਉਠਾਏ। ਇਸ ਦਾ ਪ੍ਰਬੰਧ ਕਰਨਾ ਬੜਾ ਜ਼ਰੂਰੀ ਹੈ। ਇਹ ਜਿਕਰ ਮੈਂ ਜ਼ਰੂਰ ਕਰਨਾ ਚਾਹਵਾਂਗਾ ਕਿਉਂਕਿ ਇਹ ਬਾਰ ਬਾਰ ਡਿਸਕਸ਼ਨ ਏਥੇ ਹੋਈ ਹੈ ਕਿ ਸੈਂਟਰ ਕੋਈ ਮੱਦਦ ਨਹੀਂ ਕਰਦਾ, ਸੈਂਟਰ ਨੇ ਪੰਜਾਬ ਨੂੰ ਬੜਾ ਨੁਕਸਾਨ ਪਹੁੰਚਾਇਆ ਹੈ, ਸੈਂਟਰ ਪੰਜਾਬ ਦੀ ਪਰਵਾਹ ਨਹੀਂ ਕਰਦਾ, ਤਾਂ ਮੈਂ ਕਹਾਂਗਾ ਕਿ ਉਨ੍ਹਾਂ ਸਾਥੀਆਂ ਨੂੰ ਸੈਂਟਰ ਕੋਲ ਮੱਦਦ ਲੈਣ ਲਈ ਜਾਣਾ ਚਾਹੀਦਾ ਹੈ। ਸੈਂਟਰ ਔਰ ਪੰਜਾਬ ਦਾ ਚੋਲੀ ਦਾਮਨ ਦਾ ਸਾਥ ਹੈ। ਮੈਨੂੰ ਖੁਸ਼ੀ ਹੈ ਕਿ ਪੰਜਾਬ ਦੀ ਸਿਆਸਤ ਨੇ ਜਿਹੜਾ ਮੋੜ ਲਿਆ ਹੈ, ਉਸ ਵਿੱਚ ਅਸੀਂ ਸਾਰਿਆਂ ਨੇ ਮਿਲ ਕੇ ਪ੍ਰਣ ਕੀਤਾ ਹੈ ਕਿ ਹਿੰਦੁਸਤਾਨ ਨੂੰ ਇਕੱਠਾ ਰੱਖਣਾ ਹੈ, ਸੈਂਟਰ ਜਿਹੜਾ ਬਣਿਆ ਹੋਇਆ ਹੈ, ਉਸ ਨਾਲ ਸਾਡਾ ਅਟੁੱਟ ਸਬੰਧ ਰਹੇਗਾ। (ਥੰਪਿੰਗ) ਮੈਂ ਇਹ ਜਿਕਰ ਕਰਨਾ ਚਾਹਵਾਂਗਾ ਕਿ ਅੱਜ ਪੰਜਾਬ ਦੀ ਆਰਥਿਕਤਾ ਕਿਸ ਤਰ੍ਹਾਂ ਉਪਰ ਹੈ ਔਰ ਕਿਸ ਤਰ੍ਹਾਂ ਪੰਜਾਬ ਦੇ ਕਿਸਾਨ ਨੂੰ ਇਹ ਤਾਕਤ ਮਿਲੀ ਔਰ ਕਿਸ ਤਰ੍ਹਾਂ ਪੰਜਾਬ ਦਾ ਕਿਸਾਨ ਇਸ ਯੋਗ ਹੋਇਆ ਕਿ ਉਹ ਸੈਂਟਰ ਦੇ ਭੰਡਾਰ ਵਿੱਚ

Original with;
Punjab Vidhan Sabha
Digitized by;
Panjab Digital Library

ਵੱਧ ਤੋਂ ਵੱਧ ਹਿੱਸਾ ਪਾਏ। ਮੈਂ ਜ਼ਿਕਰ ਕਰਨਾ ਚਾਹੁੰਦਾ ਹਾਂ ਕਿ ਆਜ਼ਾਦੀ ਲਈ ਪਾਰਟੀਸ਼ਨ ਹੋਈ ਔਰ ਇਹ ਪੰਜ ਦਰਿਆਵਾਂ ਦਾ ਪੰਜਾਬ ਢਾਈ ਦਰਿਆਵਾਂ ਦਾ ਬਣ ਕੇ ਰਹਿ ਗਿਆ। ਦੂਜਾ ਜ਼ਮੀਨ ਨੂੰ ਪਾਣੀ ਨਹੀਂ ਸੀ, ਖਾਦ ਨਹੀਂ ਸੀ ਔਰ ਬਿਜਲੀ ਵੀ ਨਹੀਂ ਸੀ। ਇਹ ਸਾਰੀਆਂ ਕਮੀਆਂ ਸਨ। ਬਾਰ ਦਾ ਇਲਾਕਾ, ਜ਼ਰਖੇਜ਼ ਅਤੇ ਲਾਇਲਪੁਰ ਦੇ ਇਲਾਕੇ ਸਾਰੇ ਉਥੇ ਰਹਿ ਗਏ ਸਨ। ਉਥੋਂ ਸਾਰੇ ਭਰਾਵਾਂ ਨੂੰ ਪਾਕਿਸਤਾਨ ਬਣਨ ਕਾਰਣ ਉਜੜ ਕੇ ਅਤੇ ਬਰਬਾਦ ਹੋ ਕੇ ਮਾਈਗਰੇਟ ਹੋ ਕੇ ਉਥੋਂ ਆਉਣਾ ਪਿਆ। ਉਹ ਉਥੋਂ ਦੁੱਖ ਲੈ ਕੇ ਆਏ ਅਤੇ ਖੁਸ਼ਹਾਲੀ ਛੱਡ ਕੇ ਆਏ। ਉਨ੍ਹਾਂ ਨੂੰ ਹਿੰਦੁਸਤਾਨ ਦੀ ਸਰਕਾਰ ਨੇ ਛਾਤੀ ਨਾਲ ਲਾਇਆ। ਇਹ ਹਿੰਦੁਸਤਾਨ ਦੀ ਸਰਕਾਰ ਦਾ ਫਰਜ਼ ਵੀ ਬਣਦਾ ਸੀ ਕਿ ਮਾਈਗਰੇਟ ਹੋ ਕੇ ਆਏ ਹਿੰਦੁਸਤਾਨੀਆਂ ਨੂੰ ਮੁੜ ਵਸਾਏ। ਅਤੇ ਅੱਜ ਜਿਹੜੀ ਪੰਜਾਬ ਦੇ ਕਿਸਾਨ ਨੇ ਮਿਹਨਤ ਕੀਤੀ ਹੈ ਉਸ ਦੇ ਲਈ ਪੰਜਾਬ ਦੇ ਕਿਸਾਨ ਨੂੰ ਜਿੰਨੀ ਸ਼ਾਬਾਸ਼ ਦਿੱਤੀ ਜਾਵੇ, ਥੋੜ੍ਹੀ ਹੈ, ਜਿੰਨੀ ਉਸ ਦੀ ਤਾਰੀਫ ਕੀਤੀ ਜਾਵੇ, ਥੋੜ੍ਹੀ ਹੈ। ਲੇਕਿਨ, ਚੇਅਰ-ਮੈਨ ਸਾਹਿਬ, ਪੰਜਾਬ ਦਾ ਮਿਹਨਤੀ ਕਿਸਾਨ ਇਸ ਕਾਬਲ ਨਹੀਂ ਸੀ ਹੋ ਸਕਦਾ ਕਿ ਅੱਜ ਉਹ ਹਿੰਦੁਸ-ਤਾਨ ਨੂੰ ਅਨਾਜ ਦੇ ਭੰਡਾਰ ਵਿੱਚ 60 ਫੀ ਸਦਾ ਹਿੱਸਾ ਪਾ ਕੇ ਦੇਵੇ ਜੇ ਇਸ ਵਿੱਚ ਸੈਂਟਰ ਦੀ ਸਰਕਾਰ ਦੀ ਪੂਰੀ ਮਦਦ ਨਾ ਹੋਵੇ। ਮੈਂ ਕਹਿਣਾ ਚਾਹੁੰਦਾ ਹਾਂ ਕਿ (ਵਿਘਨ) ......

**ਸਰਦਾਰ ਹਰਦਿਆਲ ਸਿੰਘ ਰਾਜਲਾ**: ** ** **

**ਸ੍ਰੀ ਸਭਾਪਤੀ**: ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਸਰਦਾਰ ਰਾਜਿੰਦਰ ਸਿੰਘ ਧਾਲੀਵਾਲ**: ਚੇਅਰਮੈਨ ਸਾਹਿਬ, ਡਾਕਟਰ ਸਾਹਿਬ ਜੋ ਕੁੱਝ ਹੁਣ ਬੋਲ ਰਹੇ ਹਨ, ਇਸ ਦੀ ਰੈਜ਼ੋਲਿਊਸ਼ਨ ਨਾਲ ਕੋਈ ਰੈਲੇਵੈਂਸੀ ਨਹੀਂ ਹੈ। ਇਸ ਕਰਕੇ ਮੈਂ ਡਾਕਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਰੈਜ਼ੋਲਿਊਸ਼ਨ ਨਾਲ ਸਬੰਧਤ ਗੱਲ ਹੀ ਕਰਨ।

**ਡਾਕਟਰ ਕੇਵਲ ਕ੍ਰਿਸ਼ਨ**: ਜੋ ਕੁੱਝ ਮਾਨਯੋਗ ਮੈਂਬਰਾਂ ਨੇ ਹਾਊਸ ਵਿਚ ਕਿਹਾ ਹੈ ਅਗਰ ਮੈਂ ਔਰ ਮੇਰੀ ਪਾਰਟੀ ਉਨ੍ਹਾਂ ਗੱਲਾਂ ਦਾ ਜਵਾਬ ਨਾ ਦੇਈਏ ਤਾਂ, ਚੇਅਰਮੈਨ ਸਾਹਿਬ, ਮੈਂ ਸਮਝਦਾ ਹਾਂ ਕਿ ਇਨਸਾਫ ਨਹੀਂ ਹੋਵੇਗਾ। ਮੈਂ ਇੰਨਾਂ ਹੀ ਕਹਿਣਾ ਚਾਹੁੰਦਾ ਹਾਂ ਕਿ ਇਹ ਬਦਕਿਸਮਤੀ ਦੀ ਗੱਲ ਹੈ ਕਿ ਅਸੀਂ ਹਰ ਮਾੜੀ ਗੱਲ ਦੀ ਜ਼ਿਮੇਂਵਾਰੀ ਸੈਂਟਰ ਦੀ ਸਰਕਾਰ ਤੇ ਪਾ ਦਿੰਦੇ ਹਾਂ। ਇਹ ਫੋਬੀਆ ਸਾਡੇ ਦਿਮਾਗ਼ ਵਿਚੋਂ ਨਿਕਲਣਾ ਚਾਹੀਦਾ ਹੈ। ਬਾਰ ਬਾਰ ਇਹ ਕਹਿਣਾ ਕਿ ਸੈਂਟਰ ਨੇ ਇਹ ਕਰ ਦਿੱਤਾ, ਸੈਂਟਰ ਨੇ ਉਹ ਕਰ ਦਿੱਤਾ, ਇਹ ਚੰਗੀ ਗੱਲ ਨਹੀਂ ਹੈ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਹ ਚੰਗੀ ਗੱਲ ਨਹੀਂ ਹੈ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਸੈਂਟਰ ਦੀ ਮੱਦਦ ਨਾਲ ਹੀ, ਦੂਸਰੀਆਂ ਸਟੇਟਾਂ ਦੀ ਮੱਦਦ ਨਾਲ ਹੀ ਪੌਂਗ ਡੈਮ ਅਤੇ ਭਾਖੜਾ ਡੈਮ ਵਰਗੇ ਡੈਮ ਬਣੇ ਅਤੇ ਫਰਟੀਲਾਈਜ਼ਰ ਦੀਆਂ ਦੋ ਵੱਡੀਆਂ ਵੱਡੀਆਂ ਫੈਕਟਰੀਆਂ—ਨੰਗਲ ਦੀ ਅਤੇ ਬਠਿੰਡੇ ਦੀ—ਲੱਗੀਆਂ ਜਿਨ੍ਹਾਂ ਵਿਚ 600 ਕਰੋੜ ਰੁਪਿਆ ਸੈਂਟਰ ਦੀ ਸਰਕਾਰ ਨੇ ਲਗਾ-ਇਆ। ਨੰਗਲ ਦੀ ਫੈਕਟਰੀ ਵਿਚ ਜੋ ਨੈਪਥਾ ਅਤੇ ਬਠਿੰਡਾ ਦੀ ਫੈਕਟਰੀ ਵਿਚ ਜੋ ਕੋਲਾ ਵਰਤਿਆ ਜਾਂਦਾ ਹੈ, ਇਹ ਵੀ ਸਾਨੂੰ ਦੂਸਰੀਆਂ ਸਟੇਟਾਂ ਵਿਚੋਂ ਮਿਲਦਾ ਹੈ। ਨੈਪਥਾ ਇਕ ਪੈਟਰੋਲੀਅਮ ਪਰਾਡਕਟ ਹੈ ਜਿਸ ਨਾਲ ਫਰਟੀਲਾਈਜ਼ਰ ਪੈਦਾ ਹੁੰਦੀ ਹੈ, ਇਹ ਵੀ ਸਾਨੂੰ ਬਾਹਰੋਂ ਮਿਲਦਾ ਹੈ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸਰਦਾਰ ਹਰਦਿਆਲ ਸਿੰਘ ਰਾਜਲਾ**: ਪਾਣੀ ਸਾਡੇ ਕੋਲੋਂ ਰਾਜਸਥਾਨ ਲੈ ਗਿਆ ਅਤੇ ਬਿਜਲੀ ਸੈਂਟਰ ਲੈ ਗਿਆ ......।

**ਸਰਦਾਰ ਮਹਿੰਦਰ ਸਿੰਘ ਬਰਾੜ**: ਕਣਕ ਦਾ ਭਾਅ ਕੀ ਵਧਾਇਆ ਹੈ, ਇਕ ਰੁਪਿਆ ?

**ਡਾਕਟਰ ਕੇਵਲ ਕ੍ਰਿਸ਼ਨ**: ਉਹ ਵੀ ਦੱਸ ਦਿੰਦਾ ਹਾਂ। ਕਣਕ ਦਾ ਭਾਅ ਕਦੀ 1970–71 ਵਿਚ 115 ਰੁਪਏ ਕੁਇੰਟਲ ਹੁੰਦਾ ਸੀ, ਹੁਣ 1986–87 ਵਿਚ 162 ਰੁਪਏ ਹੋ ਗਿਆ ਹੈ। ਕਿੰਨੀਆਂ ਕੀਮਤਾਂ ਵਧੀਆਂ, ਇਸ ਦਾ ਹਿਸਾਬ ਇਹ ਆਪੇ ਕਰ ਲੈਣ। ਅਗਰ ਸੈਂਟਰ ਦੀ ਸਰਕਾਰ ਖਾਦ, ਪਾਣੀ ਅਤੇ ਬਿਜਲੀ ਦਾ ਪ੍ਰਬੰਧ ਨਾ ਕਰਕੇ ਦਿੰਦੀ ਤਾਂ ਪੰਜਾਬ ਦਾ ਕਿਸਾਨ ਇਸ ਕਾਬਲ ਨਾ ਬਣ ਸਕਦਾ। ਚੇਅਰਮੈਨ ਸਾਹਿਬ, ਇਥੇ ਫਲੱਡਜ਼ ਦੀ ਗੱਲ ਚੱਲ ਰਹੀ ਸੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਹਰ ਸਾਲ ਫਲੱਡਜ਼ ਬਹੁਤ ਜ਼ਿਆਦਾ ਆਉਂਦੇ ਹਨ ਅਤੇ ਹਰ ਸਾਲ ਇਨ੍ਹਾਂ ਦੀ ਰੋਕ-ਥਾਮ ਕਰਨ ਲਈ ਕਰੋੜਾਂ ਰੁਪਿਆ ਰਖਿਆ ਜਾਂਦਾ ਹੈ। ਇਸ ਵਾਰ ਵੀ 16—20 ਕਰੋੜ ਰੁਪਿਆ ਇਸ ਮਕਸਦ ਲਈ ਰੱਖਿਆ ਗਿਆ ਹੈ। ਅਸੀਂ ਚਾਹਵਾਂਗੇ ਕਿ ਇਹ ਨੈਚੁਰਲ ਕਲੈਮਿਟੀਜ਼ ਨਾਲ ਜੋ ਬਰਬਾਦੀ ਹੁੰਦੀ ਹੈ, ਉਹ ਨਾ ਹੋਵੇ। ਚੇਅਰਮੈਨ ਸਾਹਿਬ, ਤੁਸੀਂ ਹੁਸ਼ਿਆਰਪੁਰ ਜ਼ਿਲ੍ਹੇ ਨਾਲ ਸਬੰਧ ਰੱਖਦੇ ਹੋ। ਪਿਛਲੇ ਜੁਲਾਈ, ਅਗਸਤ 1985 ਵਿਚ ਜਿਹੜੇ ਫਲੱਡਜ਼ ਆਏ, ਉਸ ਦੌਰਾਨ ਮੈਨੂੰ ਜ਼ਿਲ੍ਹਾ ਰੋਪੜ, ਹੁਸ਼ਿਆਰਪੁਰ, ਜਲੰਧਰ ਅਤੇ ਕਪੂਰਥਲਾ ਜਾਣ ਦਾ ਮੌਕਾ ਮਿਲਿਆ। ਜੋ ਕੁਝ ਮੈਂ ਵੇਖਿਆ, ਠੀਕ ਹੈ ਕਿ ਇਸ ਵਾਰ ਬਾਰਸ਼ਾਂ ਅਨ-ਪ੍ਰੈਸੀਡੈਂਟਿਡ ਹੋਈਆਂ ਲੇਕਿਨ ਉਸ ਦੇ ਨਾਲ ਨਾਲ ਸਾਡੀ ਐਡਮਨਿਸਟਰੇਸ਼ਨ ਦੀ ਵੀ ਕਮੀ ਸੀ। ਕੁਝ ਐਸੀਆਂ ਚੀਜ਼ਾਂ ਹਨ ਜਿਹੜੀਆਂ ਇਨਸਾਨ ਦੀ ਆਪਣੀ ਲਾਪਰਵਾਹੀ, ਆਪਣੀ ਅਣਗਹਿਲੀ ਕਰਕੇ ਪੈਦਾ ਹੋਈਆਂ। ਹੁਸ਼ਿਆਰਪੁਰ ਵਿਚ ਚੋਅ ਹਨ ਔਰ ਉਹ ਚੋਅ ਸ਼ਿਵਾਲਿਕ ਦੀਆਂ ਪਹਾੜੀਆਂ ਵਿਚੋਂ ਆਉਂਦੇ ਹਨ। ਮਾਫ ਕਰਨਾ, ਇਹ ਗੱਲ ਭਾਵੇਂ ਕੌੜੀ ਲੱਗੇ ਪਰ ਇਹ ਠੀਕ ਹੈ ਕਿ ਸਾਡੀ ਸੋਸਾਇਟੀ ਵਿਚ ਲਿਹਾਜ਼ਬਾਜ਼ੀ ਬਹੁਤ ਜ਼ਿਆਦਾ ਹੈ। ਇਸੇ ਲਿਹਾਜ਼ ਦੀ ਵਜਾਹ ਕਰਕੇ ਪਹਾੜੀਆਂ ਵਿਚੋਂ ਫਾਰੈਸਟ ਕੱਟੇ ਗਏ ਅਤੇ ਪਹਾੜ ਨੰਗੇ ਹੋ ਗਏ, ਪਾਣੀ ਜ਼ਿਆਦਾ ਤੇਜ਼ੀ ਨਾਲ ਆਇਆ। ਇਸੇ ਤਰ੍ਹਾਂ ਚੋਆਂ ਦੀ ਸਫਾਈ ਲਈ ਹਰ ਸਾਲ ਪੈਸਾ ਖਰਚ ਕੀਤਾ ਜਾਂਦਾ ਹੈ ਪਰ ਸਫਾਈ ਨਹੀਂ ਹੁੰਦੀ। ਚੋਆਂ ਦੇ ਵਿਚ ਕਿਤੇ ਸਫੈਦੇ ਦੇ ਦਰਖੱਤ ਲਗੇ ਹੋਏ ਸਨ, ਕਿਤੇ ਬੂਟੀ ਪੈਦਾ ਹੋ ਗਈ। ਚੋਆਂ ਦੇ ਕਿਨਾਰੇ ਠੀਕ ਨਹੀਂ। ਜੋ ਪਾਣੀ ਆਉਂਦਾ ਹੈ, ਉਹ ਸਾਰੀਆਂ ਸਾਈਡਾਂ ਨੂੰ ਤੋੜਦਾ ਹੋਇਆ ਨਿਕਲ ਜਾਂਦਾ ਹੈ। ਚੇਅਰਮੈਨ ਸਾਹਿਬ, ਸਿਰਫ ਕਿਨਾਰੇ ਹੀ ਨਹੀਂ, ਪੁਲ ਵੀ ਟੁੱਟ ਜਾਂਦੇ ਹਨ ਕਿਉਂਕਿ ਟੁੱਟੇ ਹੋਏ ਦਰਖਤ ਉਨ੍ਹਾਂ ਵਿਚ ਫਸ ਜਾਂਦੇ ਹਨ।

**ਸਰਦਾਰ ਪ੍ਰਕਾਸ਼ ਸਿੰਘ ਗੜ੍ਹਦੀਵਾਲਾ**: ਇਹ ਪੁਲ ਕਿਨ੍ਹਾਂ ਨੇ ਬਣਾਏ ਸਨ ?

**ਡਾਕਟਰ ਕੇਵਲ ਕ੍ਰਿਸ਼ਨ**: ਜੇ ਮੈਂ ਇਨ੍ਹਾਂ ਸਵਾਲਾਂ ਦਾ ਜਵਾਬ ਦੇਣ ਲੱਗ ਜਾਵਾਂ ਤਾਂ ਬਹੁਤ ਸਮੇਂ ਦੀ ਲੋੜ ਹੋਵੇਗੀ। ਇਸ ਲਈ ਮੈਂ ਬੇਨਤੀ ਕਰਾਂਗਾ ਕਿ ਮੈਂਬਰ ਸਾਹਿਬਾਨ ਇੰਟਰੱਪਟ ਨਾ ਕਰਨ। ਮੇਰੇ ਕੋਲ ਬੜਾ ਮਸਾਲਾ ਹੈ, ਮੈਂ ਬੜਾ ਕੁੱਝ ਦਸ ਸਕਦਾ ਹਾਂ। ਚੇਅਰਮੈਨ ਸਾਹਿਬ, ਜਿਹੜਾ ਪਾਣੀ ਚੋਆਂ ਤੋਂ ਆਇਆ, ਉਥੇ ਦੋ ਬੇਈਆਂ (ਨਦੀਆਂ) ਸਨ। ਇਕ ਕਾਲੀ ਅਤੇ ਇਕ ਚਿੱਟੀ। ਇਹ ਦੋ ਬੇਈਆਂ ਬਿਆਸ ਔਰ ਸਤਲੁਜ ਵਿਚ ਪੈਂਦੀਆਂ ਹਨ। ਮੈਂ ਆਪ ਜਾ ਕੇ ਵੇਖਿਆ ਹੈ ਕਿ ਬੇਈਆਂ ਦੀ ਸਫਾਈ ਪਿਛਲੇ ਕੁਝ ਸਾਲਾਂ ਤੋਂ ਲਗਾਤਾਰ ਨਹੀਂ ਕੀਤੀ ਗਈ ਜਿਹੜੀ ਕਿ ਡਰੇਨੇਜ ਡਿਪਾਰਟਮੈਂਟ ਦੀ

Original with;
Punjab Vidhan Sabha
Digitized by;
Panjab Digital Library

ਜ਼ਿਮੇਵਾਰੀ ਸੀ । ਪੈਸਾ ਨਹੀਂ ਮਿਲਿਆ ਜਾਂ ਪੰਜਾਬ ਦੇ ਹਾਲਾਤ ਐਸੇ ਸਨ ਕਿ ਸਫਾਈ ਨਹੀਂ ਹੋ ਸਕੀ। ਲੇਕਿਨ ਇਕ ਕਾਰਨ ਇਹ ਵੀ ਸੀ ਕਿ ਉਹ ਬੇਈਆਂ ਪਾਣੀ ਨੂੰ ਸੰਭਾਲ ਨਹੀਂ ਸਕੀਆਂ। ਦਰਿਆਵਾਂ ਦੇ ਕਿਨਾਰੇ ਐਨੇ ਉਚੇ ਸਨ ਕਿ ਉਹ ਪਾਣੀ ਦਰਿਆ ਵਿਚ ਵੀ ਨਹੀਂ ਪੈ ਸਕਿਆ। ਕਪੂਰਥਲਾ ਜਾਣ ਦਾ ਵੀ ਮੈਨੂੰ ਮੌਕਾ ਮਿਲਿਆ । ਪਤਾ ਕੀਤਾ ਤਾਂ ਲੋਕਾਂ ਨੇ ਦੱਸਿਆ ਕਿ ਬਾਰਸ਼ਾਂ ਕੋਈ ਜ਼ਿਆਦਾ ਨਹੀਂ ਹੋਈਆ, ਸਾਨੂੰ ਤਾਂ ਸਿਰਫ ਇਹ ਹੀ ਪਤਾ ਲਗਾ ਕਿ ਬਾਹਰੋਂ 5–5 ਫੁੱਟ ਉਚਾ ਪਾਣੀ ਸ਼ਹਿਰ ਨੂੰ ਆ ਰਿਹਾ ਹੈ। ਜਿੰਨੀ ਦੇਰ ਅਸੀਂ ਬਕਾਇਦਾ ਪਲੈਨ ਬਣਾ ਕੇ, ਦਰਖਤ ਲਗਾ ਕੇ, ਚੋਆਂ ਦੀ ਸਫਾਈ ਕਰਕੇ ਇੰਤਜ਼ਾਮ ਨਹੀਂ ਕਰਦੇ, ਇਹ ਸਮੱਸਿਆ ਦੂਰ ਨਹੀਂ ਹੋਣੀ। ਬਲਾਚੌਰ ਨੂੰ ਜਾਓ ਤਾਂ ਪਤਾ ਲੱਗੇਗਾ ਕਿ ਚੋਅ ਦੀ ਰੇਤ ਉਪਰ ਤੱਕ ਆ ਗਈ ਸੀ, ਉਹਦੀ ਵਜ੍ਹਾ ਕਰਕੇ ਸੜਕ 3–4 ਕਿਲੋਮੀਟਰ ਤੱਕ ਟੁੱਟ ਗਈ ਸੀ। ਜੇ ਚੋਅ ਦੀ ਸਫਾਈ ਕੀਤੀ ਹੁੰਦੀ ਤਾਂ ਪਾਣੀ ਲੰਘ ਜਾਂਦਾ।

ਦੂਸਰੀ, ਗੱਲ ਮੈਂ ਵਾਟਰ-ਲਾਗਿੰਗ ਦੇ ਬਾਰੇ ਕਰਨੀ ਚਾਹੁੰਦਾ ਹਾਂ। ਇਹ ਤਕਲੀਫ ਜ਼ਿਲ੍ਹਾ ਫਰੀਦਕੋਟ ਵਿਚ ਹੈ ਅਤੇ ਬਠਿੰਡਾ ਅਤੇ ਫਿਰੋਜ਼ਪੁਰ ਦੇ ਕੁੱਝ ਹਿੱਸਿਆਂ ਵਿਚ ਵੀ ਹੈ। ਇਸ ਦੇ ਕਈ ਕਾਰਨ ਹਨ। ਸਭ ਤੋਂ ਵੱਡਾ ਕਾਰਨ ਉਹ ਦੋ ਨਹਿਰਾਂ ਹਨ ਜਿਹੜੀਆਂ ਰਾਜਸਥਾਨ ਨੂੰ ਜਾਂਦੀਆਂ ਹਨ। ਇਨ੍ਹਾਂ ਨਹਿਰਾਂ ਦਾ ਪਾਣੀ ਰਿਸ ਰਿਸ ਕੇ ਵਾਟਰ–ਲਾਗਿੰਗ ਪੈਦਾ ਕਰਦਾ ਹੈ। ਨਹਿਰਾਂ ਬਣਾਉਣ ਵੇਲੇ ਕੋਈ ਐਸਾ ਪ੍ਰਬੰਧ ਨਹੀਂ ਕੀਤਾ ਗਿਆ ਜਿਸ ਨਾਲ ਨਹਿਰਾਂ ਦੇ ਥੱਲੇ ਪਾਣੀ ਨੂੰ ਐਬਜ਼ਾਰਬ ਕਰਨ ਤੋਂ ਰੋਕਿਆ ਜਾ ਸਕਦਾ। ਮਲੋਟ ਵਿਚ ਜਾਣ ਦਾ ਮੌਕਾ ਮਿਲਿਆ ਉਥੇ ਜ਼ਮੀਨ ਤੋਂ ਥੱਲੇ ਚਾਰ ਫੁੱਟ ਤਕ ਪਾਣੀ ਆ ਗਿਆ ਸੀ। ਵਾਟਰ–ਲੋਗਿੰਗ ਨੂੰ ਦੂਰ ਕਰਨ ਦੇ ਤਿੰਨ ਤਰੀਕੇ ਹੋ ਸਕਦੇ ਹਨ। ਡਰੇਨਜ਼ ਐਸੀਆਂ ਬਣਾਈਆਂ ਜਾਣ ਜਿਸ ਦੇ ਨਾਲ ਪਾਣੀ ਜਿੰਨਾਂ ਉਪਰ ਆਇਆ ਹੈ ਉਹ ਦੂਰ ਤਕ ਨਿਕਲ ਜਾਏ ਔਰ ਵਾਟਰ–ਲਾਗਿੰਗ ਨਾ ਹੋਵੇ। ਨਹਿਰਾਂ ਦੀ ਸੀਪੇਜ, ਜਿਹੜਾ ਪਾਣੀ ਥੱਲੇ ਜ਼ਮੀਨ ਵਿਚ ਰਿਸੀ ਜਾਂਦਾ ਹੈ ਉਹ ਬੰਦ ਹੋਣਾ ਚਾਹੀਦਾ ਹੈ। ਤੀਸਰਾ ਟਿਊਬਵੈਲਜ਼ ਨਾਲ ਪਾਣੀ ਕੱਢ ਕੇ ਇਸ ਬਾਰੇ ਪਲੈਨ ਬਣਾਉਣੀ ਚਾਹੀਦੀ ਹੈ। ਜੋ ਪੰਜਾਬ ਵਿਚ ਵਾਟਰ–ਲਾਗਿੰਗ ਦੀ ਪਰਾਬਲਮ ਹੈ ਉਹ ਦੂਰ ਹੋ ਸਕੇ। ਵਾਟਰ–ਲਾਗਿੰਗ ਨਾਲ ਜ਼ਮੀਨ ਬਰਬਾਦ ਹੋ ਰਹੀ ਹੈ। ਲੋਕ ਕਾਟਨ ਦੀ ਬਜਾਏ ਝੋਨਾ ਬੀਜਣ ਲਗ ਪਏ ਹਨ। ਜੇਕਰ ਵਾਟਰ–ਲਾਗਿੰਗ ਦੂਰ ਨਾ ਹੋਈ ਤਾਂ ਸ਼ਾਇਦ ਉਹ ਵੀ ਨਾ ਬੀਜ ਸਕਣ। ਵਾਟਰ–ਲਾਗਿੰਗ ਨਾਲ ਔਰ ਫਲੱਡਜ਼ ਨਾਲ ਪੰਜਾਬ ਦੇ ਕਿਸਾਨ ਨੂੰ ਤਕਲੀਫ ਹੁੰਦੀ ਹੈ, ਪੰਜਾਬ ਦੀ ਇਕਾਨਮੀ ਨੂੰ ਨੁਕਸਾਨ ਹੁੰਦਾ ਹੈ। ਇਸ ਬਾਰੇ ਮਾਸਟਰ ਪਲਾਨ ਬਣਾਇਆ ਜਾਣਾ ਚਾਹੀਦਾ ਹੈ। ਇਹ ਪਲਾਨ ਇਸ ਫਿਨਾਂਸ਼ਲ ਯੀਅਰ ਵਿਚ ਹੀ ਬਣ ਕੇ ਇੰਪਲੀਮੈਂਟ ਹੋ ਜਾਣਾ ਚਾਹੀਦਾ ਹੈ। ਇਹ ਰੈਜ਼ੋਲਿਊਸ਼ਨ ਪੰਜਾਬ ਦੇ ਹਿੱਤ ਵਿਚ ਹੈ ਇਸ ਦਾ ਜੋਰਦਾਰ ਸ਼ਬਦਾਂ ਨਾਲ ਸਮਰਥਨ ਕਰਦੇ ਹਾਂ। ਇਸ ਤੇ ਅਮਲ ਕਰਨਾ ਪੰਜਾਬ ਸਰਕਾਰ ਦੀ ਜ਼ਿਮੇਵਾਰੀ ਹੈ। ਇਸ ਦੇ ਨਾਲ ਹੀ ਮੈਂ ਯਕੀਨ ਦਿਲਾਉਂਦਾ ਹਾਂ ਕਿ ਜਦੋਂ ਵੀ ਇਸ ਵਿਚ ਕੋਈ ਔਕੜ ਆਵੇ ਔਰ ਸਾਡੀ ਲੋੜ ਹੋਵੇ ਤਾਂ ਅਸੀਂ ਤੁਹਾਡੇ ਨਾਲ ਸੈਂਟਰ ਕੋਲ ਜਾਣ ਨੂੰ ਤਿਆਰ ਹਾਂ। ਇਹ ਕਹਿਣਾ ਕਿ ਅਸੀਂ ਸੈਂਟਰ ਦੇ ਰਿਪਰਜ਼ੈਂਟੇਟਿਵ ਹਾਂ ਇਹ ਠੀਕ ਨਹੀਂ ਹੈ, ਅਸੀਂ ਪੰਜਾਬ ਦੇ ਰਿਪਰਜ਼ੈਂਟੇਟਿਵ ਹਾਂ। ਸੈਂਟਰ ਨੂੰ ਅਸੀਂ ਸ਼ਰੀਰ ਦਾ ਹਿੱਸਾ ਸਮਝਦੇ ਹਾਂ। ਸੈਂਟਰ ਤੋਂ ਅਸੀਂ ਅਲੱਗ ਨਹੀਂ ਹੋ ਸਕਦੇ। ਸੈਂਟਰ ਦੀ ਹਰ ਮੱਦਦ ਦਾ ਅਸੀਂ ਸਵਾਗਤ ਕਰਦੇ ਹਾਂ। ਬਹੁਤ ਅੱਛੀ ਤਰ੍ਹਾਂ ਇਥੇ ਫਿਨਾਂਸ ਮਨਿਸਟਰ ਸਾਹਿਬ ਨੇ ਕਿਹਾ ਕਿ 500 ਕਰੋੜ ਦਾ ਪਲਾਨ ਸੀ, ਜਿਸ ਲਈ 636 ਕਰੋੜ ਰੁਪਿਆ ਸੈਂਟਰ ਨੇ ਦਿੱਤਾ ਹੈ। ਉਹ ਕਿਉਂ ਨਾ ਦਿੰਦੇ, ਪੰਜਾਬ ਨੂੰ ਉਹ ਹਿੰਦੁਸਤਾਨ ਦੀ ਤਲਵਾਰ ਸਮਝਦੇ ਹਨ। ਪੰਜਾਬ ਨੂੰ ਅਨਾਜ ਦਾ ਬਹੁਤ ਬੜਾ ਭੰਡਾਰ ਸਮਝਦੇ ਹਨ ਜੋ ਕਿ ਸਾਰੇ ਹਿੰਦੁਸਤਾਨ ਨੂੰ ਖਾਣ

Original with;
Punjab Vidhan Sabha
Digitized by;
Panjab Digital Library

[ਡਾਕਟਰ ਕੇਵਲ ਕ੍ਰਿਸ਼ਨ]

ਲਈ ਦਿੰਦਾ ਹੈ। ਸੈਂਟਰ ਵਿਚ ਜਾਣ ਲਈ ਕੋਈ ਦਿੱਕਤ ਆਵੇ ਤਾਂ ਅਸੀਂ ਆਪਣੇ ਸਾਥੀਆਂ ਨਾਲ ਉਥੇ ਜਾਣ ਨੂੰ ਤਿਆਰ ਹਾਂ। ਉਥੋਂ ਦੇ ਫਿਨਾਂਸ ਮਨਿਸਟਰ ਨੂੰ ਮਿਲਣ ਨੂੰ ਤਿਆਰ ਹਾਂ। ਪ੍ਰਾਈਮ ਮਨਿਸਟਰ ਸਾਹਿਬ ਰਾਜੀਵ ਗਾਂਧੀ ਜੀ ਨੂੰ ਮਿਲਣ ਨੂੰ ਤਿਆਰ ਹਾਂ ਤਾਕਿ ਪੰਜਾਬ ਵਿਚੋਂ ਵਾਟਰ-ਲਾਗਿੰਗ ਦੀ ਤਕਲੀਫ ਦੂਰ ਹੋ ਸਕੇ।

ਇਨ੍ਹਾਂ ਸ਼ਬਦਾਂ ਨਾਲ ਮੈਂ ਧੰਨਵਾਦ ਕਰਦਾ ਹਾਂ ਅਤੇ ਬੇਨਤੀ ਕਰਦਾ ਹਾਂ ਕਿ ਇਸ ਮਤੇ ਨੂੰ ਹਾਊਸ ਸਰਵਸੰਮਤੀ ਨਾਲ ਪਾਸ ਕਰੇ।

**ਸਰਦਾਰ ਗੁਰਦੇਵ ਸਿੰਘ ਬਾਦਲ** (ਪੰਜ ਗਰਾਈਂ, ਐਸ.ਸੀ.) : ਚੇਅਰਮੈਨ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਜਿਨ੍ਹਾਂ ਨੇ ਮੈਨੂੰ ਬੋਲਣ ਵਾਸਤੇ ਸਮਾਂ ਦਿੱਤਾ ਹੈ। ਇਹ ਬਹੁਤ ਅੱਛਾ ਰੈਜ਼ੋਲਿਊਸ਼ਨ ਹਾਊਸ ਵਿਚ ਆਇਆ ਹੈ। ਕਿਸਾਨਾਂ ਦੀ ਬਹੁਤ ਮਾੜੀ ਹਾਲਤ ਹੈ। ਕੱਲ੍ਹ ਲੁਧਿਆਣਾ ਤੋਂ ਪਰਲੇ ਪਾਸੇ ਜਾਣ ਦਾ ਮੌਕਾ ਮਿਲਿਆ ਉਥੇ ਝੱਖੜ ਨਾਲ ਕਿਸਾਨਾਂ ਦੀ ਫਸਲ ਤਬਾਹ ਹੋਈ ਪਈ ਸੀ। ਇਸ ਝੱਖੜ ਦੀ ਮਾਰ ਫਸਲ ਤੇ ਬਹੁਤ ਦੂਰ ਦੂਰ ਤਕ ਸੀ। ਹਾਲੇ ਦਾਣੇ ਪਏ ਨਹੀਂ ਸਨ, ਝੱਖੜ ਨਾਲ ਕਣਕ ਤਬਾਹ ਹੋ ਗਈ ਹੈ। ਉਹ ਕਣਕ ਨਾ ਤੇ ਚਾਰੇ ਦੇ ਕੰਮ ਆ ਸਕਦੀ ਹੈ ਅਤੇ ਨਾ ਹੀ ਖੜ੍ਹੀ ਹੋ ਸਕਦੀ ਹੈ। ਹਾਲਤ ਕਿਸਾਨ ਦੀ ਐਸੀ ਹੋ ਗਈ ਹੈ ਕਿ ਹੁਣ ਤਾਂ ਰੱਬ ਵੀ ਇਨ੍ਹਾਂ ਨੂੰ ਜਵਾਬ ਦੇਣ ਲਗ ਪਿਆ ਹੈ। ਇਹ ਸਾਹਮਣੇ ਬੈਠੇ ਭਾਈ ਸੈਂਟਰ ਦਾ ਨਾਂ ਲੈਂਦਿਆਂ ਹੀ ਭੂੰ ਭੂੰ ਕਰਦੇ ਖਲੋ ਜਾਂਦੇ ਹਨ, ਇਨ੍ਹਾਂ ਨੂੰ ਗੁੱਸਾ ਬਹੁਤ ਆਉਂਦਾ ਹੈ। ਅੱਜ ਦਾ ਰੈਜ਼ੋਲਿਊਸ਼ਨ ਕਿਸਾਨਾਂ ਦੇ ਹਿੱਤਾਂ ਲਈ ਹੈ। ਇਸ ਵਿਚ ਬਹੁਤ ਅੱਛੀਆਂ ਗੱਲਾਂ ਹਨ। ਇਹ ਕਹਿੰਦੇ ਹਨ ਕਿ ਸੈਂਟਰ ਦਾ ਨਾਂ ਲਏ ਬਗੈਰ ਇਸ ਤੇ ਡਿਸਕਸ਼ਨ ਕੀਤੀ ਜਾਏ। ਕਿਸਾਨਾਂ ਨੂੰ ਉਨ੍ਹਾਂ ਦੀ ਜਿਨਸ ਦੇ ਪੂਰੇ ਭਾਅ ਮਿਲਣੇ ਚਾਹੀਦੇ ਹਨ। ਡਾਕਟਰ ਸਾਹਿਬ ਦੀ ਟੋਪੀ ਦੀ ਕੀਮਤ ਵਧ ਗਈ ਹੈ ਪਰ ਕਣਕ ਔਰ ਝੋਨੇ ਦੀ ਕੀਮਤ ਵਿਚ ਇਹ ਵਾਧਾ ਨਹੀਂ ਕਰਨਾ ਚਾਹੁੰਦੇ ਹਨ (ਵਿਘਨ) (ਸ਼ੋਰ) (ਆਵਾਜ਼ਾਂ : ਤੁਸੀਂ ਇਹ ਫਰੀ ਲਓ)। ਮੈਂ ਸਮਝਦਾ ਹਾਂ ਕਿ ਨਰਮੇ ਦੀ ਕੀਮਤ ਬਹੁਤ ਘੱਟ ਹੈ। ਟੋਪੀ ਦੀ ਕੀਮਤ ਇਸ ਦੇ ਇੱਕ ਕੁਇੰਟਲ ਦੇ ਮੁੱਲ ਦੇ ਬਰਾਬਰ ਹੈ। ਕਿਸਾਨਾਂ ਦੀ ਹਾਲਤ ਐਸੀ ਹੋ ਗਈ ਹੈ ਤੁਸੀਂ ਵੇਖਿਆ ਹੋਣਾ ਹੈ ਜਦੋਂ ਸਫਰ ਕਰਦੇ ਹਾਂ ਤਾਂ ਨਵੇਂ ਟਰੱਕ ਤੇ ਲਿਖਿਆ ਹੁੰਦਾ ਹੈ : "ਹੱਟ ਪਿਛੇ ਫਿਰ ਮਿਲਾਂਗੇ"। ਫਿਰ ਕੋਈ ਹੋਰ ਰਸਤੇ ਵਿਚ ਟਰੱਕ ਮਿਲਦਾ ਹੈ ਜਦੋਂ ਉਸ ਦੀ ਹਾਲਤ ਵਿਚਾਲੇ ਜਿਹੀ ਆ ਜਾਂਦੀ ਹੈ ਤਾਂ ਉਸ ਤੇ ਲਿਖਿਆ ਹੁੰਦਾ ਹੈ : "ਮਿਲੇਗਾ ਮੁਕੱਦਰ"। ਤੀਸਰੇ ਜਦੋਂ ਉਹ ਜ਼ਿਆਦਾ ਪੁਰਾਣਾ ਹੋ ਜਾਂਦਾ ਹੈ ਤੇ ਲਿਖਿਆ ਹੁੰਦਾ ਹੈ : "ਚਲ ਰਾਣੀਏ ਤੇਰਾ ਰੱਬ ਰਾਖਾ"। ਕਿਸਾਨਾਂ ਦਾ ਹੁਣ ਰੱਬ ਹੀ ਰਾਖਾ ਹੈ। ਸੈਂਟਰ ਵਾਲੇ ਪੰਜਾਬ ਨਾਲ ਮਤਰੇਈ ਮਾਂ ਵਾਲਾ ਸਲੂਕ ਕਰਦੇ ਹਨ। ਥਰਮਲ ਪਲਾਂਟ ਇਥੇ ਲਗਾਇਆ ਗਿਆ। ਡਾਕਟਰ ਸਾਹਿਬ, ਜਿਥੇ ਕੋਲਾ ਬਣਦਾ ਹੈ ਉਥੇ ਇਹ ਥਰਮਲ ਪਲਾਂਟ ਲਗਾਉਣਾ ਚਾਹੀਦਾ ਸੀ। ਦਿੱਲੀ ਲੰਘ ਕੇ ਬਠਿੰਡੇ ਕੋਲਾ ਆਉਂਦਾ ਹੈ ਜਿਸ ਨਾਲ ਰੇਲ ਦਾ ਭਾੜਾ ਅਤੇ ਮਜ਼ਦੂਰੀ ਤੇ ਕਾਫੀ ਖਰਚ ਹੋ ਜਾਂਦਾ ਹੈ। ਫਿਰ ਬਿਹਾਰ ਵਿਚ ਇਹ ਹੀ ਲਗਾਇਆ ਜਾਣਾ ਚਾਹੀਦਾ ਸੀ। ਇਸ ਥਰਮਲ ਪਲਾਂਟ ਤੋਂ ਦਿੱਲੀ ਨੂੰ ਬਿਜਲੀ ਦਿੱਤੀ ਜਾ ਰਹੀ ਹੈ। ਸਾਡੀ ਬਿਜਲੀ ਸਾਡੇ ਕੋਲ ਰਹਿਣੀ ਚਾਹੀਦੀ ਹੈ। ਥਰਮਲ ਪਲਾਂਟ ਇਥੇ ਲਗਾਕੇ ਦਿੱਤਾ ਹੈ ਔਰ ਬਿਜਲੀ ਦਿੱਲੀ ਲੈ ਜਾਂਦੇ ਹਨ। ਸਾਡੇ ਭਾਖੜਾ ਡੈਮ ਦੀ ਬਿਜਲੀ ਖੋਹ ਕੇ ਲੈ ਜਾਂਦੇ ਹਨ। ਜੇਕਰ ਬਿਜਲੀ ਦੀ ਰਾਜਸਥਾਨ

Original with;
Punjab Vidhan Sabha
Digitized by;
Panjab Digital Library

ਨੂੰ ਲੋੜ ਹੈ ਤਾਂ ਉਧਾਰ ਤੌਰ ਦਿੰਦੇ ਹਨ। ਜੇਕਰ ਦਿੱਲੀ ਨੂੰ ਲੋੜ ਹੈ, ਹਰਿਆਣਾ ਨੂੰ ਲੋੜ ਹੈ ਤਾਂ ਉਧਰ ਦੇ ਦਿੰਦੇ ਹਨ। (ਵਿਘਨ) ਇਸ ਕਰਕੇ ਮੈਂ ਸਮਝਦਾ ਹਾਂ ਕਿ ਦਿੱਲੀ ਦੀ ਸਰਕਾਰ ਨੇ ਕਦੇ ਵੀ ਪੰਜਾਬ ਦੇ ਕਿਸਾਨਾਂ ਨਾਲ ਇਨਸਾਫ ਨਹੀਂ ਕੀਤਾ ਹੈ। ਇਥੋਂ ਦੇ ਕਿਸਾਨਾਂ ਨਾਲ ਦਿੱਲੀ ਵਾਲੇ ਹਮੇਸ਼ਾਂ ਹੀ ਬੇ-ਇਨਸਾਫੀ ਕਰਦੇ ਰਹੇ ਹਨ। ਇਹ ਪੰਜਾਬ ਦੇ ਕਿਸਾਨਾਂ ਨਾਲ ਧੱਕੇਸ਼ਾਹੀ ਕਿਉਂ ਕਰਦੇ ਹਨ। ਜਿਹੜਾ ਸੈਂਟਰ ਪਹਿਲਾਂ ਝੋਲੀ ਅੱਡ ਕੇ ਕਦੇ ਅਮਰੀਕਾ ਅੱਗੇ, ਕਦੇ ਕਿਤੇ ਕਣਕ ਮੰਗਦਾ ਰਹਿੰਦਾ ਸੀ ਔਰ ਮੰਗਤਾ ਬਣਿਆ ਰਹਿੰਦਾ ਸੀ, ਇਸ ਦੇਸ਼ ਦੀ ਭੁੱਖ ਦੂਰ ਕੀਤੀ ਪੰਜਾਬ ਨੇ ਪਰ ਬਜਾਏ ਇਸ ਦੇ ਕਿ ਪੰਜਾਬ ਦੇ ਕਿਸਾਨਾਂ ਦੀ ਮੱਦਦ ਕੀਤੀ ਜਾਏ, ਸੈਂਟਰ ਵਾਲੇ ਪੰਜਾਬ ਦੇ ਕਿਸਾਨਾਂ ਨੂੰ ਸਜ਼ਾ ਦੇ ਰਹੇ ਹਨ। ਅੱਗੇ ਅਮਰੀਕਾ ਵਾਲੇ ਆਪਣੀ ਕਣਕ ਸਮੁੰਦਰ ਵਿਚ ਸਿੱਟ ਦਿੰਦੇ ਸਨ ਪਰ ਇਹ ਝੋਲੀ ਅੱਡ ਕੇ ਲੈ ਆਉਂਦੇ ਸਨ। ਹਿੰਦੁਸਤਾਨ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਲੈ ਕੇ ਉਥੋਂ ਕਣਕ ਆਉਂਦੀ ਸੀ ਪਤਾ ਨਹੀਂ ** ** **

**ਡਾਕਟਰ ਕੇਵਲ ਕ੍ਰਿਸ਼ਨ** : ਆਨ ਏ ਪੁਆਇੰਟ ਆਫ ਆਰਡਰ, ਸਰ। ਚੇਅਰਮੈਨ ਸਾਹਿਬ, ਆਨਰੇਬਲ ਪ੍ਰਾਈਮ ਮਨਿਸਟਰ ਬਾਰੇ ਵਿਚ ** ** ਇਹੋ ਜਿਹੇ ਲਫਜ਼ਾਂ ਦਾ ਇਸਤੇਮਾਲ ਕੀਤਾ ਗਿਆ ਹੈ ਜੋ ਕਿ ਅਨਪਲੈਜ਼ੈਂਟ ਹਨ ਔਰ ਗੁੱਡ ਟੇਸਟ ਵਿਚ ਨਹੀਂ ਹੈ।

**ਸ੍ਰੀ ਸਭਾਪਤੀ** : ਤੁਸੀਂ ਰੈਜ਼ੋਲਿਊਸ਼ਨ ਤੇ ਬੋਲੋ।

**ਡਾਕਟਰ ਕੇਵਲ ਕ੍ਰਿਸ਼ਨ** : ਇਹ ਲਫਜ਼ ਐਕਸਪੰਜ ਹੋਣੇ ਚਾਹੀਦੇ ਹਨ। ਅਸੀਂ ਇਸ ਮਜ਼ਾਕ ਨੂੰ ਟਾਲਰੇਟ ਨਹੀਂ ਕਰ ਸਕਦੇ।

**ਸ੍ਰੀ ਸਭਾਪਤੀ** : ਰੈਜ਼ੋਲਿਊਸ਼ਨ ਤੇ ਆਓ।

**ਡਾਕਟਰ ਕੇਵਲ ਕ੍ਰਿਸ਼ਨ** : ਇਹ ਲਫਜ਼ ਅਨ-ਪਲੈਜ਼ੈਂਟ ਔਰ ਅਨ-ਪਾਰਲੀਮੈਂਟਰੀ ਹਨ। ** ** ਇਹ ਲਫਜ਼ ਗੈਰ-ਮੁਨਾਸਿਬ ਹਨ। ਝੋਲੀ ਅੱਡਣ ਦੀ ਗੱਲ ਤਾਂ ਠੀਕ ਹੈ ਪਰ ਜਿਸ ਤਰ੍ਹਾਂ ਉਨ੍ਹਾਂ ਨੇ ** ** ਦੀ ਗੱਲ ਕੀਤੀ ਹੈ, ਉਹ ਠੀਕ ਨਹੀਂ ਹੈ।

**ਸਰਦਾਰ ਗੁਰਦੇਵ ਸਿੰਘ ਬਾਦਲ** : ਮੈਂ ਤਾਂ ਬੜੇ ਸਤਿਕਾਰ ਨਾਲ ਕਿਹਾ ਸੀ ** ** **

**Dr. Kewal Krishan** : We protest, Sir.

**Mr. Chairman**: These words should not form part of the proceedings.

**Dr. Kewal Krishan** : Sir, all those words should be expunged.

**ਸਰਦਾਰ ਗੁਰਦੇਵ ਸਿੰਘ ਬਾਦਲ** : ਮੈਂ ਬੜੇ ਸਤਿਕਾਰ ਨਾਲ ਕਹਿ ਰਿਹਾ ਸੀ।

**ਸਰਦਾਰ ਦਲੀਪ ਸਿੰਘ ਪਾਂਧੀ** : ਚੇਅਰਮੈਨ ਸਾਹਿਬ, ਰੂਲਜ਼ ਆਫ ਪਰੋਸੀਜਰ ਦੇ ਰੂਲ

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਸਰਦਾਰ ਦਲੀਪ ਸਿੰਘ ਪਾਂਧੀ]

109 (1) ਵਿਚ ਦੱਸਿਆ ਗਿਆ ਹੈ ਕਿ ਐਕਸਪੰਕਸ਼ਨ ਕਿਵੇਂ ਹੋ ਸਕਦੀ ਹੈ। ਰੂਲ 109 (1) ਇਸ ਤਰ੍ਹਾਂ ਹੈ :—

"If the Speaker is of opinion that a word or words has or have been used in debate whieh is or are defamatory or indecent or unparliamentary or un-dignified, he may, in his discretion, order that such word or words be expunged from the proceedings of the house."

ਇਹ ਜਿਹੜਾ ਇਨ੍ਹਾਂ ਨੇ ਕਿਹਾ ਹੈ ਇਹ ਇਸ ਵਿਚ ਨਹੀਂ ਆਉਂਦਾ। ਇਨ੍ਹਾਂ (ਆਪੋਜ਼ੀਸ਼ਨ ਵੱਲ ਇਸ਼ਾਰਾ) ਨੂੰ ਜਿਹੜੀ ਗੱਲ ਚੁਭਦੀ ਹੋਵੇ ਕੀ ਉਹ ਤੁਸੀਂ ਐਕਸਪੰਜ ਕਰਾਈ ਜਾਵੋਗੇ ? ਹਰ ਇਕ ਗੱਲ ਐਕਸਪੰਜ ਨਹੀਂ ਹੋ ਸਕਦੀ। ਰੂਲਜ਼ ਦੇ ਮੁਤਾਬਿਕ ਹੀ ਐਕਸਪੰਕਸ਼ਨ ਹੋ ਸਕਦੀ ਹੈ। ਇਨ੍ਹਾਂ ਦੇ ਕਹਿਣ ਤੇ ਐਕਸਪੰਕਸ਼ਨ ਨਹੀਂ ਹੋਣੀ ਚਾਹੀਦੀ। ਇਹ ਤਾਂ ਚੇਅਰ ਨੇ ਦੇਖਣਾ ਹੈ। They cannot dictate the Chair ਇਹ ਰਿਕੁਐਸਟ ਕਰ ਸਕਦੇ ਹਨ। ਰੂਲਜ਼ ਦੇ ਮੁਤਾਬਿਕ ਮੈਂਬਰ ਨੂੰ ਅਧਿਕਾਰ ਹੈ ਗੱਲ ਕਰਨ ਦਾ। ਸਾੜ੍ਹੀ ਲਫਜ਼ ਮਾੜਾ ਨਹੀਂ ਹੈ। ਸਾੜ੍ਹੀ ਦਾ ਪੱਲਾ ਭੈਣ ਜੀ ਨੇ ਦਿਖਾਇਆ, ਇਹ ਮਾੜੀ ਗੱਲ ਨਹੀਂ ਹੈ। ਸੋ ਇਸ ਤਰ੍ਹਾਂ ਦੇ ਲਫਜ਼ ਐਕਸਪੰਜ ਨਹੀਂ ਹੋਣੇ ਚਾਹੀਦੇ।

**ਸ੍ਰੀ ਸਭਾਪਤੀ** : ਮੈਂ ਉਹ ਪਹਿਲਾਂ ਐਕਸਪੰਜ ਕਰਵਾ ਦਿੱਤਾ ਹੈ।

**ਸਰਦਾਰ ਗੁਰਦੇਵ ਸਿੰਘ ਬਾਦਲ** : ਬਦਕਿਸਮਤੀ ਇਹ ਹੈ ਕਿ ਕਮਜ਼ੋਰੀ ਸਾਡੀ ਹੈ। ਜਿਹੜੇ ਮੁੰਡੇ ਜੇਲ੍ਹਾਂ ਵਿਚ ਹਨ ਜੇ ਉਨ੍ਹਾਂ ਨੂੰ ਕੱਢਕੇ ਉਥੇ ਇਹ ਤੁੰਨੇ ਹੁੰਦੇ ਤਾਂ ਇਨ੍ਹਾਂ ਨੂੰ ਸਵਾਦ ਆ ਜਾਂਦਾ।

**ਡਾਕਟਰ ਕੇਵਲ ਕ੍ਰਿਸ਼ਨ**: ਜੇ ਇਹ ਐਨੇ ਔਖੇ ਹਨ ਤਾਂ ਸਾਨੂੰ ਇਹ ਹੁਣੇ ਫੜਨ।

**ਸਰਦਾਰ ਗੁਰਦੇਵ ਸਿੰਘ ਬਾਦਲ**: ਅਫਸੋਸ ਦੀ ਗੱਲ ਹੈ ਕਿ ਅਕਾਲ ਤਖਤ ਢਾਹੁਣ ਵਾਲੇ ਜੇਬਾਂ ਵਿਚ ਹੱਥ ਪਾਈਂ ਬੈਠੇ ਹਨ ਪਰ ਜਿਹੜੇ ਉਸ ਦੇ ਵਾਰਸ ਹਨ, ਉਸ ਨੂੰ ਪੂਜਣ ਵਾਲੇ ਹਨ, ਉਨ੍ਹਾਂ ਦਾ ਹਾਲ ਕੀ ਕੀਤਾ ਹੋਇਆ ਹੈ। (ਵਿਘਨ)

**ਸ੍ਰੀ ਬਾਲਮੁਕੰਦ ਸ਼ਰਮਾ**: ਚੇਅਰਮੈਨ ਸਾਹਿਬ, ਇਹ ਕਿਹੋ ਜਿਹੀਆਂ ਗੱਲਾਂ ਕਰ ਰਹੇ ਹਨ। ਜੇ ਅਸੀਂ ਕੋਈ ਐਸੀ ਗੱਲ ਕਰਦੇ ਹਾਂ ਤਾਂ ਇਹ ਸਾਨੂੰ ਅੰਦਰ ਦੇਣ। ਐਵੇਂ ਇਸ ਤਰ੍ਹਾਂ ਦੀਆਂ ਗੱਲਾਂ ਕਿਉਂ ਕਰਦੇ ਹਨ।

**ਪ੍ਰੋਫੈਸਰ ਕੁਮਾਰੀ ਸੁਸ਼ੀਲ ਮਹਾਜਨ**: ਚੇਅਰਮੈਨ ਸਾਹਿਬ, ਮੈਂਬਰ ਸਾਹਿਬ ਨੇ ਕਿਹਾ ਹੈ ਕਿ ਜੇ ਮੁੰਡੇ ਬਾਹਰ ਕੱਢੇ ਹੁੰਦੇ ਅਤੇ ਅਸੀਂ ਸਾਰੇ ਅੰਦਰ ਹੁੰਦੇ (ਵਿਘਨ)। ਚੇਅਰਮੈਨ ਸਾਹਿਬ, ਇਨ੍ਹਾਂ ਨੂੰ ਹਾਊਸ ਵਿਚ ਇਹ ਗੱਲ ਨਹੀਂ ਕਰਨੀ ਚਾਹੀਦੀ। ਪ੍ਰੈਸ ਵਾਲੇ ਬੈਠੇ ਹਨ, ਵਿਜ਼ਿਟਰਜ਼ ਬੈਠੇ ਹਨ ਅਤੇ ਹੋਰ ਸਾਰੇ ਬੈਠੇ ਹਨ। ਇਹ ਗੱਲ ਜਿਸ ਵੇਲੇ ਬਾਹਰ ਜਾਵੇਗੀ ਤਾਂ ਲੋਕ ਕੀ ਕਹਿਣਗੇ? ਅਜਿਹੀਆਂ ਗੱਲਾਂ ਕਰਨ ਨਾਲ ਹਾਊਸ ਦੀ ਪਵਿੱਤਰਤਾ, ਸੈਂਕਟਿਟੀ ਕੀ ਰਹੇਗੀ।

**ਸ੍ਰੀ ਸਭਾਪਤੀ**: ਬਾਦਲ ਸਾਹਿਬ, ਤੁਸੀਂ ਰੈਜ਼ੋਲਿਊਸ਼ਨ ਤੇ ਬੋਲੋ।

**ਸਰਦਾਰ ਗੁਰਦੇਵ ਸਿੰਘ ਬਾਦਲ** : ਇਨ੍ਹਾਂ ਨੂੰ ਗੁੱਸਾ ਲੱਗ ਗਿਆ ਕਿ ਇਨ੍ਹਾਂ ਨੂੰ ਅੰਦਰ ਦੇ ਰਹੇ ਹਨ। ਸਾਡੀਆਂ ਭੈਣਾਂ ਜੋਧਪੁਰ ਜੇਲ੍ਹ ਵਿਚ ਬੈਠੀਆਂ ਹਨ, ਇਨ੍ਹਾਂ ਨੂੰ ਅੰਦਰ ਦੇਣ ਨਾਲ ਕੀ ਹੋ ਜਾਵੇਗਾ। (ਥੰਪਿੰਗ) (ਵਿਘਨ) ਭੈਣ ਜੀ, ਮੇਰੇ ਕੋਲ ਮਸਾਲਾ ਬਹੁਤ ਹੈ। (ਵਿਘਨ)

Original with;
Punjab Vidhan Sabha
Digitized by;
Panjab Digital Library

ਮੈਂ ਅਰਜ਼ ਕਰ ਰਿਹਾ ਸੀ ਕਿ ਇਹ ਸਾਰਾ ਕਸੂਰ ਸੈਂਟਰ ਦਾ ਹੈ। ਸੈਂਟਰ ਨੇ ਸਾਡੇ ਨਾਲ ਮਤਰੇਈ ਮਾਂ ਵਾਲਾ ਸਲੂਕ ਕੀਤਾ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜੇ ਖੋਤੀ ਰੇਹੜੀ ਦਾ ਬੀਮਾ ਹੋ ਸਕਦਾ ਹੈ, ਰਿਕਸ਼ੇ ਦਾ ਬੀਮਾ ਹੋ ਸਕਦਾ ਹੈ ਤਾਂ ਫਿਰ ਫਸਲ ਦਾ ਬੀਮਾ ਕਿਉਂ ਨਹੀਂ ਹੋ ਸਕਦਾ। ਜੇ ਟਰੱਕ, ਬੱਸ ਦਾ ਬੀਮਾ ਹੋ ਸਕਦਾ ਹੈ, ਜੇ ਡਾਕਟਰ ਦਾ ਬੀਮਾ ਹੋ ਸਕਦਾ ਹੈ ਤਾਂ ਫਿਰ ਕੁਦਰਤੀ ਆਫਤਾਂ ਨਾਲ ਜਿਹੜਾ ਨੁਕਸਾਨ ਹੁੰਦਾ ਹੈ ਕਿਸਾਨ ਦੀ ਫਸਲ ਦਾ, ਉਸ ਦਾ ਬੀਮਾ ਕਿਉਂ ਨਹੀਂ ਹੋ ਸਕਦਾ। ਫਲੱਡ ਕੁਦਰਤੀ ਆਫਤ ਹੈ। ਸਾਡੇ ਲੁਧਿਆਣਾ ਵਿਚ ਮੈਂ ਸਮਝਦਾ ਹਾਂ ਕਿ ਫਲੱਡ ਦੇ ਨਾਲ ਫਸਲ ਮਾਰੀ ਜਾ ਰਹੀ ਹੈ। ਕੁਦਰਤੀ ਆਫਤਾਂ ਨਾਲ ਜੋ ਫਸਲ ਤਬਾਹ ਹੋਈ ਹੈ ਜਾਂ ਹੁੰਦੀ ਹੈ, ਉਸ ਦਾ ਪੂਰਾ ਮੁਆਵਜ਼ਾ ਸਰਕਾਰ ਨੂੰ ਦੇਣਾ ਚਾਹੀਦਾ ਹੈ। ਪੰਜਾਬ ਦੇ ਕਿਸਾਨ ਨੂੰ ਪੂਰਾ ਮੁਆਵਜ਼ਾ ਮਿਲਣਾ ਚਾਹੀਦਾ ਹੈ। ਕਿਸਾਨ ਖੂਨ ਪਸੀਨੇ ਦੀ ਕਮਾਈ ਕਰਦਾ ਹੈ। ਫਸਲ ਦੇ ਤਬਾਹ ਹੋ ਜਾਣ ਨਾਲ ਉਹ ਆਪਣੇ ਬੱਚਿਆਂ ਦੇ ਮੂੰਹ ਵਿਚ ਰੋਟੀ ਪਾਉਣ ਤੋਂ ਰਹਿ ਜਾਂਦਾ ਹੈ। ਜੇ ਸਰਕਾਰ ਮੱਦਦ ਨਾ ਕਰੇ ਤਾਂ ਕਿਸਾਨ ਥੱਲੇ ਨੂੰ ਜਾਵੇਗਾ। ਇਸ ਲਈ ਮੈਂ ਸਮਝਦਾ ਹਾਂ ਕਿ ਬਾਕੀ ਦੀਆਂ ਸਟੇਟਾਂ ਨਾਲੋਂ ਪੰਜਾਬ ਦੇ ਕਿਸਾਨ ਨੂੰ ਵੱਧ ਮੁਆਵਜ਼ਾ ਮਿਲਣਾ ਚਾਹੀਦਾ ਹੈ। ਪੰਜਾਬ ਦੇ ਕਿਸਾਨ ਨੇ ਆਪਣੀ ਮਿਹਨਤ ਨਾਲ ਅਨਾਜ ਪੈਦਾ ਕਰਕੇ ਰਿਕਾਰਡ ਤੋੜ ਦਿਤਾ ਹੈ ਪਰ ਜੇ ਉਸ ਦੀ ਫਸਲ ਕੁਦਰਤੀ ਆਫਤਾਂ ਨਾਲ ਤਬਾਹ ਹੋ ਜਾਵੇ ਤਾਂ ਉਸ ਨੂੰ ਪੂਰਾ ਮੁਆਵਜ਼ਾ ਨਹੀਂ ਮਿਲਦਾ। ਅੱਜ ਖਾਦਾਂ ਕਿੰਨੀਆਂ ਮਹਿੰਗੀਆਂ ਹੋ ਗਈਆਂ ਹਨ। ਖਰਚੇ ਕਿੰਨੇ ਵਧ ਗਏ ਹਨ। ਇਸ ਲਈ ਮੈਂ ਸਮਝਦਾ ਹਾਂ ਕਿ ਬਾਕੀ ਸਟੇਟਾਂ ਨਾਲੋਂ ਪੰਜਾਬ ਸਟੇਟ ਨੂੰ ਕਿਸਾਨਾਂ ਲਈ ਮੁਆਵਜ਼ਾ ਵੱਧ ਦੇਣਾ ਚਾਹੀਦਾ ਹੈ।

ਹੁਣ ਮੈਂ ਦੱਸਣਾ ਚਾਹੁੰਦਾ ਹਾਂ ਕਿ ਫਲੱਡ ਆਉਂਦੇ ਕਿਸ ਕਾਰਨ ਹਨ। ਇਹ ਜਿਹੜੀਆਂ ਡਰੇਨਾਂ ਹਨ, ਇਨ੍ਹਾਂ ਦੀ ਸਫਾਈ ਨਹੀਂ ਹੁੰਦੀ। ਡਰੇਨ ਦੇ ਉਤੇ ਜਿਥੇ ਪੁਲ ਹੁੰਦਾ ਹੈ ਉਥੇ ਤਾਂ ਡਰੇਨ ਦੀ ਮਹਿਕਮੇ ਵਾਲੇ ਸਫਾਈ ਕਰਕੇ ਵਿਖਾ ਦਿੰਦੇ ਹਨ ਪਰ ਬਾਕੀ ਡਰੇਨ ਸਾਰੀ ਸਾਫ ਨਹੀਂ ਕਰਦੇ। ਉਹ ਪੈਸਾ ਸਾਰੇ ਦਾ ਸਾਰਾ ਵਸੂਲ ਕਰ ਲੈਂਦੇ ਹਨ। ਪੁਲ ਦੇ ਲਾਗੇ ਸਫਾਈ ਕਰ ਦਿੰਦੇ ਹਨ ਪਰ ਉਸ ਤੋਂ ਅੱਗੇ ਸਫਾਈ ਨਹੀਂ ਕਰਦੇ। ਇਸ ਮਹਿਕਮੇ ਵਿਚ ਕੁਰੱਪਟ ਅਫਸਰ ਹਨ ਅਤੇ ਉਹ ਜਾਲ੍ਹੀ ਬਿੱਲ ਬਣਾਈ ਜਾਂਦੇ ਹਨ। ਇਸ ਲਈ ਸਾਡੀ ਸਰਕਾਰ ਨੂੰ ਉਨ੍ਹਾਂ ਨੂੰ ਸਖਤ ਤੋਂ ਸਖਤ ਸਜ਼ਾ ਦੇਣੀ ਚਾਹੀਦੀ ਹੈ। ਉਨ੍ਹਾਂ ਦੀ ਵਜ੍ਹਾ ਨਾਲ ਹੀ ਫਲੱਡ ਆਉਂਦੇ ਹਨ। ਜਿਹੜੇ ਕੁਰੱਪਸ਼ਨ ਕਰਦੇ ਹਨ ਉਨ੍ਹਾਂ ਨੂੰ ਸਜ਼ਾ ਮਿਲਣੀ ਚਾਹੀਦੀ ਹੈ ਫਿਰ ਫਲੱਡ ਆਉਣੇ ਬੰਦ ਹੋ ਸਕਦੇ ਹਨ। ਅਜੇ ਬਾਰਸ਼ਾਂ ਆਉਣੀਆਂ ਹਨ। ਡਰੇਨਾਂ ਹੁਣ ਹੀ ਉੱਛਲ ਰਹੀਆਂ ਹਨ। ਜਦੋਂ ਬਾਰਿਸ਼ਾਂ ਆਈਆਂ ਤਾਂ ਫਿਰ ਕੀ ਹਾਲ ਹੋਵੇਗਾ। ਇਸ ਲਈ ਡਰੇਨਾਂ ਦੀ ਹੁਣੇ ਤੋਂ ਸਫਾਈ ਕਰਨੀ ਚਾਹੀਦੀ ਹੈ। ਮੈਂ ਸਮਝਦਾ ਹਾਂ ਕਿ ਸਾਡੀ ਸਰਕਾਰ ਨੂੰ ਅੱਜ ਹੀ ਹੁਕਮ ਕਰ ਦੇਣਾ ਚਾਹੀਦਾ ਹੈ ਕਿ ਡਰੇਨਾਂ ਦੀ ਸਫਾਈ ਕੀਤੀ ਜਾਵੇ ਜੇ ਇਸ ਤਰ੍ਹਾਂ ਕੀਤਾ ਜਾਵੇ ਤਾਂ ਫਿਰ ਫਲੱਡ ਨਹੀਂ ਆਉਣਗੇ। ਸਾਡੇ ਲੁਧਿਆਣਾ ਵਿਚ ਬਹੁਤ ਭਾਰੀ ਨੁਕਸਾਨ ਹੋ ਰਿਹਾ ਹੈ। ਉਥੇ ਅੱਜ ਤੋਂ ਕੁਝ ਸਮਾਂ ਪਹਿਲਾਂ 90-91 ਦਿਨ ਫਲੱਡ ਨਾਲ ਪਾਣੀ ਆਇਆ ਜਿਸ ਨਾਲ ਫਸਲਾਂ ਤਬਾਹ ਹੋ ਗਈਆਂ। ਮੈਂ ਸਰਕਾਰ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਤਲੁਜ ਦਰਿਆ ਦੇ ਲਾਗੇ ਦੋ ਤਿੰਨ ਪਿੰਡ ਹਨ ਸਿਧਵਾਂ ਬੇਟ ਦੇ ਇਲਾਕੇ ਵਿਚ, ਉਹ ਫਲੱਡ ਨੇ ਢਾਹ ਦਿਤੇ। ਕਿਸਾਨਾਂ ਦੀਆਂ ਫਸਲਾਂ ਮਾਰੀਆਂ ਗਈਆਂ। ਬੜਾ ਨੁਕਸਾਨ ਹੋਇਆ। ਮੈਂ ਸਰਕਾਰ ਨੂੰ ਤਜਵੀਜ਼ ਦੇਣੀ ਚਾਹੁੰਦਾ ਹਾਂ ਕਿ ਹੁਣ ਜੋ ਕੋਟ ਉਮਰਾ ਪਿੰਡ ਕੋਲ ਸਰਕਾਰ ਨੇ ਬੰਧ ਨਾ ਲਾਇਆ, ਅਕਵਾਲ ਪਿੰਡ ਦੇ ਕੋਲ ਸਪਰ ਨਾ ਲਾਇਆ ਤਾਂ ਉਥੇ ਦੇ 7 ਪਿੰਡ ਹੜ੍ਹ ਨਾਲ ਮਾਰੇ ਜਾਣਗੇ। ਸਰਕਾਰ ਅੱਜ ਹੀ ਇਸ ਦਾ ਪ੍ਰਬੰਧ ਕਰੇ ਤਾਂਕਿ ਫਲੱਡ ਨਾਲ ਜਿਹੜਾ ਨੁਕਸਾਨ ਹੁੰਦਾ ਹੈ, ਉਹ ਬਚ ਸਕੇ ਅਤੇ ਫਲੱਡ ਨੂੰ

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਰਦੇਵ ਸਿੰਘ ਬਾਦਲ]

ਰੋਕਿਆ ਜਾ ਸਕੇ। ਉਥੇ ਗਰੀਬ ਲੋਕ ਰਹਿੰਦੇ ਹਨ। ਸਤਲੁਜ ਤੇ ਬੁੱਢੇ ਦਰਿਆ ਤੇ ਕੋਈ ਪੁਲ ਨਹੀਂ ਹੈ। ਉਥੇ ਹੜ੍ਹ ਆਉਂਦੇ ਹਨ। ਬੁੱਢੇ ਦਰਿਆ ਦੇ ਨਾਲੇ ਤੇ ਤੁਰੰਤ ਪੁਲ ਬਣਾਏ ਜਾਣ । ਇਸ ਕਰਕੇ, ਚੇਅਰਮੈਨ ਸਾਹਿਬ, ਮੈਂ ਆਪਣੀ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਇਨ੍ਹਾਂ ਫਲੱਡਾਂ ਨੂੰ ਰੋਕਣ ਵਾਸਤੇ ਅੱਜ ਤੋਂ ਹੀ ਕੋਈ ਬੰਦੋਬਸਤ ਕੀਤਾ ਜਾਵੇ ਤਾਂਕਿ ਜਿਹੜਾ ਪੰਜਾਬ ਦਾ ਕਿਸਾਨ ਹੈ ਉਸ ਨੂੰ ਆਉਣ ਵਾਲੀ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ। ਚੇਅਰਮੈਨ ਸਾਹਿਬ, ਮੈਂ ਤੁਹਾਡਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ ।

**ਸਰਦਾਰਨੀ ਜਗਦੀਸ਼ ਕੌਰ ਵੈਦ** (ਮਹਿਲਪੁਰ, ਐਸ. ਸੀ): ਚੇਅਰਮੈਨ ਸਾਹਿਬ, ਮੈਂ ਇਸ ਮਤੇ ਦੀ ਪ੍ਰੋੜ੍ਹਤਾ ਕਰਦੀ ਹਾਂ। (ਘੰਟਿਂਗ) ਸਾਡਾ ਤਕਰੀਬਨ ਹੁਸ਼ਿਆਰਪੁਰ ਦਾ ਸਾਰਾ ਏਰੀਆ ਚੋਆਂ ਨਾਲ ਘਿਰਿਆ ਹੋਇਆ ਹੈ, ਇਸ ਵਲ ਪੂਰਾ ਧਿਆਨ ਦੇ ਕੇ ਸਰਕਾਰ ਇਸ ਨੂੰ ਨੇਪਰੇ ਚਾੜ੍ਹੇ। ਚੋਆਂ ਵਿੱਚ ਹੜ੍ਹ ਆ ਕੇ ਜੋ ਕਿਸਾਨਾਂ ਦਾ ਨੁਕਸਾਨ ਹੁੰਦਾ ਹੈ, ਜੋ ਕਿਸਾਨਾਂ ਦੀਆਂ ਚੋਆਂ ਦੀ ਮਾਰ ਹੇਠ ਆ ਕੇ ਜ਼ਮੀਨਾਂ ਨਕਾਰਾ ਹੋ ਚੁੱਕੀਆਂ ਹਨ ਉਨ੍ਹਾਂ ਦਾ ਮੁਆਵਜ਼ਾ ਜੇ ਸਰਕਾਰ ਜ਼ਿਮੀਦਾਰਾਂ ਨੂੰ ਦੇਵੇ ਤਾਂ ਉਹ ਜ਼ਮੀਨਾਂ ਉਪਜਾਊ ਹੋ ਸਕਦੀਆਂ ਹਨ। ਸਰਕਾਰ ਉਨ੍ਹਾਂ ਜ਼ਿਮੀਦਾਰਾਂ ਨੂੰ ਮੁਆਵਜ਼ਾ ਦੇਵੇ ਤਾਂ ਜੋ ਬੇਅਬਾਦ ਜ਼ਮੀਨਾਂ ਆਬਾਦ ਹੋ ਸਕਣ ਅਤੇ ਜੋ ਗਰੀਬ ਜ਼ਿਮੀਦਾਰ ਹੈ ਉਸ ਨੂੰ ਰਾਹਤ ਮਿਲ ਸਕੇ। ਚੋਆਂ ਦੀ ਜੋ ਡੂੰਘਾਈ ਹੈ ਉਸ ਨੂੰ ਡੂੰਘਾ ਕੀਤਾ ਜਾਵੇ ਅਤੇ ਉਨ੍ਹਾਂ ਦੀ ਸਫ਼ਾਈ ਕੀਤੀ ਜਾਵੇ ਤਾਂ ਜੋ ਜ਼ਿਮੀਦਾਰਾਂ ਨੂੰ ਹੜ੍ਹਾਂ ਤੋਂ ਰਾਹਤ ਮਿਲ ਸਕੇ। ਚੋਆਂ ਨੂੰ ਪੱਥਰਾਂ ਦੇ ਬੰਨ੍ਹ ਲਾ ਕੇ ਹੜ੍ਹਾਂ ਤੋਂ ਰੋਕਿਆ ਜਾਵੇ ਤਾਂ ਕਿ ਆਉਣ ਵਾਲੀਆਂ ਬਰਸਾਤਾਂ ਵਿਚ ਹੜ੍ਹਾਂ ਦੀ ਰੋਕ ਲੱਗ ਸਕੇ। ਧੰਨਵਾਦ ।

**ਸਰਦਾਰ ਮਹਿੰਦਰ ਸਿੰਘ ਬਰਾੜ** (ਕੋਟਕਪੂਰਾ): ਚੇਅਰਮੈਨ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਵਾਸਤੇ ਟਾਈਮ ਦਿੱਤਾ ਹੈ। ਇਹ ਜਿਹੜਾ ਰੇਜ਼ੋਲਿਊਸ਼ਨ ਹਾਊਸ ਦੇ ਸਾਹਮਣੇ ਪੇਸ਼ ਕੀਤਾ ਗਿਆ ਹੈ, ਇਹ ਰੇਜ਼ੋਲਿਊਸ਼ਨ ਸਾਡੇ ਜ਼ਿਲ੍ਹਾ ਫਰੀਦਕੋਟ ਨਾਲ ਬਹੁਤ ਰਿਲੇਟਿਡ ਹੈ। ਸਾਡੇ ਜ਼ਿਲ੍ਹੇ ਵਿੱਚ ਸਭ ਤੋਂ ਵੱਧ ਨੁਕਸਾਨ ਹੁੰਦਾ ਹੈ। ਇਕ ਬਹੁਤ ਹੀ ਵਡੀ ਅਣਗਹਿਲੀ ਪਹਿਲੀ ਸਰਕਾਰ ਕਰਦੀ ਰਹੀ ਹੈ ਕਿ ਜਿਹੜਾ ਫਲੱਡ ਰਿਲੀਫ਼ ਵਾਲਿਆਂ ਦਾ ਬੋਰਡ ਬਣਿਆ ਹੋਇਆ ਹੈ ਉਸ ਬੋਰਡ ਦੀ 5 ਸਾਲਾਂ ਵਿੱਚ ਇਨ੍ਹਾਂ ਨੇ ਕੋਈ ਮੀਟਿੰਗ ਹੀ ਨਹੀਂ ਕਰਵਾਈ।

**ਪੰਡਿਤ ਸਰਵਣ ਰਾਮ ਮਨਸੋਵਾਲੀਆ**: ਆਨ ਏ ਪੁਆਇੰਟ ਆਫ਼ ਆਰਡਰ, ਸਰ। ਚੇਅਰਮੈਨ ਸਾਹਿਬ, ਹਾਊਸ ਦਾ ਟਾਈਮ ਐਕਸਟੈਂਡ ਕਰ ਦਿਓ ।

**ਸਰਦਾਰ ਮਹਿੰਦਰ ਸਿੰਘ ਬਰਾੜ**: ਚੇਅਰਮੈਨ ਸਾਹਿਬ, ਡੇਢ ਵਜਣ ਵਾਲਾ ਹੈ ਅਤੇ ਇਨ੍ਹਾਂ ਨੂੰ ਕਹੋ ਕਿ ਮੇਰਾ ਟਾਈਮ ਖ਼ਰਾਬ ਨਾ ਕਰਨ। ਮੈਂ ਬੇਨਤੀ ਕਰ ਰਿਹਾ ਸੀ ਕਿ ਉਸ ਬੋਰਡ ਦੀ 5 ਸਾਲਾਂ ਵਿੱਚ ਕੋਈ ਮੀਟਿੰਗ ਹੀ ਨਹੀਂ ਹੋਈ। ਫਲੱਡ ਦਾ ਮਾਮਲਾ ਤਿੰਨ ਮਹਿਕਮਿਆਂ ਨਾਲ ਕਨਸਰਨ ਕਰਦਾ ਹੈ—ਇਰੀਗੇਸ਼ਨ ਡੀਪਾਰਟਮੈਂਟ, ਲਾਈਨਿੰਗ ਨਾਲ ਅਤੇ ਡਰੇਨੇਜ ਡੀਪਾਰਟਮੈਂਟ ਨਾਲ ਪਰ ਇਨ੍ਹਾਂ ਦੀ ਆਪਸ ਵਿੱਚ ਕੋਆਰਡੀਨੇਸ਼ਨ ਨਹੀਂ, ਕੋਈ ਬੋਰਡ ਦੀ ਮੀਟਿੰਗ ਨਹੀਂ ਹੋਈ। ਡਰੇਨਾਂ ਦੀ ਸਫਾਈ ਨਾ ਹੋਣ ਕਾਰਨ ਪਾਣੀ ਵਿੱਚ ਰੁਕਾਵਟ ਆਉਂਦੀ ਹੈ ਅਤੇ ਜਿਸ ਦੇ ਨਾਲ ਫਸਲਾਂ ਦਾ ਬਹੁਤ ਨੁਕਸਾਨ ਹੁੰਦਾ ਹੈ। ਚੇਅਰਮੈਨ ਸਾਹਿਬ, ਮੈਂ ਬੋਰਡ ਦਾ ਮੈਂਬਰ ਹਾਂ ਔਰ ਮੈਨੂੰ ਪਤਾ ਹੈ ਕਿ ਕਿਸੇ ਵੀ ਡਰੇਨ ਦੀ ਪਿਛਲੇ 5 ਸਾਲ ਤੋਂ ਸਫਾਈ ਨਹੀਂ ਕਰਵਾਈ ਗਈ। ਕਿਸਾਨਾਂ ਦਾ ਇਤਨਾ ਨੁਕਸਾਨ ਹੋਇਆ ਹੈ ਜਿਹੜਾ ਪੂਰਾ ਨਹੀਂ ਕੀਤਾ ਜਾ ਸਕਦਾ। ਡਾਕਟਰ ਕੇਵਲ ਕ੍ਰਿਸ਼ਨ ਜੀ ਸਾਹਮਣੇ ਬੈਠੇ ਹਨ, ਇਹ ਦੱਸਣ ਕਿ ਕੀ ਕੋਈ ਬੋਰਡ ਦੀ ਮੀਟਿੰਗ ਹੋਈ ਹੈ ? ਬਿਲਕੁਲ ਕੋਈ ਮੀਟਿੰਗ ਨਹੀਂ ਹੋਈ। ਜਿਹੜਾ

Original with;
Punjab Vidhan Sabha
Digitized by;
Panjab Digital Library

ਨੁਕਸਾਨ, ਚੇਅਰਮੈਨ ਸਾਹਿਬ, ਹੜ੍ਹਾਂ ਨਾਲ ਜਾਂ ਦੂਸਰਾ ਹੋਇਆ ਉਸ ਦਾ ਜੋ ਮੁਆਵਜ਼ਾ ਦਿੱਤਾ ਗਿਆ ਹੈ ਉਹ ਵੀ ਬਹੁਤ ਘੱਟ ਮੁਆਵਜ਼ਾ ਦਿੱਤਾ ਗਿਆ ਹੈ। ਕਿਸਾਨ ਫਸਲ ਵਿੱਚ ਰੋਹ ਪਾਉਂਦਾ ਹੈ, ਮਿਹਨਤ ਮਜ਼ਦੂਰੀ ਕਰਦਾ ਹੈ, ਗਰਮੀ ਸਰਦੀ ਬਰਦਾਸ਼ਤ ਕਰਦਾ ਹੈ ਜੇ ਉਸ ਦੀ ਫਸਲ ਫਲੱਡ ਨਾਲ ਖ਼ਰਾਬ ਹੋ ਜਾਵੇ ਤਾਂ ਉਸ ਨੂੰ ਸੌ ਜਾਂ ਸਵਾ ਸੌ ਰੁਪਿਆ ਕਿੱਲਾ ਮੁਆਵਜ਼ਾ ਮਿਲਦਾ ਹੈ ਜਿਹੜਾ ਕਿ ਬਹੁਤ ਘੱਟ ਹੈ। 5 ਸਾਲ ਫਿਰ ਉਹ ਕਿਸਾਨ ਉਠ ਨਹੀਂ ਸਕਦਾ। ਸਾਡੇ ਇਲਾਕੇ ਵਿੱਚ ਇਕ ਰਾਮ ਸਰ ਤੋਂ ਡਰੇਨ ਮਤਾ ਜਾਂਦੀ ਹੈ ਉਸ ਵਲ ਕੋਈ ਧਿਆਨ ਨਹੀਂ ਦਿੱਤਾ ਗਿਆ ਉਹ ਤੇਜ਼ੀ ਨਾਲ ਬਣਾਉਣੀ ਚਾਹੀਦੀ ਹੈ। ਚੇਅਰਮੈਨ ਸਾਹਿਬ, ਇਹ ਤਾਂ ਡੀਜ਼ਲ ਹੀ ਵੇਚ ਦਿੰਦੇ ਹਨ ਇਨ੍ਹਾਂ ਦੇ ਅਫ਼ਸਰ ਤਾਂ, ਉਥੇ ਕੰਮ ਕੀ ਹੋਣਾ ਹੈ। ਮੈਂ ਪਰੂਫ ਦੇ ਸਕਦਾ ਹਾਂ ਕਿ ਕਿਥੇ ਕਿਥੇ ਤੇਲ ਵੇਚਿਆ ਗਿਆ। ਇਹ (ਕਾਂਗਰਸ ਪਾਰਟੀ ਵਲ ਇਸ਼ਾਰਾ) ਤਾਂ ਅਫਸਰਾਂ ਨਾਲ ਆਪ ਹੀ ਰਲੇ ਹੋਏ ਹਨ, ਇਨ੍ਹਾਂ ਦਾ ਅਫ਼ਸਰਾਂ ਨਾਲ ਹਿੱਸਾ ਪੱਤੀ ਹੈ, ਇਹ ਅਫ਼ਸਰਾਂ ਤੋਂ ਹਿੱਸਾ ਲੈਂਦੇ ਹਨ, ਕਿਸਾਨਾਂ ਨਾਲ ਇਨ੍ਹਾਂ ਦਾ ਕੋਈ ਲਗਾਓ ਨਹੀਂ। (ਥੰਪਿੰਗ) ਚੇਅਰਮੈਨ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਜੇ ਅਫ਼ਸਰਾਂ ਦਾ ਸੁਧਾਰ ਨਾ ਕੀਤਾ ਗਿਆ ਤਾਂ ਦੁਬਾਰਾ ਫਿਰ ਨੁਕਸਾਨ ਹੋ ਸਕਦਾ ਹੈ। ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਡਰੇਨਜ਼ ਦੀ ਸਫਾਈ ਜਲਦੀ ਕਰਵਾਈ ਜਾਵੇ। ਇਨ੍ਹਾਂ (ਕਾਂਗਰਸ ਪਾਰਟੀ ਵਲ ਇਸ਼ਾਰਾ) ਦੇ ਰਾਜ ਵਿੱਚ ਕਿਸੇ ਡਰੇਨ ਦੀ ਕੋਈ ਸਫ਼ਾਈ ਨਹੀਂ ਕੀਤੀ, ਕੋਈ ਕੰਮ ਨਹੀਂ ਕੀਤਾ ਗਿਆ, ਸਿਰਫ਼ ਕਾਗਜ਼ਾਂ ਵਿੱਚ ਹੀ ਸਭ ਕੁਝ ਦੱਸਿਆ ਗਿਆ ਹੈ। ਮੈਂ ਇਕ ਅਫ਼ਸਰ ਨੂੰ ਆਪਣੇ ਇਲਾਕੇ ਦੀ ਡਰੇਨ ਦੇ ਸਿਲਸਿਲੇ ਵਿੱਚ ਮਿਲਿਆ ਕਿ ਉਸ ਡਰੇਨ ਦੀ ਕੀ ਪੋਜ਼ੀਸ਼ਨ ਹੈ ਤਾਂ ਉਹ ਕਹਿਣ ਲਗਾ ਕਿ ਕਰੇਨ ਚਲੀ ਜਾਂਦੀ ਹੈ। ਮੈਂ ਕਿਹਾ ਕਿ ਫਿਰ ਦੇਰ ਕਾਹਦੀ ਹੈ, ਕਾਰ ਵਿਚ ਬੈਠ ਕੇ ਚਲੋ ਮੌਕਾ ਦੇਖ ਲਓ। ਤਾਂ ਉਹ ਕਹਿਣ ਲਗਾ ਕਿ ਕਰੇਨ ਬੰਦ ਪਈ ਹੈ, ਤੇਲ ਹੀ ਨਹੀਂ ਹੈ। ਇਹ ਤਾਂ, ਚੇਅਰਮੈਨ ਸਾਹਿਬ, ਪੋਜ਼ੀਸ਼ਨ ਸੀ ਇਨ੍ਹਾਂ ਦੇ ਵੇਲੇ ਦੀ। ਇਸ ਲਈ ਮੈਂ ਸਰਕਾਰ ਨੂੰ ਹੁਣ ਕਹਿਣਾ ਚਾਹੁੰਦਾ ਹਾਂ ਕਿ ਇਸ ਪਾਸੇ ਵਲ ਸਰਕਾਰ ਨੂੰ ਬਹੁਤ ਛੇਤੀ ਆਪਣਾ ਧਿਆਨ ਦੇਣਾ ਚਾਹੀਦਾ ਹੈ। ਫਲੱਡ ਦਾ ਕੋਈ ਪਤਾ ਨਹੀਂ, ਬਾਰਸ਼ਾਂ ਆਉਣ ਨਾਲ ਕੀ ਨੁਕਸਾਨ ਹੋ ਸਕਦਾ ਹੈ, ਇਸ ਲਈ ਇਸ ਵਲ ਜਲਦੀ ਧਿਆਨ ਦੇਣ ਦੀ ਲੋੜ ਹੈ। ਇੰਨ੍ਹਾਂ ਸ਼ਬਦਾਂ ਨਾਲ, ਚੇਅਰਮੈਨ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

**ਪੰਡਿਤ ਸਰਵਣ ਰਾਮ ਮਨਸੋਵਾਲੀਆ** : ਚੇਅਰਮੈਨ ਸਾਹਿਬ, ਇਹ ਇਕ ਅਹਿਮ ਰੈਜ਼ੋਲਿਊਸ਼ਨ ਹੈ, ਇਸ ਦਾ ਪੰਜਾਬ ਦੇ ਲੋਕਾਂ ਨਾਲ ਸਬੰਧ ਹੈ, ਮੈਂ ਕਹਾਂਗਾ ਕਿ ਹੁਣ ਇਹ ਮਤਾ ਪਾਸ ਹੋਣਾ ਚਾਹੀਦਾ ਹੈ।

**ਮਾਸਟਰ ਮੋਹਨ ਲਾਲ** (ਪਠਾਨਕੋਟ): ਚੇਅਰਮੈਨ ਸਾਹਿਬ, ਮੈਂ ਇਸ ਰੈਜ਼ੋਲਿਊਸ਼ਨ ਦੀ ਪ੍ਰੋੜਤਾ ਕਰਨ ਲਈ ਖੜਾ ਹੋਇਆ ਹਾਂ।

**ਡਾਕਟਰ ਕੇਵਲ ਕ੍ਰਿਸ਼ਨ**: ਆਨ ਏ ਪੁਆਇੰਟ ਆਫ਼ ਆਰਡਰ, ਸਰ। ਚੇਅਰਮੈਨ ਸਾਹਿਬ, ਹੁਣ ਇਹ ਰੈਜ਼ੋਲਿਊਸ਼ਨ ਪਾਸ ਕਰਨਾ ਚਾਹੀਦਾ ਹੈ। ਪੰਡਿਤ ਸਰਵਣ ਰਾਮ ਇਸ ਰੈਜ਼ੋਲਿਊਸ਼ਨ ਦੇ ਮੂਵਰ ਹਨ। ਘੜੀ ਵਿੱਚ ਡੇਢ ਵੱਜਣ ਨੂੰ 3-4 ਮਿੰਟ ਰਹਿ ਗਏ ਹਨ। ਜੋ ਮੈਂਬਰ ਸਾਹਿਬਾਨ ਬੋਲੇ ਹਨ ਉਨ੍ਹਾਂ ਸਾਰਿਆਂ ਮੈਂਬਰਜ਼ ਨੇ ਇਸ ਦੀ ਪ੍ਰੋੜਤਾ ਕੀਤੀ ਹੈ। ਇਸ ਲਈ ਇਸ ਰੈਜ਼ੋਲਿਊਸ਼ਨ ਨੂੰ ਪਾਸ ਕਰਾਓ।

**ਮਾਸਟਰ ਮੋਹਨ ਲਾਲ** : ਚੇਅਰਮੈਨ ਸਾਹਿਬ, ਜਿਹੜਾ ਰੈਜ਼ੋਲਿਊਸ਼ਨ ਪੰਡਿਤ ਸਰਵਣ ਰਾਮ ਜੀ ਨੇ ਰਖਿਆ ਹੈ ਮੈਂ ਉਸ ਰੈਜ਼ੋਲਿਉਸ਼ਨ ਦੀ ਪ੍ਰੋੜ੍ਹਤਾ ਕਰਨ ਲਈ ਖੜ੍ਹਾ ਹੋਇਆ ਹਾਂ। ਜਿਥੇ ਸੇਮ ਦੀ

Original with;
Punjab Vidhan Sabha
Digitized by;
Panjab Digital Library

[ਮਾਸਟਰ ਮੋਹਨ ਲਾਲ]

ਪ੍ਰਾਬਲਮ ਹੈ, ਵਾਟਰ-ਲਾਗਿੰਗ ਦੀ ਪ੍ਰਾਬਲਮ ਹੈ ਉਸ ਦੇ ਲਈ ਸਰਕਾਰ ਡੀਪ ਵੈੱਲਜ਼ ਲਗਾ ਸਕਦੀ ਹੈ, ਉਸ ਇਲਾਕੇ ਵਿੱਚ ਡੀਪ ਟਿਊਬਵੈੱਲਜ਼ ਲਗ ਸਕਦੇ ਹਨ। ਇਹ ਫਲੱਡਜ਼ ਹਰ ਸਾਲ ਆਉਂਦੇ ਹਨ ਅਤੇ ਹਰ ਸਾਲ ਹੀ ਇਸ ਗੱਲ ਦਾ ਰੌਲਾ ਪੈਂਦਾ ਹੈ ਕਿ ਫਲੱਡਜ਼ ਨਾਲ ਇਤਨੇ ਬੰਦੇ ਮਰ ਗਏ ਹਨ, ਇਤਨੇ ਪਸ਼ੂ ਮਰ ਗਏ ਹਨ, ਇਤਨੀ ਫਸਲ ਮਾਰੀ ਗਈ ਹੈ, ਇਸ ਲਈ, ਚੇਅਰਮੈਨ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਫਲੱਡਜ਼ ਜਿਹੜੇ ਆਉਂਦੇ ਹਨ ਉਨ੍ਹਾਂ ਦੇ ਆਉਣ ਤੋਂ ਪਹਿਲਾਂ ਪਹਿਲਾਂ ਹੀ ਜਲਦੀ ਤੋਂ ਜਲਦੀ ਕੋਈ ਸਕੀਮ ਉਨ੍ਹਾਂ ਦੇ ਰੋਕਣ ਵਾਸਤੇ ਬਣਾਈ ਜਾਵੇ ਤਾਂ ਕਿ ਆਉਣ ਵਾਲਾ ਖਤਰਾ ਦੂਰ ਹੋ ਸਕੇ। ਕੰਡੀ ਏਰੀਆ ਵਿੱਚ ਜਿਥੇ ਵਾਟਰ ਲਾਗਿੰਗ ਦੀ ਪ੍ਰਾਬਲਮ ਆਉਂਦੀ ਹੈ, ਗੁਰਦਾਸਪੁਰ ਦੇ ਇਲਾਕੇ ਵਿੱਚ ਖਾਸ ਤੌਰ ਤੇ ਇਹ ਪ੍ਰਾਬਲਮ ਹੈ, ਰਾਵੀ ਦਰਿਆ ਜੋ ਹੈ ਉਹ ਹੜ੍ਹਾਂ ਨਾਲ ਬਹੁਤ ਤਬਾਹੀ ਕਰਦਾ ਹੈ, ਉਸ ਨੇ ਫਸਲਾਂ ਦਾ ਤਹਿਸ ਨਹਿਸ ਕਰ ਦਿੱਤਾ ਹੈ। ਇਸ ਦੇ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਨੂੰ ਕਿਸੇ ਮਾਸਟਰ ਪਲੈਨ ਦੇ ਵਿੱਚ ਲਿਆ ਕੇ ਉਸ ਇਲਾਕੇ ਨੂੰ ਵਾਟਰ ਲਾਗਿੰਗ ਤੋਂ ਬਚਾਉਣਾ ਚਾਹੀਦਾ ਹੈ। ਮੈਂ ਇਸ ਰੈਜ਼ੂਲਿਊਸ਼ਨ ਦੀ, ਜੋ ਪੇਸ਼ ਕੀਤਾ ਹੈ, ਉਸ ਦੀ ਹੂ-ਬਹੂ ਤਾਈਦ ਕਰਦਾ ਹਾਂ। ਇਨ੍ਹਾਂ ਸ਼ਬਦਾਂ ਨਾਲ ਮੈਂ ਕਹਿਣਾ ਚਾਹੁੰਦਾ ਹਾਂ ਕਿ......

ਪੰਡਿਤ ਸਰਵਣ ਰਾਮ ਮਨਸੋਂਵਾਲੀਆ : ਸਾਰੇ ਹਾਊਸ ਦੀ ਰਾਏ ਹੈ ਕਿ ਇਸ ਰੈਜ਼ੋਲਿਊਸ਼ਨ ਨੂੰ ਪਾਸ ਕੀਤਾ ਜਾਵੇ। ਮੈਂ ਸਮਝਦਾ ਹਾਂ ਕਿ ਇਸ ਦੇ ਲਈ ਜਾਂ ਟਾਈਮ ਵਧਾ ਲਿਆ ਜਾਵੇ ਜਾਂ ਇਸ ਨੂੰ ਪਾਸ ਕੀਤਾ ਜਾਵੇ।

ਮਾਸਟਰ ਮੋਹਨ ਲਾਲ: ਹੜ੍ਹਾਂ ਨੇ ਬਹੁਤ ਜ਼ਿਆਦਾ ਨੁਕਸਾਨ ਕੀਤਾ ਹੈ। ਸਾਰੀਆਂ ਫਸਲਾਂ ਨੂੰ ਤਹਿਸ ਨਹਿਸ ਕੀਤਾ ਹੈ। ਬਿਨਾ ਕਿਸੇ ਹੀਲ ਹੁਜਤ ਦੇ ਇਸ ਰੈਜ਼ੋਲਿਊਸ਼ਨ ਨੂੰ ਪਾਸ ਕਰਨਾ ਚਾਹੀਦਾ ਹੈ।

**Mr. Chairman** : The House stands adjourned till 9.00 A.M. on Friday, the 14th March, 1986.

*1.30 P.M. (*The Sabha then *adjourned till* 9.00 *A.M. on Friday, the* 14*th March,* 1986).

Original with;
Punjab Vidhan Sabha
Digitized by;
Panjab Digital Library

APPENDIX

TO

PUNJAB VIDHAN SABHA DEBATES

**Dated 13th March, 1986**

Vol. II—No. 9

STARRED QUESTION AND ANSWER

**Corporations Running into losses**

*249. **Dr. Kewal Krishan :** Will the Chief Minister be pleased to state—

(a) the number and names of the Corporations in the State running into losses alongwith the reasons therefor ;

(b) the details of the steps taken by the Government for the improvement of the working of the said Corporations since 1st October, 1985, so that these may not suffer more losses, alongwith a copy of the instructions issued in this regard ?

**Sardar Balwant Singh (Finance Minister) :** As I mentioned in my speech presenting the Budget for the year 1986-87 to the House on the 10th March, 1986, several of the public undertakings in the State are incurring heavy losses, in effect constituting a steady and severe drain on the scarce resources of the State Government. The Government proposes to undertake a detailed study of all the undertakings and adopt appropriate measures for improving their efficiency and profitability. Wherever necessary, they will be merged or in extreme cases, even wound up.

A Statement containing the information sought by the Hon'ble Member is laid on the Table of the House.

**STATEMENT**

PART (a)

The names of the Corporations presently running into losses alongwith the major reasons therefor are as follows:—

1. **Punjab State Seeds Corporation.**

Due to change in the production and marketing policy at the national level and consequent accumulation of stocks which had to be disposed of by way of distress sales.

2. **Punjab State Civil Supplies Corporation.**

Due to delay in take over, rejection and payment at reduced rates on alleged ground of sub-standard quality, by the Food Corporation of India, of wheat procured by the Punjab State Civil Supplies Corporation, as also of damages to the stocks of wheat due to heavy rains/floods in the year 1985.

Original with;
Punjab Vidhan Sabha
Digitized by;
Panjab Digital Library

3. **Punjab State Electricity Board.**

Subsidised supply of electricity to the consumers at low rates.

4. **Punjab State Tubewell Corporation.**

Subsidised supply of water to the farmers at low rates as also non-recovery from the beneficiaries of the cost of lining of water courses.

5. **Punjab State Handloom and Textile Development Corporation.**

Engaged in development and promotional activities.

6. **Punjab State Hosiery and Knitwear Development Corporation.**

Engaged in development and promotional activities.

7. **PEPSU Road Transport Corporation.**

(i) Low Bus fare.

(ii) Concession to students and handicapped persons.

(iii) Operation on uneconomical routes.

(iv) Cuts in operation due to the law and order situation.

(v) Increase in prices of inputs such as Diesel, Tyres and Tubes.

(vi) Sanction of Additional Dearness Allowance to the members of the staff from time to time.

8. **Punjab Tourism & Development Corporation.**

Decrease in tourist traffic due to disturbed conditions in the State

9. **Punjab Film and News Corporation.**

(i) Night shows stopped due to the law and order situation in the State.

(ii) Social Objective of displaying children's films with resultant low returns.

10. **Punjab Women and Children Development and Welfare Corporation.**

Engaged in promotional and welfare activities.

11. **Punjab Ex-Servicemen Corporation.**

Engaged in promotional and welfare activities.

PART (b)

Copies of the following circulars, namely:—

(i) Circular No. 9 (20)84-FD (BPE)-SOIII/13699, dated the 9th September, 1985 issued by the Department of Finance (Bureau of Public Enterprises) addressed to the Chief Executives of the State Public Undertakings, with copies to the Chief Secretary, the Financial Commissioners and the Administrative Secretaries (Appendix I);

ii) Circular No. 1828-DFR-FD-85, dated the 19th December, 1985, issued by the Department of Finance (Directorate of Financial Resources and Economic Intelligence), addressed to the Chairman/the Managing Directors of the Public Undertakings, with copies to the Administrative Secretaries and the Heads of Departments concerned (Appendix II); and

(iii) U.O. Circular No. 17 (137) 84-FD (BPE)-SOIII, dated the 24th March, 1986, issued by the Department of Finance, Bureau of Public Enterprises addressed to the Chief Secretary, the Financial Commissioners and the Administrative Secretaries (Appendix III);
are enclosed.

Original with;
Punjab Vidhan Sabha
Digitized by;
Panjab Digital Library

# APPENDIX-I

**No. 9(20)84-FD(DPE)-SO.III/13699**

**GOVERNMENT OF PUNJAB**

DEPARTMENT OF FINANCE

**(Bureau of Public Enterprises)**

To

The Chief Executives of the Punjab State Public Undertakings.

Dated : Chandigarh the 9th September, 1985

*Subject*:—**Economy measures.**

Sir,

I am directed to say that since most of the State Public Undertakings are not showing any profits, it is necessary that economy in expenditure should be observed by these Undertakings. The following guidelines are suggested for consideration by the Board of Directors of the Undertakings:—

**(1) 5% Economy Cut:**

Provision made in the Budget for contingencies, travelling allowance and entertainment should be reduced to the minimum necessary and a saving of at least 5% should be effected.

**(2) Ban on Creation of Posts:**

A ban may be imposed on the creation of new posts, including upgradation of posts, save in exceptional circumstances.

An exercise should be undertaken to locate surplus staff in different Branches/Departments and they may be utilised in the areas in which they are required for the execution of corporate programme.

**(3) Grant of Additional perquisites to the employees.**

No new allowances or perquisites involving additional expenditure may be allowed to the employees unless the additonal expenditure can be met out of profits of the Undertakings.

**(4) Restriction on the use of Telephones.**

The expenditure on telephones and TELEX should be minimised. It is necessary to exercise strict control on the use of Subscriber Trunk Dialing facility, particularly at residence, which may be restricted to a few important telephone only, under the orders of the Board of Directors.

**(5) Purchase of Vehicles.**

Purchase of new vehicles should as far as possible be avoided. In exceptional cases, the prior approval of the Board of Directors should be obtained.

**(6) Tours outside the State.**

Staff cars should not be used outside the State, except by the Chief Executives or other important functionaries authorised by the Board of Directors.

**(7) Ban on Purchase of Furniture.**

There should be an absolute ban on the purchase of new items of decoration furniture etc., except where these are considered essential for functional improvement.

Original with;
Punjab Vidhan Sabha
Digitized by;
Panjab Digital Library

**(8) Control over Inventory.**

Holding inventories in excess of current requirements leads to uneconomical blocking of scarce funds, especially when working capital is raised by loans at heavy rate of interest. The inventory should therefore be kept at the minimum level. For this purpose, detailed scrutiny of all items of inventory may be undertaken and surplus stores be disposed of. The maximum limit of inventory during a financial year should be fixed with reference to actual requirements and this limit should not be exceeded under any circumstances.

**(9) Capital Expenditure.**

A detailed examination may be carried out in respect of various schemes and activities for which provision has been made in the Capital Budget, in order to assess the extent to which these can be rescheduled or postponed without adversely affecting the functioning of the enterprise.

2. Copies of the Memoranda for the consideration of these suggestions by the Board of Directors and of the decisions of the Board may be forwarded to the Administrative Department concerned, as also to the Department of Finance.

Sd/- Joint Secretary (K).

A copy each is forwarded to the Chief Secretary, the Financial Commissioners and the Administrative Secretaries to the Government of Punjab, for information and necessary action.

Sd/- Joint Secretary (K).

To

(i) The Chief Secretary,

(ii) The Financial Commissioners.

(iii) The Administrative Secretaries to the Government.

U.O. No. 9(20)84-FD(DPE)-SO. III, dated Chandigarh the 9th September, 1985.

Original with;
Punjab Vidhan Sabha
Digitized by;
Panjab Digital Library

# APPENDIX—II

No. 1828-DFR-FD-85/

## GOVERNMENT OF PUNJAB

## DEPARTMENT OF FINANCE

## (DIRECTORATE OF FINANCIAL RESOURCES AND ECONOMIC INTELLIGENCE)

Dated Chandigarh, the 19th December, 1985

To

The Chairman/Managing Director/Registrar,
Chandigarh.

Sub : Receipts under Major Head 050-Dividends as recommended by the Eighth Finance Commission.

Sir,

I am directed to refer to the recommendations of the Eighth Finance Commission regarding receipts under Major Head 050-Dividends as contained in paragraph 3.18 of its report (extract enclosed), wherein it has been observed that huge investment has been made by the State Governments in the form of share capital in various undertakings and that most of these undertakings are running in losses and hardly provide any return to the State Governments. This observation of the Eighth Finance Commission is correct in the case of Punjab as revealed by the following figures regarding the State Government's investment in various public sector/Co-operative undertakings and Dividends received from them for the period 1980-81 to 1984-85.

RECEIPTS UNDER 050—DIVIDENDS (Rs. in crores)

| Year | State Govt.'s investment as share capital | Returns as per norms fixed by the Eighth Finance Commission | Actual returns | Shortfall |
|---|---|---|---|---|
| | | A-PUBLIC SECTOR UNDERTAKINGS | | |
| 1980-81 | 77·73 | 2·13 | 1·93 | 0·20 |
| 1981-82 | 106·52 | 2·68 | 1·11 | 1·57 |
| 1982-83 | 111·46 | 3·01 | 1·30 | 1·71 |
| 1983-84 | 127·16 | 3·60 | 0·35 | 3·25 |
| 1984-85 | 141·67 | 4·00 | 0·59 | 3·41 |
| | | B-COOPERATIVE INSTITUTIONS | | |
| 1980-81 | 38·31 | 1·64 | 0·23 | 1·41 |
| 1981-82 | 50·03 | 2·16 | 0·07 | 2·09 |
| 1982-83 | 64·35 | 2·84 | 0·04 | 2·80 |
| 1983-84 | 77·59 | 3·45 | 0·53 | 2·92 |
| 1984-85 | 85·97 | 3·83 | 0·14 | 2·69 |

2. In order to ensure that these investments give a proper return to the State Government the Commission has recommended the following rates of minimum returns on the various types of Undertakings (other than the State Electricity Board and Road Transport Undertakings, which do not pay any dividend).

Original with;
Punjab Vidhan Sabha
Digitized by;
Panjab Digital Library

| A. Public Sector Undertakings | Minimum rate of return |
|---|---|
| 1. Promotional enterprises | Nil |
| 2. Financial Enterprises | 3 % |
| 3. Commercial Enterprises | 5 % |
| B. Cooperatives | |
| 1. Cooperative Banks, Land Development Banks, Credit Societies, Sugar Mills, Spinning Mills and other Industrial Corporations | 5 % |
| 2 Cooperative Societies engaged in processing, Ware-Housing Marketing, Housing activities and Consumer Societies | 3 % |

3. It is, therefore, requested that suitable steps may be taken to improve the profitability of the Undertakings under your control so that dividend from these Undertakings may accrue to the State Government as recommended by Eighth Finance Commission.

4. The steps taken/proposed to be taken may be reported to the Board of Directors/ the Administrative Department/ the Department of Finance.

Yours faithfully,
(Sd). . . ..
Joint Secretary Finance (B)

Endst No. 1828-DRF-FD-85/ Dated Chandigarh the December, 1985

A copy is forwarded to Secretary Government of Punjab for information and necessary action.

(Sd.) . . .,
Joint Secretary, Finance (B)

Endst. No. 1828-DRF-FD-85/ Dated, Chandigarh the December, 1985.

A copy is forwarded to the Director Government of Punjab for information and necessary action.

(Sd.) . . .,
Joint Secretary, Finance (B)

Endst. No. 1828-DRF-FD-85/ Dated, Chandigarh, the Dec, 1985

A copy is forwarded to the Director-cum-Special Secretary Bureau of Public Enterprises for information and necessary action.

(Sd.) . . .,
Joint Secretary, Finance (B)

Endst No. 1828-DRF-FD-85/ Dated, Chandigarh, the December, 1985

A copy is forwarded to the Joint Secretaries/Deputy Secretaries in the Department of Finance.

2. As per direction in para No. 4, the officers functioning as the nominees of the Department of Finance on the Board of Directors of the Corporations referred to in para No. 2-A may take specific steps to ensure that the issues are taken up as items of Agenda and the steps taken/proposed to be taken by the Corporation from time to time are reported to the Board of Directors, the Administrative Departments and the Department of Finance. In the cases in which the Finance Secretary is himself a Director, these instructions may be brought to his notice, whenever cases are put up to him for his use in meetings of the Board of Directors.

(Sd.) . . .,
Joint Secretary, Finance (B)

EXTRACT FROM REPORT OF THE EIGHTH FINANCE COMMISSION

**3.18 (ii) Dividend** :—The share capital investment of States (other than in the State Electricity Boards and in the State Road Transport Undertakings) have shown a

*Original with;*
Punjab Vidhan Sabha
*Digitized by;*
Panjab Digital Library

phenomenal increase over the period 1975—82. There were 432 undertakings having a turnover of Rs. 50 lakhs or more with a share capital of Rs. 596 crores at the end of 1975-76. As against this, there were 657 Undertakings (inclusive of those Undertakings having a turnover of less than Rs. 50 lakhs) with a share capital investment of Rs. 1 546 crores at the end of 1981-82.

Most of these concerns are running in losses and hardly provide a return to the State Governments. We cannot view this situation without concern. It is necessary to ensure that these investments give a proper return to the State Governments. We think that the principles adopted for the classification of the State Public Enterprises by the Seventh Finance Commission into three categories, namely, investments in promotional enterprises, investments in financial reasonable. We have also classified the enterprises on the same basis. We are not assuming any return from the investments in the promotiona Undertakings· The financial institutions are similar to banking institutions but with this difference that they have to promote the growth of industrial units in the States. Therefore, we have felt that a minimum return of 3 per cent from 1984-85, should be realised. In regard to commercial enterprises, we have no qualms in prescribing a minimum average rate of return of 5 per cent. In both cases, the dividend has been worked out on the estimated investment as at the end of 1983-84.

In regard to dividends payable by co-operatives a slightly different classification has been adopted. Investments in co-operative banks, including land development banks, credit societies, sugar mills, spinning mills and other industrial co-operatives should yield a minimum average return of 5 per cent. Investments in societies engaged in processing, warehousing, marketing and housing activities and consumers' societies should yield a minimum return of 3 per cent. We feel that investments in some of the co-operative institutions set up to promote the social policies of Government may not generally yield any return. Accordingly, for forecasting purposes, no dividend has been taken into account from the investments in dairy, farming and fishermen's societies, labour-co-operatives and co-operatives organised as part of the programme of Tribal Area Sub-Plan.

Original with;
Punjab Vidhan Sabha
Digitized by;
Panjab Digital Library

# APPENDIX-III

## GOVERNMENT OF PUNJAB

## DEPARTMENT OF FINANCE

## (BUREAU OF PUBLIC ENTERPRISES)

*Subject.*—(i) Submission of annual report on the working of the Public Undertakings.

(ii) Appointment of Chairmen, Chief Executives and Official Directors.

(iii) Constitution of Committees to review the functioning of Public Undertakings.

---

The Chief Secretary, the Financial Commissioners and the Administrative Secretaries to the Government are requested to submit to the Council of Ministers a report on the working of each Public Undertaking under their control once a year, within six months of the close of the year, including therein, *inter-alia* (to the extent relevant) the following aspects, namely :—

(i) Salient features of the Public Undertaking and its main divisions.

(ii) Production capacity and the financial as well as the physical targets for the last completed year.

(iii) The achievements made *vis*-a-*Siz* the targets under each of the main divisions.

(iv) Initiative taken to meet the shortfalls, if any, in the achievement of targets.

(v) Cost-benefit aspect.

(vi) Reasons for losses, if any.

(vii) Problems faced during the year, if any, and steps taken or proposed to be taken to resolve them.

(viii) Steps taken for the improvement of the Undertaking.

(ix) Year up to which Annual Accounts have been compiled and audited. If the Accounts are in arrears for more than one year, reasons may be stated, indicating the period by which these would be completed and steps being taken to expedite them.

(x) Last compiled balance sheet alongwith Trading as well as Profit and Loss Account.

(xi) Impact of the activities of the Undertaking on the State's economy, direc tly and indirectly.

(xii) Utilisation of the principal ingredients of production, viz., labour, materials and installed capacity in the case of Undertakings concerned with manufacturing activities, while in other cases, like transport and trading corresponding information relating to the factors relevant to each concern.

(xiii) Future plans for expansion/diversification.

(xiv) Particulars of Institutional finance availed of and its ratio to Share Capital.

(xv) Comparative figures of Profit/Loss during the last three years before/after charging depreciation.

2. In addition, the Administrative Department should add a separate critique, listing the various important issues, suggestions for improvement and other relevant observations. In the critique, the Administrative Department should give an overall view of the functioning of the Public Undertaking during the year, the efforts made by it in achieving the objectives/the targets fixed, the shortfalls and failures detected, remedial measures adopted and steps taken for improvement.

Original with;
Punjab Vidhan Sabha
Digitized by;
Panjab Digital Library

3. The role of the Chairmen and the Chief Executives of the Public Undertakings has been considered. It has been decided that :—

(i) in those cases in which non-officials have not been appointed as Chairmen—

(a) the Administrative Secretaries concerned should be the Chairmen of such strategic undertakings/parent companies as the Punjab State Industrial Development Corporation, the Punjab Agro Industries Corporation and the Punjab State Co-operative Marketing Federation ; and

(b) The Chief Executives of the parent companies should normally be appointed as the Chairmenof subsidiary companies/associate companies except where the number of such subsidiary companies/associate companies is large such as in case of PSIDC.

(ii) the Chief Executive should be selected with the utmost care and caution. Once appointed he should ordinarily be allowed to complete his prescribed tenure. Proposals for premature transfer should invariably be submitted to the Chief Minister before the issue of orders.

4. Representative of the various Government Departmentnsconcerned with activities of a particular Undertaking (including those of the Admi istrative Department/ the Directorate directly controlling the Undertaking and the Department ofFinance) should invariably be nominated on the Board of Directors of the Undertakings. While doing so, the professional and techn ical qualificaion of the officer being nominated, his background and his availability for serving ont the Board for a reasonable tenure should duly be taken into consideration.

5. They are also requeste to hold, at least once a quarter, peformance review meetings with the Chief Executives individually, to discuss and analyse the contents of the performance reports of the undertakings vis-a-vis targets laid down for each quarter. A representative of the Department of Finance may also be associated with such meetings. Agenda for the meeting may be got prepared and forwarded to all the participants well in time and the minutes recorded for proper follow-up-action.

6. Further, with a view to proving the profitability of the Undertakings, it is necessary that the woring of the Pnblic Undertakings is reviewded at least once a yea by a Commttee headed by the Mnister-in-Charge. For this purpose, it has been decided to constitute a Committee with the composition :—

| | | |
|---|---|---|
| (i) | Minister-in-Charge | .. Chairman |
| (ii) | Administrative Secretary concerned | .. Vice-Chairman |
| (iii) | Head of Department concerned | .. Member |
| (iv) | Representative of the Department of Finance | .. Member |
| (v) | Representative of the Department of Planning | .. Member |
| (vi) | Chief Executive of the Undertaking | .. Member |
| (vii) | Joint/Deputy Secretary of the Administrative Department concerned | .. Member-Secretary |

This Committee may examine all aspects of the working of the Undertakingss anddevise measures for its improvement. Compliance of the decisions taken by this Committee may be presented to the Council of Ministers in the form of a Memorandum, within three months of the review.

This circular is being issued with the approval of the Council of Ministers.

(Sd.) . . .,

Director-cum-Special Secretary,
Bureau of Public Enterprises,
Institutional Finance and Banking.

Original with;
Punjab Vidhan Sabha
Digitized by;
Panjab Digital Library

To

(i) the Chief Secretary ;

(ii) the Financial Commissioners ; and

(iii) the Administrative Secretaries to the Government.

U.O.No. 17(137)84-FD(BPE)-SOIII/ dated Chandigarh the

A copy is forwarded to the Secretary to the Council of Ministers, Department of General Administration, Government of Punjab, Chandigarh.

(Sd.) . . .

Director-cum-Special Secretary,
Bureau of Public Enterprises,
Institutional Finance and Banking.

INTERNAL DISTRIBUTION

(1) Finance Codification Branch.

(2) Finance Expenditure Branches (I) to (VII).

21773 PVS— Govt. Press U.T., Chandigarh.

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

Chief Reporter
Punjab Vidhan Sabha
Chandigarh

©1987

Published under the authority of the Punjab Vidhan Sabha and printed by the Controller, Government Press, Chandigarh.

Original with;
Punjab Vidhan Sabha
Digitized by;
Panjab Digital Library